



ਵਰਿਆਮ
ਨਵੰਬਰ-੨੦੧੭
੪੩ਵਾਂ ਸਾਲ
ਪ੍ਰਕਾਸ਼ : ਕੱਤਕ ਸੁਦੀ ਇਕਾਦਸ਼ੀ
੮ ਮੱਘਰ ੧੯੭੭ ਬਿਕ੍ਰਮੀ
੨੨ ਨਵੰਬਰ ੧੯੨੦ ਈ.
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਵਿਸ਼ੇਸ਼ ਅੰਕ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ
ਅਤੇ ਮਾਤਾ ਚੰਦ ਕੌਰ ਜੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਸ਼ੇਸ਼ ਅੰਕ



ਵਰਿਆਮ ਦਾ ਇਹ ਅੰਕ ਬਾਨੀ ਸੰਪਾਦਕ
ਸੰਤ ਜਗਦੀਸ਼ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ
ਬਖਸ਼ੀਸ਼ ਕੌਰ ਦੀ ਯਾਦ ਨੂੰ ਵੀ ਸਮਰਪਿਤ ਹੈ।


ਗੁਰੂ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਸਤਿਗੁਰੂ ਜਗਜੀਤ ਸਿੰਘ ਜੀ











ਸੰਗੀਤ ਸਮਰਾਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤਕਾਰਾਂ ਨੂੰ ਨਿਵਾਜਦੇ ਹੋਏ।









ਸ੍ਰੀ ਸਤਿਗੁਰੂ ਜਗਜੀਤ ਸਿੰਘ ਦਾ ਅਧਿਆਤਮਕ ਪਹਿਲੂ



ਜਗਦੀਸ਼ ਸਿੰਘ ਵਰਿਆਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ 'ਚ





ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਤਿਗੁਰੂ ਉਦੈ ਸਿੰਘ ਜੀ ਅਤੇ ਪਰਵਾਰ ਨੂੰ ਅਸ਼ੀਰਵਾਦ









ਅੱਸੂ ਦੇ ਮੇਲੇ 2017 ਦੇ ਅਵਸਰ ਤੇ ਸਟੇਜ ਤੇ ਸੁਸ਼ੋਭਿਤ ਸ੍ਰੀ ਸਤਿਗੁਰੂ ਉਦੇ ਸਿੰਘ



ਵੱਖ-ਵੱਖ ਉਘੀਆਂ ਸ਼ਖਸੀਅਤਾਂ ਸ੍ਰੀ ਸਤਿਗੁਰੂ ਉਦੇ ਸਿੰਘ ਪਾਸੋਂ ਸਨਮਾਨ ਪ੍ਰਾਪਤ ਕਰਦ ਹੋਏ।



ਮਾਤਾ ਗੁਰਸ਼ਰਨ ਕੌਰ ਜੀ ਲੰਗਰ ਦਾ ਨਿਰੀਖਣ ਕਰਦੇ ਹੋਏ।

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।



ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ
੧੪ਵੇਂ ਪਾਵਨ ਪ੍ਰਕਾਸ਼ ਪੁਰਬ ਦੀ ਸਮੂਹ ਪ੍ਰਭੂ ਭਗਤਾਂ, ਮਨੁੱਖਤਾ ਅਤੇ
ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ

ਲੱਖ ਲੱਖ ਵਧਾਈ



ਸ੍ਰੀ ਸਤਿਗੁਰੂ ਉਦੈ ਸਿੰਘ ਜੀ
ਪੈਟਰਨ, ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ ਸੁਸਾਇਟੀ



ਸੰਤ ਜਗਤਾਰ ਸਿੰਘ ਜੀ
ਚੇਅਰਮੈਨ, ਸ੍ਰੀ ਗੁਰੂ ਹਰੀ ਸਿੰਘ
ਮਹਾਂਵਿਦਿਆਲਾ ਸੁਸਾਇਟੀ

ਵੱਲੋਂ ਪ੍ਰਬੰਧਕ ਕਮੇਟੀ, ਸਟਾਫ਼ ਅਤੇ ਵਿਦਿਆਰਥੀ

ਸ੍ਰੀ ਗੁਰੂ ਹਰੀ ਸਿੰਘ ਕਾਲਜ

ਸ੍ਰੀ ਜੀਵਨ ਨਗਰ, ਜ਼ਿਲ੍ਹਾ ਸਿਰਸਾ ਫੋਨ: 01698 – 272224, 271825



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

KULDIP, GURDARSHAN & FAMILY

It has been an absolute pleasure and an honour to have spent 53 years in Sri Satguru Jagjit Singh ji's

Pavitar Charans


ਸਰਬ ਕਲਾ ਸਮਰਥ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 98ਵੇਂ ਪਾਵਨ ਪ੍ਰਕਾਸ਼ ਪੁਰਬ ਦੀਆਂ ਸਮੂਹ ਸਿੱਖ, ਨਾਮਧਾਰੀ, ਪ੍ਰਭੂ ਭਗਤਾਂ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਲੱਖ ਲੱਖ ਵਧਾਈਆਂ





Healing Hands Specialist Physiotherapy
Aromatherapy Reiki Treatment & Stress, Counselling

Healing Hands 17 Manor Road, Donington-We-Heath
Coalville Le67 2FU Tel : + 441530452981, +447702611134



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ

ਅਮ੍ਰਿਤਪਾਲ ਸਿੰਘ ਫਲੌਰਾ ਅਤੇ ਪਰਿਵਾਰ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।


ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ
98ਵੇਂ ਪਾਵਨ ਪ੍ਰਕਾਸ਼ ਪੁਰਬ ਦੀ ਸਮੂਹ ਪ੍ਰਭੂ ਭਗਤਾਂ, ਮਨੁੱਖਤਾ ਅਤੇ
ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ

ਲੱਖ ਲੱਖ ਵਧਾਈ



ਸ. ਹਰਭਜਨ ਸਿੰਘ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਇੱਕ ਪ੍ਰਜੈਕਟ ਬਾਰੇ ਜਾਣਕਾਰੀ ਦਿੰਦੇ ਹੋਏ





ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।
ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ
੯੪ਵੇਂ ਪਾਵਨ ਪ੍ਰਕਾਸ਼ ਪੁਰਬ ਦੀ ਸਮੂਹ ਪ੍ਰਭੂ ਭਰ:ਤਾਂ, ਮਨੁੱਖਤਾ ਅਤੇ
ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ
ਲੱਖ ਲੱਖ ਵਧਾਈ
ਜਿਨ੍ਹਾਂ ਦੇ ਇੰਗਲੈਂਡ ਦੇ ਪਹਿਲੇ ਦੌਰੇ ਦਾ ਇਹ
ਪੰਜਾਵਾਂ ਸਾਲ ਹੈ
ਨਾਮਧਾਰੀ ਸਿੱਖ ਸੰਗਤ ਯੂ.ਕੇ
NAMDHARI SIKH SANGAT U.K.

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਸਰਬ ਕਲਾ ਸਮਰਥ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੧੪ਵੇਂ ਪਾਵਨ ਪ੍ਰਕਾਸ਼ ਪੁਰਬ ਦੀਆਂ
ਸਮੂਹ ਸਿੱਖ,ਨਾਮਧਾਰੀ, ਪ੍ਰਭੂ ਭਗਤਾਂ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ

ਲੱਖ ਲੱਖ ਵਧਾਈਆਂ

ਯਾਦਗਾਰੀ ਪਲ



ਉਸਤਾਦ ਵਿਲਾਇਤ ਖਾਂ — ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ — ਉਸਤਾਦ. ਹਰਭਜਨ ਸਿੰਘ



ਮਾਤਾ ਚੰਦ ਕੌਰ ਜੀ — ਆਸਾ ਸਿੰਘ



ਅਵਨਿੰਦਰ ਸਿੰਘ — ਸ੍ਰੀ ਸਤਿਗੁਰੂ ਉਦੇ ਸਿੰਘ ਜੀ



ਉਸਤਾਦ ਹਰਭਜਨ ਸਿੰਘ ਤੱਤਕਾਲੀਨ ਉਪ ਰਾਸ਼ਟਰਪਤੀ ਡਾ. ਹਾਮਿਦ ਅੰਸਾਰੀ ਤੋਂ ਸਾਹਿਤ ਨਾਟਕ ਅਕੈਡਮੀ ਸਨਮਾਨ (2011) ਪ੍ਰਾਪਤ ਕਰਦੇ ਹੋਏ।

ਉਸਤਾਦ ਹਰਭਜਨ ਸਿੰਘ
ਦਿੱਲੀ, ਯੂ.ਕੇ



ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਸਾਰੇ ਜਗਤ ਨੂੰ ਲੱਖ-ਲੱਖ ਵਧਾਈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾਸ ਉਪਰ
ਬੇਅੰਤ ਕਿਰਪਾ ਕਰਦੇ ਹੋਏ ਸਿਰੋਪਾ ਬਖਸ਼ ਰਹੇ ਹਨ।
ਹਾਜ਼ਰ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ
ਵੀ ਬਖਸ਼ਿਸ਼ ਕਰ ਰਹੇ ਹਨ।

ਸ੍ਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਨਾਲ ਹੇਠ ਲਿਖੀਆਂ CDs, MP3, DVDs & Blu-ray ਤਿਆਰ ਹਨ ।
ਪਵਿੱਤਰ ਉਪਦੇਸ਼ - ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ।
ਗੁਰਬਾਣੀ - ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ, ਨਾਮਧਾਰੀ ਨਿਤਨੇਮ, ਹੁਕਮਨਾਮੇ ਪਾ: ੧੨ ।
ਸੰਗੀਤ - ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਜ਼ੂਰੀ ਰਾਗੀ, ਕੀਰਤਨ, ਆਸਾ ਦੀ ਵਾਰ, ਵਾਰਾ, ਦੀਵਾਨ, ਵਿਖਿਆਨ, ਸੰਗੀਤ ਮੇਲੇ, ਤੰਤੀ ਸਾਜ, ਕਵੀ ਦਰਬਾਰ, ਕਵੀਸ਼ਰੀ, ਕਥਾ ਅਤੇ ਬਹੁਤ ਹੋਰ।

Sri Satguru Jagjit Singh Ji E-library
Gurbani on YouTube – Search for AGGSxx where xx is between 00 & 56 for complete Gurbani recital with text.
Nitnem on YouTube – Search for Namdhari Nitnem for 28 banis recital with text from Namdhari Gutka.

For further information - please visit
www.namdhari-music.co.uk email - kirpalchana@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੀਆਂ ਹਾਰਦਿਕ ਵਧਾਈਆਂ



srisatgurujagjitsingh.com
namdhari-world.com
kukasikhs.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ੯੮ਵੇਂ ਪਾਵਨ ਪ੍ਰਕਾਸ਼ ਪੁਰਬ ਦੀ ਸਮੂਹ ਪ੍ਰਭੂ ਭਰਾਤਾਂ, ਮਨੁੱਖਤਾ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਲੱਖ-ਲੱਖ ਵਧਾਈ



on the occasion of 98th Pious Prakash Utsav of

SATGURU JAGJIT SINGH JI



MAGNIFICIENT VIEW OF THE BUILDING



TROPHIES WON

27 Students scored above 90% in Class XII

SPORTS: *Winners at Zonal Level Tournaments in Badminton, Hockey and Taekwondo.*

WINNERS OF JUNIOR AND SENIOR: *Modernites Inter School Invitation Hockey Tournaments-2016.*

FINALISTS: *Nehru Dhyan Chand and SNBP (Pune) All India Hockey Tournaments-2017.*

MUSIC: *1st in Zonal, District and State Level Instrument Playing.*
1st in Gurbani Kirtan Competition at Greater Kailash Gurdwara.

AND WITH THE BENEVOLENT BLESSINGS OF SATGURU UDAY SINGH JI MANY MORE GLORIOUS ACHIEVEMENTS.

SHAHEED BISHAN SINGH MEMORIAL SR. SEC. SCHOOL

E-213 MANSAROVER GARDEN, NEW DELHI-110015, Phone: 25455010, 41421862

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।


ਸਰਬ ਕਲਾ ਸਮਰਥ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੯੮ਵੇਂ ਪਾਵਨ ਪ੍ਰਕਾਸ਼ ਪੁਰਬ ਦੀਆਂ
ਸਮੂਹ ਸਿੱਖ, ਨਾਮਧਾਰੀ, ਪ੍ਰਭੂ ਭਗਤਾਂ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ

ਲੱਖ ਲੱਖ ਵਧਾਈਆਂ





ਵੱਲੋਂ :- ਪਰਿਵਾਰ ਸੰਤ ਭਗਤ ਸਿੰਘ ਸੱਗੂ, ਮਾਤਾ ਸੰਤ ਕੌਰ (ਸਿਰਸਾ ਹਰਿਆਣਾ)











ਵਰਿਆਮ

ਨਵੰਬਰ - ੨੦੧੭

ਜਿਲਦ-੪੩

ਅੰਕ- ੧

ਬਾਨੀ ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'
ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

ਸੰਪਾਦਕ : ਡਾ. ਰਜਵੰਤ ਕੌਰ
ਮੋਬਾਇਲ : 98786-16996,
98143-18720

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARYAM
ਲਾਡੋਵਾਲੀ ਰੋਡ	
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town, Jalandhar-144001
ਫੋਨ-:੦੧੮੧- ੨੨੨੨੫੪੩	Ph.:0181-2222543 (O)

ਵਰਿਆਮ ਦੇ ਦਰ

ਇਹ ਅੰਕ	੨੫-੦੦
ਸਲਾਨਾ ਚੰਦਾ	੨੫੦-੦੦
ਪੰਜ ਸਾਲ ਲਈ	੧੦੦੦-੦੦
ਜੀਵਨ ਮੈਂਬਰ	੨੫੦੦-੦੦
ਵਿਦੇਸ਼ ਲਈ ਹਵਾਈ ਡਾਕ ਰਾਹੀਂ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ)

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

WARIAM Current A/C No.
071300 5500 288 342
RTGS/NEFT IFS CODE : PUNB0071300
Punjab National Bank Ladowali Road, Jal. City

ਈ-ਮੇਲ ਪਤਾ :
jagdishsinghwariam@gmail.com
drrajwant@gmail.com

ਨਿੱਘੀਆਂ ਯਾਦਾਂ





-ਸ੍ਰੀ ਸਤਿਗੁਰੂ ਉਦੈ ਸਿੰਘ ਜੀ

> *ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੁਆਰਾ ਲਿਖਿਆ ਇਹ ਲੇਖ ਡਾ. ਸ਼ਾਰਦਾ ਜਯਾ ਗੋਵਿੰਦ ਦੁਆਰਾ ਲਿਖੀ ਪੁਸਤਕ "A SAGA OF SATGURU JAGJIT SINGH JI" ਵਿਚ "REFLECTION" ਨਾਂ ਹੇਠ ਪ੍ਰਕਾਸ਼ਿਤ ਹੋਇਆ ਹੈ। ਅਸੀਂ ਸਤਿਗੁਰੂ ਜੀ ਦੀ ਪ੍ਰਵਾਨਗੀ ਨਾਲ ਵਰਿਆਮ ਦੇ ਪਾਠਕਾਂ ਲਈ ਇਸ ਲੇਖ ਦਾ ਪੰਜਾਬੀ ਅਨੁਵਾਦ ਪੇਸ਼ ਕਰ ਰਹੇ ਹਾਂ।*
>
> **-ਸੰਪਾਦਕ**

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਜਦੋਂ ਮੈਂ ਆਪਣੇ ਜੀਵਨ 'ਤੇ ਝਾਤ ਪਾਉਂਦਾ ਹਾਂ ਅਤੇ ਵਿਚਾਰਦਾ ਹਾਂ, ਮੈਂ ਦੋ ਨਤੀਜਿਆਂ ਤੇ ਪਹੁੰਚਦਾ ਹਾਂ। ਪਹਿਲਾ ਇਹ ਕਿ ਇਕ ਇਲਾਹੀ ਸ਼ਕਤੀ ਮੇਰੇ ਆਪਣੇ ਵਿਚਾਰਾਂ ਅਤੇ ਯੋਜਨਾਵਾਂ ਤੋਂ ਹਟ ਕੇ ਚੁੱਪਚਾਪ ਮੇਰੀ ਰਹਿਨੁਮਾਈ ਕਰਦੀ ਰਹੀ। ਦੂਜਾ ਇਹ ਕਿ ਇਹ ਇਲਾਹੀ ਸ਼ਕਤੀ ਹੋਰ ਕੋਈ ਨਹੀਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹਨ।

ਮੇਰੇ ਲਈ ਗੁਰਬਾਣੀ ਦੇ ਇਨ੍ਹਾਂ ਸ਼ਲੋਕਾਂ ਵਿਚ ਬਹੁਤ ਸੱਚਾਈ ਹੈ-

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜ੍ਹਾ ਜੀਉ॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ॥
ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ॥

ਮੈਂ ਆਪਣੇ ਆਪ ਨੂੰ ਬਹੁਤ ਭਾਗਾਂ ਵਾਲਾ ਸਮਝਦਾ ਹਾਂ ਕਿ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਯੁਗ ਵਿਚ ਪੈਦਾ ਹੋਇਆ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਫਲਸਫ਼ੇ ਦਾ ਸ਼ੁੱਧ ਰੂਪ ਵਿਚ ਪ੍ਰਚਾਰ ਕੀਤਾ। ਸਤਿਗੁਰੂ ਜੀ ਸਦਾ ਹੀ ਨਾਮ ਸਿਮਰਨ ਵਿਚ ਲੀਨ ਰਹਿੰਦੇ ਸਨ ਅਤੇ ਉਹ ਸੱਚ ਦਾ ਸਾਰ ਸਨ। ਉਨ੍ਹਾਂ ਨੇ ਅਣਥਕ ਸੇਵਾ ਕੀਤੀ। ਬਿਨਾਂ ਕਿਸੇ ਸ਼ਰਤ ਤੇ ਪਿਆਰ ਅਤੇ ਦਇਆ ਕੀਤੀ। ਅਤੇ ਸ਼ਾਂਤੀ ਦਾ ਸਮਰਥਨ ਕੀਤਾ। ਉਹ ਆਪਣੇ ਸਾਰੇ ਜੀਵਨ ਕਾਲ ਵਿਚ ਇੰਨੇ ਸੰਤੁਸ਼ਟ ਸੀ ਕਿ ਉਹ ਹਮੇਸ਼ਾ ਅਨੰਦ ਦੀ ਅਵਸਥਾ ਵਿਚ ਰਹਿੰਦੇ ਸਨ। ਉਹ ਗੁਰਬਾਣੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਵਿਚ ਕਿਰਿਆਸ਼ੀਲ ਰਹਿੰਦੇ ਸਨ ਅਤੇ ਇਸਦੇ ਸਿਧਾਂਤਾਂ ਅਤੇ ਰੀਤਾਂ ਨੂੰ ਵੀ ਇਨ੍ਹਾਂ ਨੇ ਵਧਾਇਆ। ਉਹ ਹਉਮੈ, ਕ੍ਰੋਧ, ਈਰਖਾ, ਮੋਹ ਅਤੇ ਹੋਰ ਦੁਨੀਆਵੀ ਵਿਕਾਰਾਂ ਤੋਂ ਦੂਰ ਰਹੇ।

ਸਤਿਪੁਰਖ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥

ਜਿਸਨੇ ਪਰਮਾਤਮਾ ਨੂੰ ਪਾ ਲਿਆ ਹੈ, ਉਹੀ ਸੱਚਾ ਸਤਿਗੁਰੂ ਹੈ। ਸਤਿਗੁਰੂ ਦੀ ਸੰਗਤ ਵਿਚ ਪਰਮਾਤਮਾ ਦੇ ਗੁਣ ਗਾਉਂਦੇ ਹੋਏ ਸਿੱਖਾਂ ਦਾ ਵੀ ਉਧਾਰ ਹੋ ਜਾਂਦਾ ਹੈ।

ਸ੍ਰੀ ਜੀਵਨ ਨਗਰ ਅਤੇ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਹਮਣੇ ਹੀ ਮੈਂ ਵੱਡਾ ਹੋਇਆ। ਉਸ ਸਮੇਂ ਮੈਂ ਕਦੀ ਇਹ ਮਹਿਸੂਸ ਹੀ ਨਹੀਂ ਕੀਤਾ ਸੀ ਕਿ ਮੈਂ ਕਿੰਨਾ ਵਡਭਾਗੀ ਹਾਂ। ਉਹ ਜਦੋਂ ਵੀ ਮੈਨੂੰ ਬੇਟਾ ਕਹਿ ਕੇ ਬੁਲਾਉਂਦੇ ਇਸਦੀ ਮਹਤੱਤਾ ਮੇਰੀ ਸਮਝ ਤੋਂ ਪਰੇ ਸੀ। ਉਨ੍ਹਾਂ ਨੇ ਮੇਰੇ ਉਪਰ ਐਨਾ ਪਿਆਰ ਬਰਸਾਇਆ ਕਿ ਮੈਂ ਅਵਚੇਤਨ ਅਵਸਥਾ ਵਿੱਚ ਹੌਲੀ-ਹੌਲੀ ਉਹਨਾਂ ਦੇ ਨੂਰ ਵੱਲ ਖਿੱਚਿਆ ਚਲਿਆ ਗਿਆ।

ਸਤਿਗੁਰੂ ਜੀ ਅਕਸਰ ਮੈਨੂੰ ਆਪਣੇ ਨਾਲ ਆਪਣੇ ਦੌਰਿਆ ਤੇ ਲੈ ਜਾਂਦੇ ਸਨ। ਜਦੋਂ ਮੈਂ ਉਸ ਸਮੇਂ ਨੂੰ ਯਾਦ ਕਰਦਾ ਹਾਂ ਤੇ ਮਹਿਸੂਸ ਕਰਦਾ ਹਾਂ ਕਿ ਉਹ ਕਿੰਨੀ ਖ਼ੂਬਸੂਰਤੀ ਅਤੇ ਖੁਸ਼ੀ ਨਾਲ ਥਾਂ ਬਦਲੀ ਦੀਆਂ ਪ੍ਰਸਥਿਤੀਆਂ ਵਿਚ ਆਪਣੇ ਆਪ ਨੂੰ ਢਾਲ ਲੈਂਦੇ ਸਨ। ਬਹੁਤ ਵਾਰੀ ਇੰਝ ਹੁੰਦਾ ਸੀ ਕਿ ਜਿਨ੍ਹਾਂ ਘਰਾਂ

ਵਿਚ ਉਹ ਕਿਰਪਾ ਕਰਦੇ ਸਨ ਉਹ ਬਹੁਤ ਦੂਰ ਪਿੰਡਾਂ ਵਿਚ ਹੁੰਦੇ ਸਨ। ਕਈਆਂ ਘਰਾਂ ਦੀਆਂ ਤੇ ਛੱਤਾਂ ਵੀ ਘਾਹ ਫੂਸ ਦੀਆਂ ਹੁੰਦੀਆਂ ਸਨ ਅਤੇ ਕਈ ਘਰ ਮੂਲ ਸੁਖ ਸੁਵਿਧਾਵਾਂ ਤੋਂ ਵਾਂਝੇ ਸਨ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਉਨ੍ਹਾਂ ਸਾਹਮਣੇ ਆਪਣੀਆਂ ਦੁਖ ਤਕਲੀਫਾਂ ਰੱਖਦੀ। ਉਹ ਹਰ ਵਿਅਕਤੀ ਨਾਲ ਜੁੜੇ ਰਹਿੰਦੇ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦੂਰ ਕਰਦੇ। ਇਸ ਤਰ੍ਹਾਂ ਉਹ ਜਦੋਂ ਸਭ ਤੇ ਕਿਰਪਾ ਕਰਦੇ, ਉਹ ਹਮੇਸ਼ਾ ਖੁਸ਼ ਰਹਿੰਦੇ ਭਾਵੇਂ ਕਿਹੋ ਜਿਹੀਆਂ ਵੀ ਪ੍ਰਸਥਿਤੀਆਂ ਹੋਣ। ਉਨ੍ਹਾਂ ਦੀ ਹਜ਼ੂਰੀ ਸੰਗਤਾਂ ਨੂੰ ਇਨ੍ਹਾਂ ਅਨੰਦ ਦਿੰਦੀ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ।

ਦੌਰਿਆਂ ਦੇ ਦੌਰਾਨ ਦਿਨ ਦੀ ਸ਼ੁਰੂਆਤ ਅੰਮ੍ਰਿਤ ਵੇਲੇ ਤਿੰਨ ਚਾਰ ਵਜੇ ਤੋਂ ਆਸਾ ਦੀ ਵਾਰ ਦੇ ਕੀਰਤਨ ਅਤੇ ਨਾਮ ਸਿਮਰਨ ਤੋਂ ਸ਼ੁਰੂ ਹੁੰਦੀ। ਇਸ ਤੋਂ ਬਾਅਦ ਉਹ ਲਗਾਤਾਰ ਸਫਰ ਕਰਦੇ, ਘਰਾਂ ਵਿਚ ਚਰਣ ਪਾਉਂਦੇ ਅਤੇ ਸਾਧ ਸੰਗਤ ਨੂੰ ਖੁਸ਼ੀਆਂ ਬਖਸ਼ ਕੇ 10-11 ਵਜੇ ਬਿਰਾਜ ਜਾਂਦੇ। ਉਨ੍ਹਾਂ ਦੀ ਹਾਜ਼ਰੀ ਹੀ ਇਕ ਅਜਿਹੀ ਊਰਜਾ ਦਾ ਪ੍ਰਸਾਰ ਕਰਦੀ ਸੀ ਕਿ ਸਧਾਰਨ ਲੋਕ ਵੀ ਕਦੇ ਥੱਕਿਆ ਮਹਿਸੂਸ ਨਹੀਂ ਕਰਦੇ ਸਨ। ਜੇਕਰ ਉਹ ਇਨ੍ਹਾਂ ਦੌਰਿਆਂ ਤੋਂ ਜਲਦੀ ਵਾਪਿਸ ਆ ਜਾਂਦੇ ਤਾਂ ਉਹ ਸੰਗੀਤ (ਜੋ ਕਿ ਉਨ੍ਹਾਂ ਦਾ ਜਨੂੰਨ ਸੀ) ਵਿਚ ਲੀਨ ਹੋ ਜਾਂਦੇ।

ਮੈਨੂੰ ਯਾਦ ਹੈ ਕਿ ਮੈਂ ਜਦੋਂ ਵੀ ਸਤਿਗੁਰੂ ਜੀ ਨੂੰ ਮੱਥਾ ਟੇਕਣਾ, ਬੜੀ ਵਾਰੀ ਮਾਤਾ ਚੰਦ ਕੌਰ ਜੀ ਵੀ ਉੱਥੇ ਹੁੰਦੇ। ਆਮ ਤੌਰ ਤੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਕਿਸੇ ਹੋਰ ਨੂੰ ਮੱਥਾ ਟੇਕਣ ਦੀ ਰੀਤ ਨਹੀਂ ਹੈ। ਪਰ ਸਤਿਗੁਰੂ ਜੀ ਨੇ ਹਮੇਸ਼ਾਂ ਮੈਨੂੰ ਕਹਿਣਾ, "ਕੀ ਤੂੰ ਆਪਣੀ ਮਾਂ ਨੂੰ ਮਿਲਿਆ?" ਅਤੇ ਅਕਸਰ ਕਹਿਣਾ, "ਜਾਉ ਅਤੇ ਆਪਣੀ ਮਾਂ ਦੇ ਪੈਰੀ ਹੱਥ ਲਾਉ।" ਮਾਤਾ ਜੀ ਨੇ ਨਿਰਸਵਾਰਥ ਸੇਵਾ ਕੀਤੀ ਜੋ ਕਿ ਉਨ੍ਹਾਂ ਦੇ ਜੀਵਨ ਦਾ ਕੇਂਦਰ ਬਿੰਦੂ ਸੀ। ਬਚਪਨ ਦੀਆਂ ਯਾਦਾਂ ਵਿਚ ਮੈਂ ਮਾਤਾ ਜੀ ਨੂੰ ਸਦਾ ਪੰਥ ਦੇ ਸੇਵਾ ਕਾਰਜਾਂ ਵਿਚ ਰੁਝੇ ਹੋਏ ਦੇਖਿਆ। ਭਾਵੇਂ ਉਸਾਰੀ ਦੇ ਕੰਮ ਦੀ ਦੇਖ ਰੇਖ ਕਰਨੀ ਹੋਵੇ, ਲੰਗਰ ਬਣਾਉਣ ਵਿਚ ਮਦਦ ਕਰਨੀ ਹੋਵੇ, ਭਾਂਡੇ ਮਾਂਜਣੇ ਜਾਂ ਮੇਲਿਆਂ ਅਤੇ ਹੋਰ ਸਮਾਗਮਾਂ ਦੌਰਾਨ ਪਰਸ਼ਾਦੇ ਬਣਾਉਣੇ ਹੋਣ। ਉਹ ਸਦਾ ਹੀ ਸੇਵਾ ਕਾਰਜਾਂ ਵਿਚ ਲੱਗੇ ਰਹਿੰਦੇ। ਇਹੀ ਸੇਵਾ ਦਾ ਜਜ਼ਬਾ ਹੋਰ ਹਜ਼ਾਰਾਂ ਲੋਕਾਂ ਨੂੰ ਸੇਵਾ ਕਰਨ ਲਈ ਪ੍ਰੇਰਿਤ ਕਰਦਾ। ਉਹ ਸਾਦਗੀ ਨਾਲ ਰਹਿੰਦੇ ਸਨ, ਜਿਵੇਂ ਕਿ ਸਤਿਗੁਰੂ ਜੀ ਚਾਹੁੰਦੇ ਸਨ। ਉਨ੍ਹਾਂ ਨੇ ਇਕ ਨਿਰਸਵਾਰਥ ਜ਼ਿੰਦਗੀ ਬਤੀਤ ਕੀਤੀ ਅਤੇ ਸਾਰਿਆਂ ਨੂੰ ਮਾਂ ਦਾ ਪਿਆਰ ਦਿੱਤਾ। ਮਾਤਾ ਜੀ ਦਾ ਪੰਥ ਵਾਸਤੇ ਦਿੱਤਾ ਯੋਗਦਾਨ ਅਤੇ ਕੁਰਬਾਨੀ ਹਮੇਸ਼ਾਂ ਯਾਦ ਰਹੇਗੀ।

ਸਭ ਤੋਂ ਪਹਿਲੀ ਮਹੱਤਵਪੂਰਨ ਜ਼ਿੰਮੇਂਵਾਰੀ ਜਿਹੜੀ ਸੱਚੇ ਪਾਤਸ਼ਾਹ ਨੇ ਮੈਨੂੰ ਦਿੱਤੀ ਉਹ ਸੀ ਗੋਲਾ ਗੋਕਰਨਨਾਥ ਉੱਤਰ ਪ੍ਰਦੇਸ ਵਿਚ ਫਾਰਮ ਬਣਾਉਣ ਦੀ। ਮੈਂ ਉਸ ਸਮੇਂ ਸਿਰਫ 20 ਸਾਲ ਦਾ ਸੀ ਅਤੇ ਮੈਨੂੰ ਫਾਰਮ ਬਣਾਉਣ ਦਾ ਕੋਈ ਤਜਰਬਾ ਵੀ ਨਹੀਂ ਸੀ। ਮੈਂ ਉਸ ਦੂਰ ਦੁਰਾਡੀ ਥਾਂ ਤੇ ਜਾਣ ਦਾ ਇਛੁੱਕ ਵੀ ਨਹੀਂ ਸੀ ਜਿੱਥੇ ਸੀਮਿਤ ਸੁਵਿਧਾਵਾਂ ਸਨ ਅਤੇ ਨੇੜਲੇ ਸ਼ਹਿਰ ਜਾਣ ਲਈ ਸਵਾਰੀ ਤੇ ਇਕ ਘੰਟਾ ਲਗਦਾ ਸੀ। ਸਾਡੀ ਚੰਗੀ ਕਿਸਮਤ ਨਾਲ ਅਸੀਂ ਉਸ ਮਾਹੌਲ ਵਿਚ ਪਲੇ ਹਾਂ, ਜਿੱਥੇ ਸਤਿਗੁਰੂ ਜੀ ਤੇ ਪੱਕਾ ਵਿਸ਼ਵਾਸ ਸੀ ਅਤੇ ਉਨ੍ਹਾਂ ਦਾ ਹੁਕਮ ਨਾ ਮੰਨਣ ਦਾ ਕੋਈ ਸਵਾਲ ਹੀ ਨਹੀਂ ਸੀ। ਮੈਂ ਜ਼ਿੰਮੇਵਾਰੀ ਲਈ ਅਤੇ ਗੋਲਾ ਗੋਕਰਨਨਾਥ ਵਲ ਤੁਰ ਪਿਆ।

ਸਤਿਗੁਰੂ ਜੀ ਨੇ ਮੈਨੂੰ ਕਦੇ ਵੀ ਇਕੱਲਾਪਣ ਮਹਿਸੂਸ ਨਹੀਂ ਹੋਣ ਦਿੱਤਾ। ਉਹ ਸਮੇਂ ਸਮੇਂ ਸਿਰ ਫਾਰਮ ਤੇ ਆਉਣ ਦੀ ਕਿਰਪਾ ਕਰਦੇ ਰਹੇ। ਉਨ੍ਹਾਂ ਦੇ ਨਾਲ ਸੰਗੀਤਕਾਰਾਂ ਸਮੇਤ ਹੋਰ ਬਹੁਤ ਸਾਰੀ ਸੰਗਤ ਹੁੰਦੀ ਸੀ। ਫਾਰਮ ਦੇ ਨੇੜੇ ਦੀ ਨਾਮਧਾਰੀ ਸੰਗਤ ਵੀ ਆ ਜਾਂਦੀ ਅਤੇ ਸਤਿਗੁਰੂ ਜੀ ਦੇ ਇਲਾਹੀ ਦਰਸ਼ਨ ਕਰਦੀ। ਉਨ੍ਹਾਂ ਨੇ ਸਾਡੇ ਲਈ ਇਕ ਸਾਦਗੀ ਭਰਪੂਰ ਅਤੇ ਸੰਜਮੀ ਜੀਵਨ ਜਿਉਣ ਦੀ ਮਿਸਾਲ ਕਾਇਮ ਕੀਤੀ। ਉਹ ਬਾਕੀ ਸਿੱਖਾਂ ਦੇ ਨਾਲ ਫਾਰਮ ਤੇ ਕੰਮ ਕਰਨ ਜਿਵੇਂ ਕਿ ਗੰਨਾ ਬੀਜਣ ਵਿਚ ਹਿਚਕਚਾਉਂਦੇ ਨਹੀਂ ਸਨ। ਸਤਿਗੁਰੂ ਜੀ ਭਾਵੇਂ ਬੈਲ ਗੱਡੀ ਵਿਚ ਸਫ਼ਰ ਕਰਨ ਜਾਂ ਮਹਿੰਗੀ ਕਾਰ ਵਿਚ, ਉਹ ਇਕੋ ਜਿਹਾ ਹੀ ਅਨੰਦ ਮਹਿਸੂਸ ਕਰਦੇ ਸਨ। ਇਸ ਸਾਦਗੀ ਅਤੇ ਨਿਮਰਤਾ ਦੇ ਨਾਲ-ਨਾਲ ਗੁਰਬਾਣੀ ਅਤੇ ਨਾਮ ਸਿਮਰਨ ਉਨ੍ਹਾਂ ਦਾ ਮੁੱਖ ਨੇਮ ਸੀ। ਉਨ੍ਹਾਂ ਦੀ ਇਕ ਉਪਸਥਿਤੀ ਨੇ ਹੀ ਇਸ ਅਵਿਕਸਤ ਜਗਾਹ ਵਿਚ ਇਕ ਬਦਲਾਅ ਲੈ ਆਂਦਾ। ਸਤਿਗੁਰੂ ਜੀ ਦੀ ਕਿਰਪਾ ਸਦਕਾ ਚਾਰ ਸਾਲਾਂ ਵਿਚ ਇਹ ਗੋਲਾ ਫਾਰਮ ਇਕ ਮਾਡਲ ਫਾਰਮ ਬਣ ਗਿਆ ਅਤੇ ਆਲੇ-ਦੁਆਲੇ ਦੇ ਕਿਸਾਨਾਂ ਲਈ ਇਕ ਮਾਪਦੰਡ ਬਣ ਗਿਆ।

ਇਨ੍ਹਾਂ ਚਾਰ ਸਾਲਾਂ ਦੇ ਅੰਤ ਵਿਚ ਸਤਿਗੁਰੂ ਜੀ ਨੇ ਮੈਨੂੰ ਗੋਲਾ ਗੋਕਰਨਨਾਥ ਵਿਖੇ ਹੋਲਾ ਮੁਹੱਲੇ ਦਾ ਆਯੋਜਨ ਕਰਨ ਲਈ ਕਿਹਾ ਜੋ ਕਿ ਬਹੁਤ ਵੱਡਾ ਯੱਗ ਹੁੰਦਾ ਹੈ। ਇਥੇ ਨਾਮਧਾਰੀਆਂ ਦੀ ਬਹੁਤ ਵੱਡੀ ਗਿਣਤੀ ਹੁੰਦੀ ਹੈ। ਅਜੇ ਤਕ ਇਹ ਹਰਿਆਣਾ ਅਤੇ ਪੰਜਾਬ ਵਿਚ ਹੀ ਮਨਾਇਆ ਜਾਂਦਾ ਸੀ, ਜਿਥੇ ਜ਼ਿਆਦਾਤਰ ਸੰਗਤ ਰਹਿੰਦੀ ਹੈ। ਉੱਤਰ ਪ੍ਰਦੇਸ਼ ਵਿਚ ਐਨੇ ਵੱਡੇ ਸੰਮੇਲਨ ਦਾ ਆਯੋਜਨ ਕਰਨਾ ਇਕ ਬਹੁਤ ਵੱਡੀ ਚੁਣੌਤੀ ਸੀ। ਹਜ਼ਾਰਾਂ ਦੀ ਗਿਣਤੀ ਵਿਚ ਆਈ ਸੰਗਤ ਦੇ ਰਹਿਣ ਅਤੇ ਲੰਗਰ ਦਾ ਇੰਤਜ਼ਾਮ ਕਰਨਾ ਸੀ। ਲੁਧਿਆਣਾ ਤੋਂ ਇਕ ਵਿਸ਼ੇਸ਼ ਰੇਲ ਗੱਡੀ ਚਲਾਈ ਗਈ ਅਤੇ ਹੋਰ ਵੀ ਆਲੇ ਦੁਆਲੇ ਦੇ ਇਲਾਕੇ ਵਿਚੋਂ ਵੀ ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਸੰਗਤ ਗੋਲਾ ਗੋਕਰਨਨਾਥ ਵਿਖੇ ਆ ਕੇ ਜੁੜ ਗਈ। ਉਸ ਸਮੇਂ ਇਸ ਇਲਾਕੇ ਦਾ ਸਿੱਖਾਂ ਦਾ ਇਹ ਸਭ ਤੋਂ ਵੱਡਾ ਇਕੱਠ ਸੀ। ਇਥੋਂ ਦੇ ਰਹਿਣ ਵਾਲਿਆਂ ਨੇ ਇਸ ਤੋਂ ਪਹਿਲਾਂ ਕਦੀ ਵੀ ਸਿੱਖਾਂ ਦੇ ਐਨੇ ਵੱਡੇ ਇਕੱਠ ਅਤੇ ਵਿਸ਼ਾਲ ਪ੍ਰਬੰਧ ਨੂੰ



ਨਹੀਂ ਵੇਖਿਆ ਸੀ।

ਆਖਿਰੀ ਦਿਨ ਗਿਆਨੀ ਜ਼ੈਲ ਸਿੰਘ ਜੀ (ਤਤਕਾਲੀਨ ਗ੍ਰਹਿ ਮੰਤਰੀ) ਅਤੇ ਰਾਜੀਵ ਗਾਂਧੀ ਜੀ ਮੇਲੇ 'ਤੇ ਆਏ ਅਤੇ ਸਤਿਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ। ਭਾਰਤ ਦੇ ਇਸ ਅਵਿਕਸਤ ਅਤੇ ਦੂਰ ਦੁਰਾਡੇ ਇਲਾਕੇ ਵਿਚ ਐਨੇ ਵੱਡੇ ਸੰਮੇਲਨ ਦੀ ਮੇਜ਼ਬਾਨੀ ਅਤੇ ਆਯੋਜਨ ਕਰਨ ਦੀ ਹਿੰਮਤ ਅਤੇ ਕਾਬਲੀਅਤ ਰੱਖਣਾ ਸਿਰਫ ਸਤਿਗੁਰੂ ਜੀ ਦੀ ਕਿਰਪਾ ਸਦਕਾ ਹੀ ਸੰਭਵ ਹੋ ਸਕਿਆ।

ਇਸ ਸ਼ਾਨਦਾਰ ਸਮਾਗਮ ਦੇ ਆਯੋਜਨ ਅਤੇ ਫਾਰਮ ਬਣਾਉਣ ਦੀ ਸਫ਼ਲਤਾ ਤੋਂ ਬਾਅਦ ਸਤਿਗੁਰੂ ਜੀ ਨੇ ਇਕਦਮ ਮੈਨੂੰ ਕਰਨਾਟਕ 'ਚ ਬਿੜਦੀ ਵਿਖੇ ਨਾਮਧਾਰੀ ਫਾਰਮ ਜਾਣ ਦਾ ਹੁਕਮ ਦਿੱਤਾ। ਸਤਿਗੁਰੂ ਜੀ ਦਾ ਵਿਹਾਰ ਬੜਾ ਰਹੱਸਮਈ ਹੁੰਦਾ ਸੀ। ਕੋਈ ਵੀ ਇਨ੍ਹਾਂ ਦੇ ਇਸ ਦ੍ਰਿਸ਼ਟੀਕੋਣ ਦੀ ਡੂੰਘਾਈ ਨੂੰ ਨਹੀਂ ਸਮਝ ਸਕਿਆ। ਜਦੋਂ ਉਨ੍ਹਾਂ ਨੇ ਮੈਨੂੰ ਜਾਣ ਦਾ ਹੁਕਮ ਦਿੱਤਾ, ਬਹੁਤ ਸਾਰੇ ਸਿੱਖਾਂ ਨੂੰ ਇਹ ਸਮਝ ਨਾ ਆਈ ਕਿ ਅਸੀਂ ਉਪਜਾਊ ਅਤੇ ਪਾਣੀ ਦੀ ਬਹੁਤਾਤ ਵਾਲੀ ਜ਼ਮੀਨ ਨੂੰ ਛੱਡ ਕੇ ਉਜਾੜ ਜ਼ਮੀਨ ਜਿੱਥੇ ਕਿ ਸਿੰਚਾਈ ਦਾ ਵੀ ਕੋਈ ਇੰਤਜਾਮ ਨਹੀਂ ਹੈ, ਕਿਉਂ ਜਾ ਰਹੇ ਹਾਂ।

ਮੈਂ 1982 ਦੀ ਬਸੰਤ ਤੇ ਬਿੜਦੀ ਚਲਾ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਮੇਰੇ ਲਈ ਸਭਿਆਚਾਰਕ ਤੌਰ ਤੇ ਅਤੇ ਭੂਗੋਲਿਕ ਤੌਰ ਤੇ ਇਹ ਬਹੁਤ ਵੱਡੀ ਤਬਦੀਲੀ ਸੀ। ਇਸ ਨਾਲ ਖੇਤੀਬਾੜੀ ਵਿਚ ਬਿਲਕੁਲ ਹੀ ਅਲਗ ਕਿਸਮ ਦੀਆਂ ਚੁਣੌਤੀਆਂ ਸਾਹਮਣੇ ਆਈਆਂ। ਗੌਲੇ ਦੇ ਮੁਕਾਬਲੇ ਜ਼ਮੀਨ ਬੰਜਰ ਸੀ ਅਤੇ ਕੁਦਰਤੀ ਪਾਣੀ ਦੀ ਮਾਤਰਾ ਵੀ ਬਹੁਤ ਘੱਟ ਸੀ। ਇਸ ਤੋਂ ਇਲਾਵਾ ਉੱਥੇ ਬੋਲੀ ਦੀ ਵੀ ਸਮੱਸਿਆ ਸੀ, ਭਾਵੇਂ ਕੁਝ ਸਿੱਖ ਜੋ ਕਿ ਪਹਿਲਾਂ ਉੱਥੇ ਚਲੇ ਗਏ ਸੀ, ਥੋੜ੍ਹੀ ਬਹੁਤੀ ਬੋਲੀ ਸਿੱਖ ਗਏ ਸਨ। ਦੂਜੀ ਵੱਡੀ ਚੁਣੌਤੀ ਉੱਥੇ ਆਦਮੀਆਂ ਦੀ ਘਾਟ ਸੀ ਕਿਉਂਕਿ ਬਹੁਤ ਸਾਰੇ ਨਾਮਧਾਰੀ ਸਿੱਖ ਉਥੇ ਇਨ੍ਹਾਂ ਚੁਣੌਤੀਆਂ ਅਤੇ ਸਹੂਲਤਾਂ ਦੀ ਘਾਟ ਕਰਕੇ ਰਹਿਣ ਨੂੰ ਤਿਆਰ ਨਹੀਂ ਸਨ। ਲੰਗਰ ਵਿਚ ਰਸਦ ਦੀ ਵੀ ਕਮੀ ਹੋ ਜਾਂਦੀ ਸੀ। ਕੁਲ ਮਿਲਾ ਕੇ ਸਾਰਾ ਵਾਤਾਵਰਨ ਬਹੁਤ ਹੀ ਨਿਰਾਸ਼ ਕਰਨ ਵਾਲਾ ਸੀ। ਜਦੋਂ ਮੈਂ ਬਿੜਦੀ ਪਹੁੰਚਿਆ, ਮੇਰੇ ਪਿਤਾ ਜੀ ਮਹਾਰਾਜ ਬੀਰ ਸਿੰਘ ਜੀ ਜੋ ਮੇਰੇ ਤੋਂ ਪਹਿਲਾਂ ਫਾਰਮ ਦਾ ਪ੍ਰਬੰਧ ਦੇਖ ਰਹੇ ਸਨ, ਉਨ੍ਹਾਂ ਨੇ ਫਾਰਮ ਨੂੰ ਵੇਚਣ ਦਾ ਫੈਸਲਾ ਕਰ ਲਿਆ ਸੀ। ਉਹ ਮੇਰੀ ਸੁਰੱਖਿਆ ਲਈ ਚਿੰਤਤ ਸਨ। ਇਸ ਲਈ ਉਨ੍ਹਾਂ ਨੇ ਖਰੀਦਦਾਰ ਨੂੰ ਇਹ ਸੌਦਾ ਜਲਦੀ ਕਰਨ ਲਈ ਕਿਹਾ। ਇਸ ਦੇ ਨਾਲ ਹੀ ਸਤਿਗੁਰੂ ਜੀ ਨੇ ਮੈਨੂੰ ਸਖਤ ਹਿਦਾਇਤ ਕੀਤੀ ਸੀ ਕਿ ਫਾਰਮ ਵੇਚਣਾ ਨਹੀਂ। ਆਖਿਰਕਾਰ ਸਤਿਗੁਰੂ ਜੀ ਦੀ ਰਜਾ ਅਨੁਸਾਰ ਸੌਦਾ ਨਾ ਹੋ ਸਕਿਆ ਕਿਉਂਕਿ ਖਰੀਦਦਾਰ ਨੂੰ ਇਸ ਦੀ ਮਨਜ਼ੂਰੀ ਨਹੀਂ ਮਿਲੀ।

ਜਦੋਂ ਅਸੀਂ ਬਿੜਦੀ ਵਿਖੇ ਨਵਾਂ ਜੀਵਨ ਸ਼ੁਰੂ ਕੀਤਾ, ਸਾਨੂੰ ਇਕ ਤੋਂ ਬਾਅਦ ਇਕ ਮੁਸ਼ਕਲ ਅਤੇ ਸੰਘਰਸ਼ ਦਾ ਸਾਹਮਣਾ ਕਰਨਾ ਪਿਆ। ਉਸ ਵੇਲੇ ਸਤਿਗੁਰੂ ਜੀ ਹੀ ਇਕੋ ਇਕ ਆਸਰਾ ਸਨ ਜਿਨ੍ਹਾਂ ਦੀ ਕਿਰਪਾ ਨਾਲ ਸਾਨੂੰ ਲਗਨ ਅਤੇ ਪ੍ਰੇਰਣਾ ਮਿਲਦੀ ਰਹੀ। ਉਸ ਔਖੇ ਵੇਲੇ ਉਹ ਸਾਲ ਵਿਚ ਘੱਟ ਘੱਟ ਦੋ ਵਾਰੀ ਬਿੜਦੀ ਆਉਣ ਦੀ ਕਿਰਪਾ ਕਰਦੇ ਸਨ। ਉਨ੍ਹਾਂ ਦੇ ਦਰਸ਼ਨ ਹੀ ਬਹੁਤ ਅਨੰਦਮਈ ਅਤੇ ਨਾ ਭੁਲਾਉਣ ਵਾਲਾ ਮਾਹੌਲ ਬਣਾ ਦਿੰਦੇ।

ਸਤਿਗੁਰੂ ਜੀ ਖੇਤੀ ਵਿਚ ਬਹੁਤ ਜ਼ਿਆਦਾ ਦਿਲਚਸਪੀ ਲੈਂਦੇ ਸਨ ਅਤੇ ਆਪਣਾ ਕੀਮਤੀ ਸਮਾਂ ਵੀ ਦੇਂਦੇ ਸਨ ਤਾਂ ਕਿ ਅਸੀਂ ਆਪਣੀ ਆਰਾਮਪ੍ਰਸਤੀ ਤੋਂ ਬਾਹਰ ਨਿਕਲਣ ਲਈ ਉਤਸਾਹਿਤ ਹੋਈਏ। ਉਨ੍ਹਾਂ ਨੇ ਸਾਨੂੰ ਵੰਨ ਸੁਵੰਨੇ ਫਲ ਉਗਾਉਣ ਲਈ ਪ੍ਰੇਰਿਤ ਕੀਤਾ। ਕੁਝ ਹੀ ਸਾਲਾਂ ਦੇ ਅੰਦਰ ਕਈ ਏਕੜ ਜ਼ਮੀਨ ਵਿਚ ਅੰਬ, ਨਾਰੀਅਲ ਅਤੇ ਬਿਨਾਂ ਬੀਜਾਂ ਦੇ ਅੰਗੂਰਾਂ ਦੀ ਫ਼ਸਲ ਹੋ ਗਈ। ਇਨ੍ਹਾਂ ਸਾਰੇ ਫਲਾਂ ਦੀ ਖੇਤੀ ਨਾਲ ਫਾਰਮ ਵਾਸਤੇ ਬਹੁਤੀ ਆਮਦਨ ਤੇ ਨਾ ਹੋਈ ਪਰ ਇਨ੍ਹਾਂ ਦੀ ਸਫ਼ਲ ਬਿਜਾਈ

ਨਾਲ ਸਾਨੂੰ ਸਤਿਗੁਰੂ ਜੀ ਦੀਆਂ ਅਨਮੋਲ ਖੁਸ਼ੀਆਂ ਦਾ ਖਜ਼ਾਨਾ ਪ੍ਰਾਪਤ ਹੋ ਗਿਆ। ਉਹ ਸਾਨੂੰ ਕਈ ਤਰ੍ਹਾਂ ਨਾਲ ਉਤਸਾਹਿਤ ਕਰਦੇ ਅਤੇ ਦੇਸ਼ ਵਿਦੇਸ਼ ਤੋਂ ਸਿੱਖਾਂ ਨੂੰ ਬੁਲਾ ਕੇ ਅੰਬਾਂ ਤੇ ਅੰਗੂਰਾਂ ਦੀ ਫ਼ਸਲ ਨੂੰ ਵਿਖਾ ਕੇ ਅਨੰਦ ਮਹਿਸੂਸ ਕਰਦੇ। ਉਹ ਵਧੀਆ ਫਲਾਂ ਦੇ ਕਦਰਦਾਨ ਸਨ ਤੇ ਉਨ੍ਹਾਂ ਨੇ ਸਾਡੇ ਕੋਲੋਂ ਸਾਰੀ ਦੁਨੀਆਂ ਵਿਚ ਅੰਬਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਇਕੱਠੀਆਂ ਕਰਵਾਈਆਂ। ਚੰਗੇ ਫਲਾਂ ਦੇ ਪ੍ਰਤੀ ਉਨ੍ਹਾਂ ਦਾ ਇਨ੍ਹਾਂ ਪਿਆਰ ਸੀ ਕਿ ਇਕ ਵਾਰੀ ਉਨ੍ਹਾਂ ਮੈਨੂੰ ਥਾਈਲੈਂਡ ਤੋਂ ਫੋਨ ਕਰਕੇ ਕਿਹਾ ਕਿ ਕੈਲੀਫੋਰਨੀਆ ਤੋਂ ਇਕ ਅੰਗੂਰ (ਲਾਲ, ਗੋਲ ਅਤੇ ਖਸਤਾ) ਆਉਂਦਾ ਹੈ, ਉਸ ਦਾ ਪਤਾ ਕਰੋ। ਜਦੋਂ ਮੈਂ ਇਨ੍ਹਾਂ ਅੰਗੂਰਾਂ ਨੂੰ ਜਿਸ ਨੂੰ ਕਿ "ਫਲੇਮ ਸੀਡਲੈਸ" ਕਹਿੰਦੇ ਸਨ ਦਾ ਪਤਾ ਕਰ ਲਿਆ ਤੇ ਸਤਿਗੁਰੂ ਜੀ ਨੂੰ ਸੂਚਿਤ ਕੀਤਾ। ਉਨ੍ਹਾਂ ਨੇ ਮੈਨੂੰ ਇਸ ਦੇ ਬੂਟੇ ਮੰਗਵਾ ਕੇ ਬਿੜਦੀ ਫਾਰਮ ਵਿਚ ਲਗਾਉਣ ਦਾ ਹੁਕਮ ਕੀਤਾ। ਹੌਲੀ-ਹੌਲੀ ਇਹ ਫ਼ਸਲ ਭਾਰਤ ਦੇ ਦੂਜੇ ਹਿੱਸਿਆਂ ਵਿਚ ਵੀ ਫੈਲ ਗਈ ਅਤੇ ਬੜੀ ਮਸ਼ਹੂਰ ਅਤੇ ਪ੍ਰਮੁੱਖ ਕਿਸਮ ਬਣ ਗਈ।

ਇਹ ਇਕ ਮਿਸਾਲ ਹੈ ਜਦੋਂ ਉਹ ਸਾਨੂੰ ਨਵੀਆਂ ਕਾਢਾਂ ਕੱਢਣ ਲਈ ਪ੍ਰੇਰਿਤ ਕਰਦੇ ਰਹਿੰਦੇ। ਬਿੜਦੀ ਵਿਚ ਇਨ੍ਹਾਂ ਬਿਨਾਂ ਬੀਜਾਂ ਦੇ ਅੰਗੂਰਾਂ ਦੀ ਸਫ਼ਲਤਾ ਨੂੰ ਵੇਖਦੇ ਹੋਏ ਉਨ੍ਹਾਂ ਨੇ ਸਾਨੂੰ ਇਹੀ ਕਿਸਮਾਂ ਸ੍ਰੀ ਜੀਵਨ ਨਗਰ ਹਰਿਆਣਾ ਵਿਖੇ ਲਾਉਣ ਲਈ ਕਿਹਾ। ਅਸੀਂ ਨਾਸਿਕ ਤੋਂ ਬੂਟੇ ਲਿਆ ਕੇ ਜੀਵਨ ਨਗਰ ਦੇ ਨੇੜੇ ਅੰਮ੍ਰਿਤਸਰ ਵਿਚ ਅਵਤਾਰ ਸਿੰਘ ਦੇ ਦੋ ਏਕੜ ਫਾਰਮ ਵਿਚ ਲਗਾ ਦਿੱਤੇ। ਸਾਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਫ਼ਸਲ ਉੱਗਣ ਵਿਚ ਦੇਰ ਵੀ ਹੋ ਰਹੀ ਸੀ ਅਤੇ ਬਰਸਾਤੀ ਮੌਸਮ ਕਰਕੇ ਵੀ ਫ਼ਸਲ ਉੱਤੇ ਅਸਰ ਪਿਆ। ਸਤਿਗੁਰੂ ਜੀ ਨੇ ਇਹ ਗੱਲ ਨੋਟ ਕੀਤੀ ਅਤੇ ਸਾਨੂੰ ਜੂਨ ਦੇ ਸ਼ੁਰੂ ਵਿਚ ਬੂਟਿਆਂ ਨੂੰ ਛਾਂਗ ਕੇ ਗਰਮ ਦੇਸ਼ ਵਾਲਾ ਤਰੀਕਾ ਅਪਣਾਉਣ ਲਈ ਕਿਹਾ, ਜਿਥੇ ਸਾਲ ਵਿਚ ਦੋ ਵਾਰੀ ਫ਼ਸਲ ਛਾਂਗੀ ਜਾਂਦੀ ਹੈ। ਇਸ ਦੇ ਨਤੀਜੇ ਵਜੋਂ ਸਾਨੂੰ ਨਵੰਬਰ ਮਹੀਨੇ ਵਿਚ ਬਹੁਤ ਸਾਰੀ ਅੰਗੂਰਾਂ ਦੀ ਫ਼ਸਲ ਮਿਲ ਗਈ ਜਦਕਿ ਸਾਰੇ ਦੇਸ਼ ਵਿਚ ਅਜੇ ਅੰਗੂਰ ਨਹੀਂ ਆਏ ਸਨ। ਇਸ ਜੁਗਤ ਦੀ ਸਫਲਤਾ ਨੇ ਪੰਜਾਬ ਅਤੇ ਹਰਿਆਣਾ ਦੇ ਖੇਤੀਬਾੜੀ ਸੰਸਥਾਵਾਂ ਦੇ ਸਾਇੰਸਦਾਨਾਂ ਨੂੰ ਹੈਰਾਨ ਕਰ ਦਿੱਤਾ ਜਿਨ੍ਹਾਂ ਨੇ ਕਦੇ ਇਸ ਤਰ੍ਹਾਂ ਦੀ ਫ਼ਸਲ ਬਾਰੇ ਸੋਚਿਆ ਵੀ ਨਹੀਂ ਸੀ।

ਬਿੜਦੀ ਦੇ ਸ਼ੁਰੂਆਤੀ ਦਿਨਾਂ ਵਿਚ ਮੋਬਾਇਲ ਫੋਨ ਨਹੀਂ ਹੁੰਦੇ ਸੀ ਅਤੇ ਫੋਨ ਦਾ ਸੰਪਰਕ ਵੀ ਮੁਸ਼ਕਿਲ ਹੀ ਹੁੰਦਾ ਸੀ। ਸਤਿਗੁਰੂ ਜੀ ਉਦੋਂ ਵੀ ਇੱਥੇ ਰਹਿੰਦੇ ਸਿੱਖਾਂ ਦੀ ਭਲਾਈ ਅਤੇ ਤਰੱਕੀ ਬਾਰੇ ਸੋਚਦੇ ਰਹਿੰਦੇ। ਉਹ ਸਾਨੂੰ ਇਕ ਮਿੱਥੇ ਸਮੇਂ ਤੇ ਫੋਨ ਕਰਨ ਲਈ ਕਹਿੰਦੇ। ਅਸੀਂ ਬੜੀ ਉਤਸੁਕਤਾ ਨਾਲ ਬੰਗਲੌਰ ਜਾ ਕੇ ਸਤਿਗੁਰੂ ਜੀ ਨਾਲ ਫੋਨ 'ਤੇ ਬਚਨ ਕਰਦੇ ਅਤੇ ਉਨ੍ਹਾਂ ਦੀ ਅਸ਼ੀਰਵਾਦ ਲੈਂਦੇ। ਸੱਚੇ ਪਾਤਸ਼ਾਹ ਜੀ ਫਾਰਮ ਦੇ ਇਕ-ਇਕ ਮਿੰਟ ਦਾ ਵੇਰਵਾ ਲੈਂਦੇ ਅਤੇ ਸਾਰਿਆਂ ਦੀ ਸੁਖ ਸਾਂਦ ਪੁੱਛਦੇ।

ਜਦੋਂ ਨਾਮਧਾਰੀ ਸੀਡਸ ਦਾ ਕੰਮ ਫੈਲ ਗਿਆ, ਸਤਿਗੁਰੂ ਜੀ ਬਹੁਤ ਖੁਸ਼ ਹੋਏ ਅਤੇ ਸਾਨੂੰ ਢੇਰ ਸਾਰਾ ਅਸ਼ੀਰਵਾਦ ਦਿੱਤਾ। ਮੇਰੀ ਇਕ ਆਦਤ ਬਣ ਗਈ ਸੀ ਕਿ ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਉਨ੍ਹਾਂ ਦੀ ਆਗਿਆ ਜ਼ਰੂਰ ਲੈਂਦਾ ਸੀ, ਕਿਉਂਕਿ ਇਹ ਸਾਨੂੰ ਇਕ ਹੌਸਲਾ ਦਿੰਦਾ ਸੀ। ਸਤਿਗੁਰੂ ਜੀ ਬਹੁਤ ਹੀ ਨਿਮਰ ਰਹਿੰਦੇ ਸਨ। ਇਕ ਵਾਰੀ ਸਭ ਦੇ ਸਾਹਮਣੇ ਉਨ੍ਹਾਂ ਨੇ ਬਚਨ ਕੀਤਾ, "ਕਾਕਾ ਹਰ ਕੰਮ ਵਾਸਤੇ ਮੇਰੇ ਤੋਂ ਮੰਜੂਰੀ ਲੈਂਦਾ ਹੈ, ਜਦਕਿ ਮੈਨੂੰ ਕੋਈ ਵੀ ਜਾਣਕਾਰੀ ਨਹੀਂ ਹੈ।" ਉਹ ਇਸ ਸਫ਼ਲਤਾ ਦੇ ਰਾਹ ਤੇ ਸਾਨੂੰ ਗਾਈਡ ਵੀ ਕਰਦੇ, ਸਾਡੇ 'ਤੇ ਕਿਰਪਾ ਵੀ ਕਰਦੇ ਅਤੇ ਸਫ਼ਲਤਾ ਦਾ ਸਿਹਰਾ ਸਾਡੇ ਸਿਰ ਬੰਨ੍ਹ ਦੇਂਦੇ। ਜਦੋਂ ਕੁਝ ਸਹੀ ਨਾ ਹੁੰਦਾ, ਉਸ ਵੇਲੇ ਸਤਿਗੁਰੂ ਜੀ ਹਮੇਸ਼ਾ ਸਾਡੇ ਨਾਲ ਖੜ੍ਹੇ ਹੁੰਦੇ ਅਤੇ ਸਾਨੂੰ ਧੀਰਜ ਰੱਖਣ ਲਈ ਕਹਿੰਦੇ।

ਜਦੋਂ ਸਤਿਗੁਰੂ ਜੀ ਜੋਤੀ ਜੋਤ ਸਮਾਏ, ਉਦੋਂ ਮੈਂ ਕਦੇ ਕਲਪਨਾ ਵੀ ਨਹੀਂ ਕੀਤੀ ਅਤੇ ਨਾ ਹੀ ਇਹ ਚਾਹਿਆ ਕਿ ਉਨ੍ਹਾਂ ਦੀ ਜਗ੍ਹਾ ਤੇ ਹੋਵਾਂ। ਇਹ ਮੇਰੇ ਜੀਵਨ ਦਾ ਸਭ ਤੋਂ ਔਖਾ ਸਮਾਂ ਸੀ ਕਿਉਂਕਿ ਜਦੋਂ ਵੀ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੇਖਦਾ ਸੀ ਜਾਂ ਯਾਦ ਕਰਦਾ ਸੀ, ਆਪਣੇ ਆਪ ਨੂੰ ਬਹੁਤ ਛੋਟਾ ਮਹਿਸੂਸ ਕਰਦਾ ਸੀ। ਸਮੇਂ ਦੇ ਨਾਲ-ਨਾਲ ਮੈਨੂੰ ਇਹ ਬੋਧ ਹੋ ਗਿਆ ਕਿ ਸਤਿਗੁਰੂ ਜੀ ਨੂੰ ਇਹ ਪਤਾ ਸੀ ਅਤੇ ਸ਼ੁਰੂ ਤੋਂ ਹੀ ਉਨ੍ਹਾਂ ਨੇ ਮੇਰੀ ਤਕਦੀਰ ਨੂੰ ਘੜਨਾ ਸ਼ੁਰੂ ਕਰ ਦਿੱਤਾ ਸੀ। ਵਿਸ਼ੇਸ਼ ਤੌਰ ਤੇ ਮੈਨੂੰ ਯਾਦ ਹੈ, ਉਹ ਮੈਨੂੰ 'ਮੇਰਾ ਬੇਟਾ' ਕਹਿ ਕੇ ਆਪਣਾ ਖਾਸ ਪਿਆਰ ਨਿਛਾਵਰ ਕਰਦੇ ਸਨ ਜਦਕਿ ਮੈਂ ਇਸਦੇ ਯੋਗ ਨਹੀਂ ਸੀ। ਕਿਵੇਂ ਉਹ ਮਾਤਾ ਜੀ ਦੇ ਰਾਹੀਂ ਮੇਰੇ 'ਤੇ ਕਿਰਪਾ ਕਰਦੇ ਸਨ ਜੋ ਮੇਰੇ ਜੀਵਨ ਵਿਚ ਤਬਦੀਲੀ ਲਿਆਉਣ ਵਿਚ ਸਹਾਈ ਹੋਏ। ਅੱਜ ਇਹ ਜ਼ਿੰਮੇਵਾਰੀ ਧਾਰਨ ਕਰਕੇ ਮੈਨੂੰ ਇਹ ਸੰਤੁਸ਼ਟੀ ਹੋ ਗਈ ਹੈ ਕਿ ਮੇਰੇ ਭਾਗ ਮੈਨੂੰ ਉਸ ਰਾਹ ਤੇ ਲੈ ਕੇ ਆ ਗਏ, ਜਿੱਥੇ ਮੈਂ ਦੂਜਿਆਂ ਨੂੰ ਪਰਮਾਤਮਾ ਦਾ ਨਾਂ ਜਪਾਉਣ ਦਾ ਤੇ ਗੁਰਬਾਣੀ ਅਨੁਸਾਰ ਜ਼ਿੰਦਗੀ ਜੀਉਣ ਦਾ ਸਾਧਨ ਬਣ ਗਿਆ। ਉਹ ਗੁਰਬਾਣੀ, ਜਿਹੜੀ ਹਰੇਕ ਸਿੱਖ ਦੀ ਜ਼ਿੰਦਗੀ ਦੀ ਰਹਿਨੁਮਾਈ ਕਰਦੀ ਹੈ ਅਤੇ ਸਹੀ ਆਕਾਰ ਦਿੰਦੀ ਹੈ।

ਮੇਰਾ ਹਰ ਦਿਨ ਉਨ੍ਹਾਂ ਦੇ ਪ੍ਰੇਮ ਅਤੇ ਇਸ ਅਰਦਾਸ ਨਾਲ ਸ਼ੁਰੂ ਅਤੇ ਖਤਮ ਹੁੰਦਾ ਹੈ ਕਿ ਉਹ ਮੈਨੂੰ ਸ਼ਕਤੀ ਦੇਣ ਤਾਂ ਜੋ ਮੈਂ ਆਪਣੇ ਪਿਆਰੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੱਸੇ ਰਾਹ 'ਤੇ ਤੁਰ ਸਕਾਂ।

ਅਨੁਵਾਦ: ਰਜਵੰਤ ਕੌਰ

***

ਸੰਪਾਦਕੀ

ਜਪ ਪ੍ਰਯੋਗ 2017 ਅਤੇ ਅੱਸੂ ਦਾ ਮੇਲਾ

ਮੇਰਾ ਜਨਮ ਦਿਨ ਨਾ ਮਨਾਇਆ ਜਾਵੇ

ਮੇਰੇ ਇਕੱਲੇ ਦੀ ਤਸਵੀਰ ਨਾ ਲਗਾਈ ਜਾਵੇ

ਸ੍ਰੀ ਸਤਿਗੁਰੂ ਜੀ

ਸ੍ਰੀ ਸਤ੍ਰਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਅਰੰਭ ਕੀਤੇ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਦੇ ਦੁਆਰਾ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਰਹਿਨੁਮਾਈ ਹੇਠ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਤਪੋ ਭੂਮੀ 'ਤੇ 111ਵੇਂ ਜਪ ਪ੍ਰਯੋਗ ਦਾ ਆਯੋਜਨ ਹੋਇਆ। ਇਸ ਵਿਚ ਦੇਸ਼ ਵਿਦੇਸ਼ ਤੋਂ ਪੰਜਾਹ ਹਜ਼ਾਰ ਤੋਂ ਵੱਧ ਸੰਗਤਾਂ ਨੇ ਆ ਕੇ ਹਿੱਸਾ ਲਿਆ।

17 ਸਤੰਬਰ 2017 ਸਵੇਰੇ 2 ਵਜੇ ਜਪ ਪ੍ਰਯੋਗ ਦੇ ਅਰੰਭ ਕਰਨ ਦੀ ਅਰਦਾਸ ਹੋਈ। ਇਸ ਵਿਚ ਸੰਗਤਾਂ ਨੇ ਹੁੰਮ ਹੁੰਮਾ ਕੇ ਹਿੱਸਾ ਲਿਆ। ਸ੍ਰੀ ਭੈਣੀ ਸਾਹਿਬ ਦੇ ਪ੍ਰਤਾਪ ਮੰਦਰ ਦੇ ਅੰਦਰ-ਬਾਹਰ ਵਾਲੇ ਬਰਾਂਡੇ ਤੇ ਇਸ ਤੋਂ ਉਰੇ ਪਾਰਕ ਵਿਚ ਬੈਠ ਕੇ ਸੰਗਤਾਂ ਨਾਮ ਜਪ ਰਹੀਆਂ ਸਨ। ਇਸ ਦ੍ਰਿਸ਼ ਨੂੰ ਵੇਖ ਕੇ ਹੀ ਮਨ ਸ਼ਾਂਤ ਹੋ ਰਿਹਾ ਸੀ। ਇਹ ਸਿਲਸਿਲਾ ਪੂਰਾ ਅੱਸੂ ਦਾ ਮਹੀਨਾ ਚੱਲਦਾ ਰਿਹਾ। ਰੋਜ ਅੱਠ ਘੰਟੇ ਨਾਮ ਸਿਮਰਨ ਹੁੰਦਾ ਰਿਹਾ। ਸਵੇਰੇ 2 ਵਜੇ ਤੋਂ 6 ਵਜੇ ਤਕ ਅਤੇ ਦੁਪਹਿਰ 12 ਵਜੇ ਤੋਂ ਸ਼ਾਮੀ 4 ਵਜੇ ਤਕ ਨਿਤਨੇਮ ਅਤੇ ਕੀਰਤਨ ਹੁੰਦਾ ਰਿਹਾ। ਸਭ ਤੋਂ ਵੱਡਾ ਸੁਖ ਜਿਹੜਾ ਕਿ ਸੰਗਤਾਂ ਨੇ ਮਾਣਿਆ, ਉਹ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਖੁੱਲ੍ਹੇ ਅਤੇ ਨਿਰਵਿਘਨ ਇਲਾਹੀ ਦਰਸ਼ਨ। ਨਾਮ ਸਿਮਰਨ ਦੇ ਨਾਲ-ਨਾਲ ਸਾਰੇ ਜਪ ਪ੍ਰਯੋਗ ਅਤੇ ਅੱਸੂ ਦੇ ਮੇਲੇ ਦੀ ਵਿਉਂਤਬੰਦੀ ਸ੍ਰੀ ਸਤਿਗੁਰੂ ਜੀ ਨੇ ਆਪ ਕੀਤੀ ਸੀ ਜੋ ਕਿ ਬਹੁਤ ਹੀ ਕਮਾਲ ਦੀ ਸੀ। ਇਸ ਵਿਚੋਂ ਹੀ ਸਮਾਂ ਕੱਢ ਕੇ ਸਤਿਗੁਰੂ ਜੀ ਪੰਜਾਬ ਦੇ ਬਾਕੀ ਸ਼ਹਿਰਾਂ ਵਿਚ ਵੀ ਜਪ ਪ੍ਰਯੋਗ ਤੇ ਦਰਸ਼ਨ ਦੇ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ।

ਖੇਡਾਂ ਸੰਬੰਧੀ ਵੀ ਪ੍ਰੋਗਰਾਮ ਚੱਲਦੇ ਰਹੇ ਜਿਵੇਂ ਕਿ 30 ਸਤੰਬਰ ਨੂੰ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਲੋਂ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਖੇ 5 ਕਿਲੋਮੀਟਰ ਅਤੇ 10 ਕਿਲੋਮੀਟਰ ਲੰਮੀ ਦੌੜ ਦੇ ਮੁਕਾਬਲੇ ਕਰਵਾਏ ਗਏ। ਇੱਥੇ ਆਪ ਸਤਿਗੁਰੂ ਜੀ ਨੇ ਪਹੁੰਚ ਕੇ ਝੰਡੀ ਵਿਖਾ ਕੇ ਅਥਲੀਟਾਂ ਦੀ ਹੌਸਲਾ ਅਫਜਾਈ ਕੀਤੀ। ਇਸੇ ਸਮੇਂ ਦੌਰਾਨ 8 ਅਕਤੂਬਰ ਨੂੰ ਪੰਜਾਬੀ ਸਾਹਿਤ ਭਵਨ ਲੁਧਿਆਣਾ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਅਵਸਰ ਤੇ ਸੈਮੀਨਾਰ ਕਰਵਾਇਆ ਗਿਆ ਜਿਥੇ ਸਤਿਗੁਰੂ ਜੀ ਨੇ ਆਪ ਜਾ ਕੇ ਲੇਖਕਾਂ ਤੇ ਬੁੱਧੀਜੀਵੀਆਂ ਨੂੰ ਅਸ਼ੀਰਵਾਦ ਅਤੇ ਖੁਸ਼ੀ ਬਖਸ਼ੀ।

ਇਹ ਜਪ ਪ੍ਰਯੋਗ ਸ੍ਰੀ ਭੈਣੀ ਸਾਹਿਬ ਦੇ ਨਾਲ-ਨਾਲ ਭਾਰਤ ਦੇ 100 ਤੋਂ ਵੱਧ ਸ਼ਹਿਰਾਂ ਵਿਚ ਅਤੇ 20 ਦੇ ਕਰੀਬ ਥਾਵਾਂ ਤੇ ਵਿਦੇਸ਼ਾਂ ਵਿਚ ਪੂਰੀ ਮਰਿਆਦਾ ਨਾਲ ਹੋਇਆ। ਇਸ ਦੀ ਪੂਰੀ ਰਿਪੋਰਟ ਸ੍ਰੀ ਸਤਿਗੁਰੂ ਜੀ ਨੂੰ ਦਿੱਤੀ ਜਾਂਦੀ ਸੀ। ਸਤਿਗੁਰੂ ਜੀ ਨੇ ਇਸ ਜਪ ਪ੍ਰਯੋਗ ਵਿਚ ਹਿੱਸਾ ਲੈਣ ਵਾਲੀ ਸੰਗਤ ਨੂੰ ਵਧਾਈ, ਪਿਆਰ ਅਤੇ ਅਸ਼ੀਰਵਾਦ ਦਿੱਤਾ। ਵੱਖ-ਵੱਖ ਥਾਵਾਂ ਤੇ ਚੱਲ ਰਹੇ ਜਪ ਪ੍ਰਯੋਗਾਂ ਦੀ ਸਮਾਪਤੀ ਮਿੱਥੇ ਸਮੇਂ ਅਨੁਸਾਰ ਅੱਸੂ ਦਾ ਮੇਲਾ ਸ਼ੁਰੂ ਹੋਣ ਤੋਂ ਪਹਿਲਾਂ ਕਰ ਦਿੱਤੀ ਗਈ ਸੀ। ਸ੍ਰੀ ਭੈਣੀ ਸਾਹਿਬ ਵਿਖੇ ਇਸ ਦੀ ਸਮਾਪਤੀ 13 ਅਕਤੂਬਰ 2017 ਨੂੰ ਹੋਈ ਅਤੇ ਇਸ ਦੀ ਸਮਾਪਤੀ ਦੇ ਨਾਲ ਹੀ ਨਾਮਧਾਰੀ ਸਿੱਖਾਂ ਦੇ ਮਹਾਂ ਯੱਗ ਅੱਸੂ ਦੇ ਮੇਲੇ ਦੀ ਸ਼ੁਰੂਆਤ ਹੋਈ।

ਪੰਜ ਦਿਨ ਚੱਲੇ ਇਸ ਮੇਲੇ 'ਤੇ ਸੰਗਤਾਂ ਹੁੰਮ ਹੁੰਮਾ ਕੇ ਪਹੁੰਚੀਆਂ। ਅੰਮ੍ਰਿਤ ਵੇਲੇ ਤੋਂ ਆਸਾ ਦੀ ਵਾਰ ਦੇ ਕੀਰਤਨ ਅਤੇ ਨਾਮ ਸਿਮਰਨ ਤੋਂ ਦਿਨ ਦੀ ਸ਼ੁਰੂਆਤ ਹੁੰਦੀ। ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਵੀ ਕਥਾ ਕੀਰਤਨ ਅਤੇ ਹੋਲੇ ਦੇ ਦੀਵਾਨ ਲੱਗਦੇ ਰਹੇ। ਦੁਪਹਿਰ ਨੂੰ ਕਥਾ, ਨਾਮ ਸਿਮਰਨ ਅਤੇ ਹਜੂਰੀ ਰਾਗੀਆਂ ਦਾ ਕੀਰਤਨ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਰਹੇ। ਇਸੇ ਦੌਰਾਨ ਨਾਮਧਾਰੀ ਪੰਥ ਨਾਲ ਜੁੜੀਆਂ ਕਈ ਪ੍ਰਤਿਭਾਵਾਨ ਹਸਤੀਆਂ ਨੂੰ ਮਾਨ ਸਨਮਾਨ ਵੀ ਮਿਲੇ ਅਤੇ ਕਈ ਲਿਖਾਰੀਆਂ ਨੇ ਸਤਿਗੁਰੂ ਜੀ ਨੂੰ ਆਪਣੀਆਂ ਪੁਸਤਕਾਂ ਭੇਂਟ ਕਰਕੇ ਮਾਣ ਅਤੇ ਖੁਸ਼ੀ ਮਹਿਸੂਸ ਕੀਤੀ। ਦੇਰ ਰਾਤ ਤਕ ਹੋਲੇ ਦੇ ਦੀਵਾਨ ਅਤੇ ਕਵਿਤਾ ਪਾਠ ਹੁੰਦਾ ਰਿਹਾ।

24 ਘੰਟੇ ਅਮਰ ਲੋਹ ਤੋਂ ਪਰਸ਼ਾਦੇ ਪੱਕਦੇ ਰਹੇ ਅਤੇ ਭਿੰਨ-ਭਿੰਨ ਤਰ੍ਹਾਂ ਦੇ ਪਕਵਾਨ ਬਣ ਕੇ ਸੰਗਤਾਂ ਨੂੰ ਤ੍ਰਿਪਤ ਕਰਦੇ ਰਹੇ। ਸਤਿਗੁਰੂ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਆਪ ਇਸ ਲੰਗਰ ਦੀ ਨਿਗਰਾਨੀ ਕਰਦੇ ਸਨ ਅਤੇ ਸੰਗਤਾਂ ਵਿਚ ਪਰਸ਼ਾਦ ਵੀ ਵਰਤਾਉਂਦੇ ਸਨ, ਜਿਸ ਨਾਲ ਸਰੀਰ ਅਤੇ ਰੂਹ ਦੀ ਖੁਰਾਕ ਪੂਰੀ ਹੋ ਜਾਂਦੀ ਸੀ। ਮੇਲੇ ਦਾ ਸਾਰਾ ਇੰਤਜਾਮ ਬਹੁਤ ਸੁਚੱਜੇ ਤਰੀਕੇ ਨਾਲ ਕੀਤਾ ਹੋਇਆ ਸੀ। ਗੱਡੀਆਂ ਪਾਰਕ ਕਰਨ ਲਈ ਹਰੀਮੰਦਰ ਤੋਂ ਅੱਗੇ ਜਾ ਕੇ ਖੁੱਲ੍ਹੀ ਥਾਂ ਰੱਖੀ ਗਈ ਸੀ। ਨਾਮਧਾਰੀ ਸਿੰਘ ਬੜੇ ਸੁਚੱਜੇ ਢੰਗ ਨਾਲ ਸੰਗਤਾਂ ਨੂੰ ਗਾਈਡ ਕਰ ਰਹੇ ਸਨ। ਦੀਵਾਨ ਵਿਚ ਸਿੰਘਾਂ ਅਤੇ ਬੀਬੀਆਂ ਦਾ ਪਹਿਰਾ ਪੂਰਾ ਅਨੁਸ਼ਾਸਨ ਬਣਾ ਰਿਹਾ ਸੀ। ਲੰਗਰ ਦੀ ਸੇਵਾ, ਸੰਗਤਾਂ ਨੂੰ ਕੰਟਰੋਲ ਕਰਨਾ, ਭਾਂਡੇ ਮਾਂਜਣ ਦੀ ਸੇਵਾ, ਸਫਾਈ ਕਰਨ ਦੀ ਸੇਵਾ ਕਰਨ ਵਾਲੇ ਅਣਥੱਕ ਆਪਣਾ

ਕਿਰਦਾਰ ਨਿਭਾ ਰਹੇ ਸਨ। ਗੱਲ ਕੀ ਸਾਰਾ ਕੰਮ ਸੁਚਾਰੂ ਰੂਪ ਨਾਲ ਚਲ ਰਿਹਾ ਸੀ।

16 ਅਕਤੂਬਰ ਸਵੇਰੇ 7 ਵਜੇ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਹਰਮਨ ਪਿਆਰੇ ਲੀਡਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਗਵਾਈ ਹੇਠ ਇਕ ਵਿਸ਼ਾਲ ਸ਼ਾਂਤੀ ਮਾਰਚ ਕੀਤਾ ਗਿਆ, ਜੋ ਕਿ ਮਾਤਾ ਚੰਦ ਕੌਰ ਜੀ ਦੀ ਯਾਦ ਨੂੰ ਸਮਰਪਿਤ ਸੀ। ਸਤਿਗੁਰੂ ਜੀ ਦੇ ਨਾਲ ਮਾਤਾ ਗੁਰਸ਼ਰਨ ਕੌਰ, ਸੰਤ ਜਗਤਾਰ ਸਿੰਘ ਅਤੇ ਹੋਰ ਪ੍ਰਬੰਧਕਾਂ ਤੇ ਸੰਗਤਾਂ ਦਾ ਹਜੂਮ ਸ਼ਾਂਤਮਈ ਤਰੀਕੇ ਨਾਲ ਆਪਣੇ ਰੋਸ ਦਾ ਪ੍ਰਗਟਾਵਾ ਕਰ ਰਿਹਾ ਸੀ।

ਅਖੀਰ 17 ਅਕਤੂਬਰ 2017 ਦੀ ਸਵੇਰ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ 10 ਜੋੜਿਆਂ ਦੇ ਸਮੂਹਕ ਅਨੰਦ ਕਾਰਜ ਹੋਏ। ਸਤਿਗੁਰੂ ਜੀ ਨੇ ਸੰਗਤਾਂ ਨੂੰ ਜਪ ਪ੍ਰਯੋਗ ਅਤੇ ਮੇਲੇ ਵਿਚ ਹਿੱਸਾ ਲੈਣ ਲਈ ਸਾਬਾਸ਼ ਦਿੱਤੀ ਅਤੇ ਨਾਮ ਜੱਪਣ ਦੀ ਮਹੱਤਤਾ ਨੂੰ ਸਮਝਾਉਂਦੇ ਹੋਏ ਸਿੱਖੀ ਉੱਤੇ ਦ੍ਰਿੜ ਰਹਿਣ ਲਈ ਪ੍ਰੇਰਿਆ। ਉਨ੍ਹਾਂ ਨੇ ਸੰਗਤਾਂ ਨੂੰ ਸੋਸ਼ਲ ਮੀਡੀਆ 'ਤੇ ਜ਼ਿਆਦਾ ਕਿਰਿਆਸ਼ੀਲ ਹੋਣ ਤੋਂ ਵੀ ਗੁਰੇਜ਼ ਕਰਨ ਲਈ ਕਿਹਾ। ਨਾਲ ਹੀ ਦੀਵਾਲੀ 'ਤੇ ਪਟਾਕੇ ਨਾ ਚਲਾ ਕੇ ਨਾਮ ਸਿਮਰਨ ਕਰਕੇ ਦੀਵਾਲੀ ਮਨਾਉਣ ਦਾ ਆਦੇਸ਼ ਵੀ ਦਿੱਤਾ। ਅੰਤ ਵਿਚ ਸਾਰੀ ਸੰਗਤ ਨੂੰ ਖੁਸ਼ੀਆਂ ਬਖਸ਼ ਕੇ ਬੜੇ ਧੀਰਜ ਨਾਲ, ਆਰਾਮ ਨਾਲ ਅਤੇ ਨਾਮ ਜਪਦੇ ਹੋਏ ਆਪਣੇ ਘਰਾਂ ਨੂੰ ਜਾਣ ਦਾ ਬਚਨ ਕੀਤਾ। ਸਾਰੀ ਸੰਗਤ ਨਾਮ ਦੀ ਮਹਿਮਾ ਅਤੇ ਪ੍ਰਭੂ ਭਗਤੀ ਨਾਲ ਔਤ ਪ੍ਰੋਤ ਹੋ ਕੇ ਆਪੋ ਆਪਣੀ ਮੰਜ਼ਲ ਵਲ ਤੁਰ ਪਈ।

-ਰਜਵੰਤ ਕੌਰ

ਸਤਿਗੁਰੂ ਜੀ ਦੇ ਵਰੋਸਾਏ ਪਰਿਵਾਰ ਨੂੰ ਖੁਸ਼ੀਆਂ

ਅੱਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰੋਸਾਏ ਜੱਥੇਦਾਰ ਸੰਤ ਨੱਥਾ ਸਿੰਘ ਜੀ ਢੇ ਵਾਲੇ (ਜਲੰਧਰ) ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਬਖਸ਼ਿਸ਼ਾਂ ਸਦਕਾ 7 ਨਵੰਬਰ 2017 ਨੂੰ ਪੋਤਰੇ ਗੁਰਰਤਨ ਸਿੰਘ ਦੇ ਗ੍ਰਹਿ ਪੁੱਤਰ ਦੀ ਦਾਤ ਪ੍ਰਾਪਤ ਹੋਈ ਹੈ।

ਗੁਰਰਤਨ ਸਿੰਘ ਸੰਤ ਜਗਦੀਸ਼ ਸਿੰਘ ਵਰਿਆਮ ਦਾ ਸਭ ਤੋਂ ਪਿਆਰਾ ਭਤੀਜਾ ਅਤੇ ਸ. ਨਰੈਣ ਸਿੰਘ ਜਲੰਧਰ ਦਾ ਸਪੁੱਤਰ ਹੈ।

ਸ੍ਰੀ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ

ਬੁਝੋ ਭਲਾ ਉਹ ਕੌਣ ਹੈ



ਅਮਰੀਕ ਸਿੰਘ (ਮਾਸਟਰ)

ਸਹਾਰਾ ਮਿਲ ਗਇਆ ਉਸਦਾ ਜੋ ਸਿਰਜਣਹਾਰ ਕਹਿਲਾਂਦੈ
ਚਰਨ ਫੜ ਲੈ ਨੇ ਮੈਂ ਉਸਦੇ ਜੋ ਪਾਲਨਹਾਰ ਕਹਿਲਾਂਦੈ

ਉਹ ਝਟਪਟ ਬਖ਼ਸ਼ ਦੇਂਦਾ ਏ ਮੇਰੇ ਵਰਗੇ ਗੁਨਾਹੀਆਂ ਨੂੰ
ਭਰੀ ਦੁਨੀਆਂ ਚ' ਉਹ ਕੱਲਾ ਹੀ ਬਖਸ਼ਨ ਹਾਰ ਕਹਿਲਾਂਦੈ

ਉਹ ਘਰ ਘਰ ਵੰਡਦਾ ਫਿਰਦੈ ਆਮੁਲੀਆਂ ਅਣਗਿਣਤ ਦਾਤਾਂ
ਮੈਂ ਕੋਠੇ ਚੜ੍ਹ ਕੇ ਕਹਿਣਾ ਸਭ ਨੂੰ ਦੇਵਨ ਹਾਰ ਕਹਿਲਾਂਦੈ

ਉਹ ਚਾਹੁੰਦੈ ਕੋਈ ਵੀ ਦੁਖੀਆ, ਨ ਰਹਿ ਜਾਏ ਜਮਾਨੇ ਵਿੱਚ
ਤੇ ਚੰਗਿਆਂ ਮੰਦਿਆਂ ਦੇ ਦੁੱਖ ਨਿਵਾਰਨ ਹਾਰ ਕਹਿਲਾਂਦੈ

ਕਿਸੇ ਨੂੰ ਰਹਿਣ ਦੇਂਦਾ ਨਹੀਂ ਕਦੇ ਵਿਰਵਾ ਅਤੇ ਊਣਾਂ
ਉਹ ਭਰਨੇ ਜਾਣਦੈ ਰੀਤੇ ਭਰਾਵਨ ਹਾਰ ਕਹਿਲਾਂਦੈ

ਨਹੀਂ ਉਹ ਰੀਝਦਾ ਮਹਿੰਗੇ ਤੋਂ ਮਹਿੰਗੇ ਤੋਹਫਿਆਂ ਉਤੇ
ਹੈ ਭੁਖਾ ਪਿਆਰ ਦਾ ਜਿਸ ਨੂੰ ਨਿਭਾਵਾਨ ਕਹਿਲਾਂਦੈ

ਉਹਦਾ ਦਰਸ਼ਨ ਸਫਲਤਾ ਦੀ ਬੜੀ ਪੱਕੀ ਨਿਸ਼ਾਨੀ ਏ
ਮੇਰੇ ਵਰਗੇ ਵੀ ਡਿਗਿਆਂ ਨੂੰ ਉਠਾਵਨ ਹਾਰ ਕਹਿਲਾਂਦੈ

ਕਿਸੇ ਦੀ ਜਾਤ ਨਹੀਂ ਪੁਛਦਾ ਕਿਸੇ ਦੀ ਪਾਤ ਨ ਜਾਣੇ
ਬਰਾਬਰ ਜਾਣ ਕੇ ਸਭ ਨੂੰ ਵਰਾਵਨਹਾਰ ਕਹਿਲਾਂਦੈ

ਕਿਸੇ ਵੀਰਾਨ ਜੰਗਲ ਨੂੰ ਗੁਲੋ ਗੁਲਜਾਰ ਕਰ ਦੇਂਦੈ
ਤੇ ਸਹਿਰਾਵਾਂ ਚ' ਸੋਹਣੇ ਫੁੱਲ ਖਿੜਾਵਨ ਹਾਰ ਕਹਿਲਾਂਦੈ

ਹੈ ਖੁਸ਼ ਕਿਸਮਤ ਬੜਾ ਅਮਰੀਕ ਜੋ ਚਰਨੀ ਹੈ ਆ ਲਗਿਆ
ਉਹ ਚਰਨੀ ਲਗਿਆਂ ਦੀ ਲਜ ਪਤ ਰਖਾਵਨ ਹਾਰ ਕਹਿਲਾਂਦੈ

ਮੋ-9354124515

ਵਰਿਆਮ ਦੇ ਖਜ਼ਾਨੇ ਵਿਚੋਂ...

ਇਕ ਸੰਘਰਸ਼ਮਈ ਜੀਵਨ





-ਸਵ.ਜਗਦੀਸ਼ ਸਿੰਘ ਵਰਿਆਮ

ਸਤਿਗੁਰੂ ਜਗਜੀਤ ਸਿੰਘ ਜੀ ਦਾ ਜੀਵਨ ਸੰਘਰਸ਼ਮਈ ਹੈ, ਲੜਾਈ ਦਾ ਹੈ। ਭਾਵੇਂ ਉਹਨਾਂ ਨੂੰ ਮਿਲਣ ਵਾਲਾ ਕੋਈ ਵੀ ਵਿਅਕਤੀ ਉਹਨਾਂ ਦੀ ਨਿਰਮਾਨਤਾ ਦਾ ਪ੍ਰਭਾਵ ਲਏ ਬਿਨਾਂ ਨਹੀਂ ਰਹਿ ਸਕਦਾ। ਉਹਨਾਂ ਦੀ ਮੁਸਕਰਾਹਟ ਤਪਦੇ ਦਿਲਾਂ ਨੂੰ ਠਾਰਦੀ ਹੈ। ਕੋਈ ਕਿੰਨੀ ਵੀ ਫਿਕਰਮੰਦੀ ਵਿਚ ਹੋਵੇ ਕਿਵਾ ਸੰਕਟ ਦਾ ਪਹਾੜ ਟੁੱਟ ਪਿਆ ਹੋਵੇ, ਕਾਰੋਬਾਰ ਬਰਬਾਦ ਹੋ ਗਿਆ ਹੋਵੇ। ਧਨ ਪਦਾਰਥ ਖਤਮ ਹੋ ਗਿਆ ਹੋਵੇ, ਸਰੀਰਕ ਰੋਗ ਹੋਵੇ ਜਾਂ ਕਿਸੇ ਪ੍ਰਕਾਰ ਦੀ ਚਿੰਤਾ ਹੋਵੇ ਉਹਨਾਂ ਵਲੋਂ ਧਰਵਾਸ, ਉਹਨਾਂ ਦੀ ਮੌਜੂਦਗੀ ਤਪਦੇ ਦਿਲਾਂ ਨੂੰ ਠੰਡ ਪਾਉਂਦੀ ਹੈ। ਉਹਨਾਂ ਦੀ ਇਕ ਪਿਆਰ ਭਰੀ ਮੁਸਕਰਾਹਟ ਨਾਲ ਹੀ ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ। ਉਹਨਾਂ ਨੂੰ ਪਿਆਰ ਦਾ ਸੋਮਾ ਕਿਹਾ ਜਾਂਦਾ ਹੈ ਅਮਨ ਦੇ ਦੂਤ ਕਿਹਾ ਜਾਂਦਾ ਹੈ। ਸ. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਆਪਣੀ ਜ਼ਿੰਦਗੀ ਦੀ ਅੰਤਮ ਲਿਖਤ ਵਿਚ ਉਹਨਾਂ ਬਾਰੇ ਲਿਖਿਆ ਹੈ "ਸਤਗੁਰ ਆਉਣ ਰਹਿ ਆਵੇ।" ਉਹ ਮਿਠ ਬੋਲੜੇ ਹਨ। ਪਿਆਰ ਨਾਲ ਕੀਲਦੇ ਹਨ ਪਰ ਇਹਨਾਂ ਗੱਲਾਂ ਦੇ ਬਾਵਜੂਦ ਵੀ ਉਹ ਲਗਾਤਾਰ ਜੰਗ ਕਰ ਰਹੇ ਹਨ, ਸੰਘਰਸ਼ ਕਰ ਰਹੇ ਹਨ, ਉਹਨਾਂ ਦੀ ਲੜਾਈ ਦਿਨ ਰਾਤ ਜਾਰੀ ਰਹਿੰਦੀ ਹੈ।

ਉਹਨਾਂ ਦੀ ਲੜਾਈ ਹੈ ਸਮਾਜ ਦੇ ਕੂਹੜ ਵਿਰੁੱਧ, ਬੁਰਾਈਆਂ ਵਿਰੁੱਧ, ਜਹਾਲਤ ਵਿਰੁੱਧ। ਆਪਣੇ ਮਿਸ਼ਨ ਦੀ ਪੂਰਤੀ ਵਾਸਤੇ, ਅਪਨੀ ਇਸ ਜੰਗ ਵਾਸਤੇ ਉਹ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਨੂੰ ਤਿਆਰ ਹੋ ਜਾਂਦੇ ਹਨ ਅਤੇ ਦਿੰਦੇ ਹਨ। ਇਕੋ ਸਮੇਂ ਉਹਨਾਂ ਦੀ ਲੜਾਈ ਕਈਆਂ ਫਰੰਟਾਂ ਤੇ ਜਾਰੀ ਹੈ। ਧਾਰਮਕ ਫਰੰਟ ਤੇ, ਸਮਾਜਕ ਫਰੰਟ ਤੇ ਅਤੇ ਸਭਿਆਚਾਰਕ ਖੇਤਰ 'ਚ।

ਕਿਸੇ ਵੀ ਗੁਰੂ ਨੂੰ ਸਭ ਤੋਂ ਪਿਆਰੀ ਚੀਜ਼ ਉਸਦੀ ਉਮਤ ਹੁੰਦੀ ਹੈ। ਅੱਜ ਦੁਨੀਆ ਵਿਚ ਅਨੇਕ ਧਾਰਮਕ ਅਤੇ ਦੂਸਰੇ ਰਾਹਨੁਮਾ ਹਨ। ਸਾਰੇ ਜ਼ੋਰ ਲਾ ਕੇ ਆਪਣੀ ਗਿਣਤੀ ਵਧਾਉਣ ਲਈ ਹਰ ਹੀਲੇ ਕਰਦੇ ਹਨ। ਹਰ ਫਿਰਕੇ ਹਰ ਸਿਆਸੀ ਪਾਰਟੀ ਦੀ ਅਤੇ ਹਰ ਧਾਰਮਕ ਆਗੂ ਦੀ ਖਾਹਸ਼ ਹੁੰਦੀ ਹੈ ਕਿ ਉਹਨਾਂ ਦੀ ਗਿਣਤੀ ਵਧੇ। ਜ਼ਿਆਦਾ ਤੋਂ ਜ਼ਿਆਦਾ ਪਬਲਿਕ ਇਕੱਠੀ



ਕਰਨ ਲਈ ਬਾਰਸੂਖ ਆਦਮੀਆਂ ਨੂੰ, ਧਨਵਾਨਾਂ ਨੂੰ, ਰਾਜਸ਼ੀ ਨੇਤਾਵਾਂ ਨੂੰ ਨਾਲ ਗੰਢਿਆ ਜਾਂਦਾ ਹੈ। ਲੋਕਾਂ ਨੂੰ ਆਪਣੇ ਮਗਰ ਲਾਉਣ ਲਈ ਹਰ ਹੀਲੇ ਵਰਤੇ ਜਾਂਦੇ ਹਨ। ਪਰ ਸਤਿਗੁਰੂ ਜਗਜੀਤ ਸਿੰਘ ਅਸੂਲਾਂ ਲਈ, ਸਮਾਜ ਦੇ ਨਤਾਣੇ ਵਰਗ ਦੇ ਹਿਤਾਂ ਦੀ ਰਾਖੀ ਲਈ ਨਾ ਤਾਂ ਕਿਸੇ ਸਿਆਸੀ ਨੇਤਾ ਦੀ ਪਰਵਾਹ ਕਰਦੇ ਹਨ ਨਾ ਆਪਣੇ ਨਿਕਟੀ ਸੇਵਕਾਂ ਦੀ ਅਤੇ ਨਾ ਹੀ ਇਸ ਗੱਲ ਦੀ ਕਿ ਉਹਨਾਂ ਦੇ ਪੈਰੋਕਾਰ ਘੱਟ ਜਾਣਗੇ। ਇਸ ਜੰਗ ਦੇ ਕਈ ਰੂਪ ਹਨ।


ਇਕ ਬੁਰਾਈ ਜਿਸ ਨੇ ਸਾਰਿਆਂ ਸਮਾਜਾਂ ਦਾ ਨੱਕ ਵਿਚ ਦਮ ਕੀਤਾ ਹੋਇਆ, ਹੈ ਉਹ ਹੈ ਦਾਜ ਪ੍ਰਥਾ ਅਤੇ ਵਿਆਹ ਪ੍ਰਨਾਲੀ। ਅਨੇਕਾਂ ਮਜ਼ਹਬੀ ਤੇ ਸਮਾਜੀ ਆਗੂ, ਸਿਆਸੀ ਨੇਤਾ ਅਤੇ ਅਖਬਾਰ ਨਵੀਸ ਇਸ ਵਿਚ ਸੁਧਾਰ ਕਰਨ ਦਾ ਜਤਨ ਕਰ ਰਹੇ ਹਨ ਪਰ ਇਸ ਤੇ ਕਾਬੂ ਤਾਂ ਕੀ ਪਾਉਣਾ ਹੈ ਸਗੋਂ ਇਹ ਬੁਰਾਈ ਅਮਰ ਵੇਲ ਵਾਂਗ ਵਧਦੀ ਹੀ ਜਾਂਦੀ ਹੈ। ਇਸ ਨੂੰ ਖਤਮ ਕਰਨ ਵਾਲੇ ਆਪ ਮੁਕ ਗਏ ਪਰ ਇਹ ਜਿਓਂ ਦੀ ਤਿਓਂ ਹੈ। ਨਾਮਧਾਰੀ ਸਤਿਗੁਰੂਆਂ ਨੇ ਵੀ ਇਸ ਬੁਰਾਈ ਨੂੰ ਖਤਮ ਕਰਨ ਲਈ ਸੁਧਾਰਾਂ ਦਾ ਆਰੰਭ ੧੮੬੩ ਈ. ਤੋਂ ਕੀਤਾ ਹੋਇਆ ਹੈ। ਆਮ ਲੋਕਾਂ ਦਾ ਖਿਆਲ ਹੋ ਸਕਦਾ ਹੈ ਕਿ ਨਾਮਧਾਰੀਆਂ ਨੇ ਇਸ ਮਸਲੇ ਨੂੰ ਬਿਲਕੁਲ ਨਜਿੱਠ ਲਿਆ ਹੈ। ਪਰ ਇਹ ਗਲ ਕਹਿਣ ਵਿਚ ਕੋਈ ਆਰ ਨਹੀਂ ਕਿ ਇਹ ਕੁਰੀਤੀ ਨਵੇਂ ਨਵੇਂ ਰੂਪਾਂ ਵਿਚ ਸਾਹਮਣੇ ਆਉਂਦੀ ਹੈ ਤੇ ਸਤਿਗੁਰੂ ਜੀ ਇਸ ਦੇ ਵਿਰੁੱਧ ਤਗੜੀ ਜੰਗ ਕਰਕੇ ਕਾਬੂ ਪਾਉਂਦੇ ਹਨ।

ਨਾਮਧਾਰੀਆਂ ਵਿਚ ਦਾਜ ਦਹੇਜ ਦਾ ਲੈਣਾ ਦੇਣਾ ਬੰਦ ਕੀਤਾ ਗਿਆ ਹੈ। ਇਸ ਦੀ ਨਾਕੇਬੰਦੀ ਲਈ ਠਾਕੇ ਤੇ ਸ਼ਗਨ ਦੀ ਰਸਮ ਦੀ ਮਨਾਹੀ, ਇਕਠੇ ਸਮੂਹ ਅਨੰਦ ਕਾਰਜ ਮੇਲਿਆਂ ਵਿਚ ਕਰਨ ਦਾ ਰਵਾਜ ਅਤੇ ਉਸ ਪਿਛੋਂ ਲੜਕੀ ਦਾ ਦੋ ਹਫਤਿਆਂ ਲਈ ਸਹੁਰੇ ਘਰ ਰਹਿਣਾ ਤਾਂ ਤੈਅ ਕੀਤਾ ਹੀ ਗਿਆ ਹੈ ਸਤਿਗੁਰੂ ਜੀ ਵਲੋਂ ਵਿਦਿਅਕ ਜਥੇ ਨੂੰ ਨਵੀਂ ਡਿਊਟੀ ਦਿੱਤੀ ਗਈ ਹੈ ਕਿ ਅਨੰਦ ਕਾਰਜ ਤੋਂ ਪਹਿਲਾਂ ਪੜਚੋਲ ਕਰਨ ਕਿ ਇਸ ਸਬੰਧ ਵਿਚ ਕੋਈ 'ਗਲਤੀ' ਤਾਂ ਨਹੀਂ ਕਿਸੇ ਪਾਸਿਓਂ ਹੋਈ।

ਇਸ ਅਸੂਲ ਨੇ ਜਿਥੇ ਗਰੀਬ ਲੋਕਾਂ ਨੂੰ ਸਹੂਲਤ ਦਿੱਤੀ ਹੈ ਉਥੇ ਸਰਦੇ ਪੁਜਦੇ ਲੋਕਾਂ ਲਈ ਪਰੇਸ਼ਾਨੀ ਵੀ ਪੈਦਾ ਕੀਤੀ ਕਿ ਉਹ ਆਪਣੇ ਪੈਸਿਆਂ ਦਾ ਜਲੌਅ ਕਿਥੇ ਵਖਾਉਣ। ਫਿਰ ਸਮਾਜਕ ਗੁਟ ਬੰਧਣ ਨਾਮਧਾਰੀਆਂ ਤੋਂ ਬਾਹਰ ਦੀ ਹੋਣ ਕਾਰਨ ਉਪਰਲੇ ਵਰਗ ਦੇ ਲੋਕਾਂ ਵਲੋਂ ਇਹਨਾਂ ਅਸੂਲਾਂ ਦੀ ਉਲੰਘਨਾ ਸੁਭਾਵਕ ਹੀ ਹੋ ਜਾਂਦੀ ਹੈ ਜਿਸ ਨਾਲ ਸਮਾਜ ਦੇ ਗਰੀਬ ਵਰਗ ਲਈ ਬਹੁਤ ਪਰੇਸ਼ਾਨੀਆਂ ਅਤੇ ਪੇਚੀਦਗੀਆਂ ਪੈਦਾ ਹੁੰਦੀਆਂ ਹਨ।

ਤਪਦੇ ਦਿਲਾਂ ਨੂੰ ਠਾਰਨ ਵਾਲੇ ਸਗਲੀ ਦੇ ਕਾਜ ਸੁਆਰਨ ਵਾਲੇ ਸਤਿਗੁਰੂ ਜਗਜੀਤ ਸਿੰਘ ਉਸ ਵੇਲੇ ਕਠੋਰ ਤੇ ਰੁਖੇ ਹੋ ਕੇ ਇਸ ਬੁਰਾਈ ਦੀ ਜੜ੍ਹ ਵਡਣ ਲਈ ਲੜਦੇ ਹਨ ਉਸ ਵੇਲੇ ਨਾ ਕਿਸੇ ਦੀ ਮਾਇਕ ਜਾਂ ਰਾਜਸੀ ਹੈਸੀਅਤ ਨਾ ਨੇੜਤਾ ਅਤੇ ਸੇਵਾ ਦਾ ਲਿਹਾਜ਼ ਹੁੰਦਾ ਹੈ ਅਤੇ ਨਾ ਕਿਸੇ ਦੀ ਨਾਰਾਜ਼ਗੀ ਦਾ ਡਰ।

ਸਤਿਗੁਰੂ ਜੀ ਦੇ ਇਕ ਪਰਮ ਪ੍ਰੀਤਵਾਨ ਸੇਵਕ ਸੇਠ ਤਰਲੋਕ ਸਿੰਘ ਚਾਵਲਨਾ ਹਨ। ਦਿਲੀ ਵਿਚ ਹਮੇਸ਼ਾ ਉਹਨਾਂ ਦੀ ਕੋਠੀ ਵਿਚ ਨਿਵਾਸ ਕਰਦੇ ਹਨ। ਸਤਿਗੁਰੂ ਜੀ ਦੇ ਲੰਗਰ ਦਾ, ਟੈਲੀਫੋਨ ਦਾ, ਸਾਧ ਸੰਗਤ ਦੀ ਸੇਵਾ ਦਾ ਖਰਚ ਸੇਠ ਜੀ ਕਰਦੇ ਹਨ। ਸੇਠ ਜੀ ਆਪਣੀ ਸੇਵਾ ਅਤੇ ਸੁਭਾਅ ਕਾਰਨ ਆਮ



ਸੰਗਤਾਂ ਵਿਚ ਵੀ ਹਰਮਨ ਪਿਆਰੇ ਹਨ ਅਤੇ ਸਰਕਾਰੇ ਦਰਬਾਰੇ ਉਹਨਾਂ ਦੀ ਪਹੁੰਚ ਵੀ ਬਹੁਤ ਹੈ। ਸਤਿਗੁਰੂ ਜੀ ਦੀ ਇੱਛਾ ਨੂੰ ਹੀ ਹੁਕਮ ਸਮਝ ਕੇ ਸਾਰਾ ਪਰਿਵਾਰ ਹੱਥ ਬੰਨ ਕੇ ਇਛਾ ਪੂਰਤੀ ਲਈ ਤੱਤਪਰ ਰਹਿੰਦਾ ਹੈ।

ਸੇਠ ਜੀ ਨੇ ਆਪਣੇ ਸਪੁੱਤਰ ਵਾਸਤੇ ਰਿਸ਼ਤੇ ਦੀ ਕਿਤੇ ਹਾਂ ਕੀਤੀ। ਉਹਨਾਂ ਦੇ ਗਿਆਨ ਵਿਚ ਜਾਂ ਗਿਆਨ ਤੋਂ ਬਾਹਰ ਹੀ ਲੜਕੀ ਵਾਲੇ ਫਲਾਂ ਦੇ ਟੋਕਰੇ ਆਦਿਕ ਸਮਾਨ ਸੇਠ ਜੀ ਦੀ ਕੋਠੀ ਛੱਡ ਆਏ। ਇਨੀ ਦਿਨੀਂ ਹੀ ਸਤਿਗੁਰੂ ਜੀ ਦੇ ਅਤਿ ਪਿਆਰੇ ਸੇਵਕ ਸੰਤ ਰਤਨ ਸਿੰਘ ਦੇ ਅਕਾਲ ਚਲਾਣੇ ਦੇ ਨਮਿਤ ਮੇਲਾ ਵੀ ਸੇਠ ਜੀ ਨੇ ਸਾਰਾ ਕਰਾਇਆ। ਜਿਸ ਕਰਕੇ ਹੋਰ ਵੀ ਉਹ ਕ੍ਰਿਪਾ ਦੇ ਪਾਤਰ ਸਨ।

ਪਰ ਜਦੋਂ ਹੀ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਸੇਠ ਜੀ ਲੜਕੇ ਦੇ ਰਿਸ਼ਤੇ ਦੇ ਸਬੰਧ ਵਿਚ ਕੁਝ ਉਪਹਾਰ ਉਹਨਾਂ ਦੇ ਘਰ ਆਏ ਹਨ ਉਦੋਂ ਹੀ ਆਪ ਨੇ ਉਹਨਾਂ ਦੀ ਸਾਰੀ ਘਾਲਣਾ ਨੂੰ ਲੱਤ ਮਾਰ ਉਹਨਾਂ ਦੀ ਕੋਠੀ ਅਤੇ ਘਰ ਦੇ ਜਲ ਪਾਣੀ ਵੀ ਤਿਆਗਣ ਦਾ ਫੈਸਲਾ ਕਰ ਲਿਆ। ਇਹ ਫੈਸਲਾ ਸਤਿਗੁਰੂ ਜਗਜੀਤ ਸਿੰਘ ਹੀ ਕਰ ਸਕਦੇ ਸਨ। ਇਸ ਫੈਸਲੇ ਦਾ ਮਤਲਬ ਸੀ ਕਿ ਬਹੁਤ ਵੱਡੀ ਸਮਰਥਾਵਾਨ ਸ਼ਕਤੀ ਦਾ ਤਿਆਗ। ਇਹ ਵਡੀ ਲੜਾਈ ਦਾ ਮੁੱਢ ਵੀ ਹੋ ਸਕਦਾ ਸੀ।

ਸੇਵਕ ਸੇਠ ਪਰਿਵਾਰ ਵੀ ਹੱਥ ਜੋੜ ਕੇ ਖਲੋ ਗਿਆ ਕਿ ਸਾਡੇ ਗੁਨਾਹ ਮੁਆਫ ਕਰੋ। ਸਤਿਗੁਰੂ ਜੀ ਨੇ ਸ਼ਰਤ ਰੱਖੀ ਉਹ ਵੱਡਿਆਂ ਵੱਡਿਆਂ ਨੂੰ ਪੈਰਾਂ ਹੇਠੋਂ ਕੱਢ ਦਿੰਦੀ ਹੈ- "ਰਿਸ਼ਤਾ ਛੱਡ ਦਿਓ:" ਸੇਠ ਜੀ ਨੇ ਉਸੇ ਵੇਲੇ ਸਤਿ ਬਚਨ ਕਹਿ ਦਿਤਾ। ਉਸ ਪਿਛੋਂ...

ਸੇਠ ਤਰਲੋਕ ਸਿੰਘ ਜੀ ਦੀ ਕੋਠੀ ਨਵੀਂ ਦਿੱਲੀ ਵਿਚ ਰਾਤ ਦੇ ਗਿਆਰਾਂ ਵਜੇ ਪੰਜਾਬ ਦਾ ਇਕ ਮੁੱਖ ਮੰਤਰੀ ਅਤੇ ਪਰਦੇਸ਼ ਦੀ ਮੁੱਖੀ ਸ਼ਿਆਸੀ ਪਾਰਟੀ ਦਾ ਪ੍ਰਧਾਨ ਹਾਜ਼ਰ ਹੋਇਆ। ਮੁੱਖ ਮੰਤਰੀ ਨੇ ਆਪਣੀ ਲੜਕੀ ਦਾ ਰਿਸ਼ਤਾ ਇਕ ਐਸੇ ਪਰਿਵਾਰ ਦੇ ਮੁੰਡੇ ਨਾਲ ਤੈਅ ਕੀਤਾ ਜਿਹਨਾਂ ਦਾ ਪਿਛੋਕੜ ਨਾਮਧਾਰੀ ਸੀ ਅਤੇ ਜਿਨ੍ਹਾਂ ਦੀ ਸੂਬੇ ਅਤੇ ਕੇਂਦਰ ਦੇ ਵੱਡੇ ਤੋਂ ਵੱਡੇ ਅਧਿਕਾਰੀ ਤਕ ਪਹੁੰਚ ਸੀ ਤੇ ਚੰਗਾ ਪਦਾਰਥਕ ਤੇ ਸਿਆਸੀ ਦਬਦਬਾ ਸੀ। ਦੋਵੇਂ ਪਰਿਵਾਰ ਚਾਹੁੰਦੇ ਸਨ ਕਿ ਵਿਆਹ ਆਪਣੀ ਮਰਜ਼ੀ ਨਾਲ ਕਰ ਲਿਆ ਜਾਵੇ ਪਰ ਸਤਿਗੁਰੂ ਜੀ ਤੋਂ ਸਰਸਰੀ ਆਗਿਆ ਲੈ ਲਈ ਜਾਵੇ। ਦੋਹਾਂ ਪਰਿਵਾਰਾਂ ਦੀ ਹੈਸੀਅਤ ਅਤੇ ਅਸਰ ਰਸੂਖ ਦੇ ਸਨਮੁਖ ਇਹ ਇਕ ਰਸਮੀਂ ਜਿਹੀ ਗੱਲ ਸੀ।

ਸਤਿਗੁਰੂ ਜੀ ਨੇ ਫ਼ੁਰਮਾਇਆ ਕਿ ਇਹ ਅਨੰਦ ਕਾਰਜ ਭੈਣੀ ਸਾਹਿਬ ਹੋਵੇ। ਮੁੱਖ ਮੰਤਰੀ ਜੀ ਨੇ ਬਹਾਨਾ ਬਣਾਇਆ ਕਿ ਮੈਂ ਆਪਣੇ ਹਲਕੇ ਵਿਚ ਕਰਨਾ ਚਾਹੁੰਦਾ ਹਾਂ ਆਪ ਕ੍ਰਿਪਾ ਕਰੋ। ਸਤਿਗੁਰੂ ਜੀ ਨੇ ਕਿਹਾ ਕਿ ਮੇਰਾ ਹਲਕਾ ਤਾਂ ਸਾਰਾ ਸੰਸਾਰ ਹੈ। ਸਾਡੇ ਵਿਚ ਕੁੜਮਾਈ ਕਰਨਾ ਵੀ ਵਿਵਰਜਤ ਹੈ ਤੁਸੀਂ ਸਾਰੀਆਂ ਰਸਮਾਂ ਕਰ ਲਈਆਂ ਹਨ। ਚਲੋ ਤੁਸੀਂ ਨਵੇਂ ਹੋਣ ਕਰਕੇ ਮੁਆਫ ਕੀਤੀਆਂ ਪਰ ਅਨੰਦ, ਸਾਦੀ ਰੀਤੀ ਅਨੁਸਾਰ ਭੈਣੀ ਸਾਹਿਬ ਦੀ ਹੀ ਆਗਿਆ ਮੈਂ ਦੇ ਸਕਦਾ ਹਾਂ ਅਤੇ ਇਸੇ ਗਲ ਤੇ ਅੰਤ ਤਕ ਡਟੇ ਰਹੇ।

ਆਪਣੇ ਸੇਵਕਾਂ ਦਾ ਕੁੜਮ ਬੜਾ ਸ਼ਕਤੀਸ਼ਾਲੀ ਮੁੱਖ ਮੰਤਰੀ ਹੋਵੇ ਅਤੇ ਉਹ ਦਰ ਤੇ ਖੁਦ ਹਾਜ਼ਰ ਹੋ ਕੇ ਯਾਚਨਾ ਕਰ ਰਿਹਾ ਹੋਵੇ। ਇਹ ਕਿਸੇ ਵੀ ਗੁਰੂ ਸਰਬਰਾਹ ਵਾਸਤੇ ਇਕ ਫ਼ਖਰ ਯੋਗ ਗਲ ਹੋ ਸਕਦੀ ਸੀ ਅਤੇ ਅਖਬਾਰਾਂ ਵਿਚ ਤਸਵੀਰਾਂ ਸਮੇਤ ਚਰਚਾ ਦਾ ਵਿਸ਼ਾ ਬਣ ਸਕਦੀ ਸੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਵਰਗੀ ਸਰਬ ਅਧਿਕਾਰਤ ਸ਼ਖਸੀਅਤ ਲਈ ਉਹਨਾਂ ਵਾਸਤੇ ਕਿਹੋ ਜਿਹੀ ਆਗਿਆ ਦੇਣਾ ਵੀ



ਆਸਾਨ ਸੀ ਪਰ ਉਹਨਾਂ ਨੇ ਇਸ ਵਿਆਹ ਦਾ ਬਾਈਕਾਟ ਕੀਤਾ। ਐਡੀ ਵੱਡੀ ਤਾਕਤ ਅਤੇ ਪਬਲਿਸਿਟੀ ਨੂੰ ਠੁਕਰਾਨਾ ਅਤੇ ਸੰਭਵ ਮੁਖਾਲਫਤ ਸਹੇੜਨਾ ਇਹ ਕੇਵਲ ਤੇ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਹੀ ਕਰ ਸਕਦੇ ਹਨ। ਸਤਿਗੁਰੂ ਜਗਜੀਤ ਸਿੰਘ ਜਿਹੜੇ ਅੱਗ ਤੇ ਪਾਣੀ ਦਾ ਮੇਲ ਕਰ ਸਕਦੇ ਹਨ। ਵੱਖ ਵੱਖ ਪਾਰਟੀਆਂ ਗਰੁੱਪਾਂ ਨੂੰ ਇਕ ਥਾਂ ਬੈਠਾ ਸਕਦੇ ਹਨ ਜਿਨ੍ਹਾਂ ਦੇ ਹਰ ਬਚਨ ਕਰਮ ਚੋਂ ਸ਼ਾਂਤੀ ਤੇ ਮਿਤਰਤਾ ਦੀਆਂ ਖੁਸ਼ਬੋਆਂ ਆਉਂਦੀਆਂ ਪਰ ਗਰੀਬ ਲੋਕਾਂ ਦੇ ਹਿਤਾਂ ਲਈ ਬੜੇ ਸਖਤ ਹੋ ਜਾਂਦੇ ਹਨ। ਕਿਸੇ ਵੀ ਭੈੜੇ ਤੋਂ ਭੈੜੇ ਸਿਟੇ ਦੀ ਪਰਵਾਹ ਕੀਤੇ ਬਗੈਰ ਡੱਟਦੇ ਹਨ ਉਸ ਵੇਲੇ ਨਾ ਕਿਸੇ ਮੁੱਖ ਮੰਤਰੀ ਦੀ ਚਲ ਸਕਦੀ ਹੈ ਨਾ ਪ੍ਰਧਾਨ ਮੰਤਰੀ ਦੀ ਨਾ ਕਿਸੇ ਸਿਫਾਰਸ਼ੀ ਦੀ ਅਤੇ ਨਾ ਹੀ ਕਿਸੇ ਅਤਿ ਨਿਕਟੀ ਸੇਵਕ ਦੀ।

ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਪਿੰਡਾਂ ਵਿਚ ਇਕ ਮੁੰਡਾ ਹੱਥ 'ਚ ਝੋਲਾ ਫੜਿਆ ਆ ਹਾਜ਼ਰ ਹੋਇਆ। ਅਰਜ਼ ਕੀਤੀ "ਮੇਰਾ ਅਨੰਦ ਕਾਰਜ ਹੋਇਆ ਹੈ ਆਪ ਨੇ ਦਾਜ ਲੈਣ ਦੀ ਮਨਾਹੀ ਕੀਤੀ ਹੈ ਮੇਰਾ ਬਾਪ ਦਾਜ ਲੈ ਆਇਆ ਹੈ ਮੈਂ ਕੀ ਕਰਾਂ?" ਹੁਕਮ ਕੀਤਾ ਤੂੰ ਜੀਵਨ ਨਗਰ ਡੇਰੇ ਆ ਜਾ ਸਾਰਿਆਂ ਨੂੰ ਛੱਡ ਕੇ। ਫੇਰ ਤੇਰੇ ਬਾਪ ਨਾਲ ਗਲ ਕਰਾਂਗੇ। ਉਸ ਮੁੰਡੇ ਨੇ ਇਵੇਂ ਹੀ ਕੀਤਾ। ਅਜਿਹੀਆਂ ਕਈ ਮਿਸਾਲਾਂ ਹਨ ਜਿਥੇ ਨੌਜੁਆਨਾਂ ਨੂੰ ਸਤਿਗੁਰੂ ਜੀ 'ਵਗਾੜਦੇ' ਹਨ। ਮਾਪਿਆਂ ਦੀ ਆਗਿਆ ਪਾਲਣ ਦਾ ਆਦੇਸ਼ ਦੇਣ ਵਾਲੇ ਆਪ ਆਗਿਆ ਦੀ ਉਲੰਘਣਾ ਲਈ ਪ੍ਰੇਰਦੇ ਹਨ ਇਸ ਮੌਕੇ ਤੇ ਉਹ ਨੌਜੁਆਨਾਂ ਨੂੰ ਪ੍ਰਹਿਲਾਦ ਵਾਂਗ ਬਾਪ ਦੀ ਮੁਖਾਲਫਤ ਲਈ ਹਲਾ ਸ਼ੇਰੀ ਦਿੰਦੇ ਹਨ। ਇਥੇ ਇਹ ਦਸ ਦੇਣਾ ਜ਼ਰੂਰੀ ਹੈ ਕਿ ਵਿਆਹਾਂ ਸਬੰਧੀ ਇਹ 'ਦੋਸ਼' ਆਪ ਲੋਕਾਂ ਦੇ ਰਿਵਾਜਾਂ ਸਾਹਮਣੇ ਬਿਲਕੁਲ ਨਿਰਮੂਲ ਹੁੰਦੇ ਹਨ।

ਸੰਘਰਸ਼ ਸਤਿਗੁਰੂ ਜੀ ਦੇ ਜੀਵਨ ਦਾ ਲਖਸ਼ ਹੈ। ਇੰਨੇ ਸਮਰਥਾਵਾਨ ਹੁੰਦੇ ਹੋਏ, ਕਾਰਾਂ ਦੇ ਮਾਲਕ ਹੁੰਦੇ ਹੋਏ ਉਹ ਜ਼ਰਾ ਵੀ ਆਰਾਮ ਪ੍ਰਸਤ ਨਹੀਂ ਬਲਕਿ ਤੂਫ਼ਾਨਾਂ ਨਾਲ ਖੇਡਣਾ ਉਹਨਾਂ ਦਾ ਸ਼ੌਕ ਹੈ। ਮੁਸ਼ਕਲ ਕੰਮ ਕਰਨ 'ਚ ਆਸਾਨੀ ਮਹਿਸੂਸ ਕਰਦੇ ਹਨ।

ਇਕ ਵਾਰ ਵਡਿਆਂ ਹੜਾਂ ਦੇ ਵੇਲੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚੋਂ ਲੰਘਦੀ ਘਗਰ ਨਦੀ ਜਿਸ ਨੂੰ ਉਥੇ ਨਾਲੀ ਕਹਿੰਦੇ ਹਨ, ਨੇ ਤਬਾਹੀ ਲਿਆ ਦਿੱਤੀ। ਨਾਲੀ ਦੇ ਨਾਲ ਲਗਦੇ ਪਿੰਡਾਂ ਦੇ ਖਤਮ ਹੋਣ ਦਾ ਖਤਰਾ ਪੈਦਾ ਹੋ ਗਿਆ। ਲੋਕ ਘਬਰਾ ਗਏ, ਉਸ ਵੇਲੇ ਸਤਿਗੁਰੂ ਜੀ ਆਪਣੀ ਜਾਨ ਜੋਖੋਂ ਵਿਚ ਪਾ ਕੇ ਲੋਹੇ ਦੇ ਇਕ ਵਡੇ ਕੜਾਹੇ ਤੇ ਚੜ੍ਹ ਕੇ (ਬੇੜੀ ਕੋਈ ਨਹੀਂ ਸੀ) ਲੋਕਾਂ ਦੀ ਹਿੰਮਤ ਬਨਾਉਣ ਲਈ ਠਿਲ੍ਹ ਪਏ। ਜਾ ਕੇ ਵੰਗਾਰਿਆ "ਤਗੜੇ ਹੋ ਜਾਵੋ। ਘਬਰਾਓ ਨਾ ਬੰਨ੍ਹ ਨੂੰ ਮਜ਼ਬੂਤ ਕਰੋ।" ਸਤਿਗੁਰੂ ਜੀ ਨੂੰ ਆਪਣੇ ਵਿਚ ਵੇਖਦਿਆਂ ਸਾਰ ਲੋਕਾਂ ਦੇ ਹੌਸਲੇ ਉਚੇ ਹੋ ਗਏ ਉਹਨਾਂ ਜੈਕਾਰੇ ਛੱਡ ਤੇ ਜ਼ੋਰ ਸ਼ੋਰ ਨਾਲ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਕਮਰਕਸੇ ਕਰ ਲਏ।

ਆਪ ਕਿਸੇ ਉਚੇਚ ਨੂੰ ਪਸੰਦ ਨਹੀਂ ਕਰਦੇ। ਜੇ ਕਿਤੇ ਆਪ ਨਾਲ ਵਿਚਰਣ ਦਾ ਸੁਅਵਸਰ ਪ੍ਰਾਪਤ ਹੋ ਜਾਵੇ ਤਾਂ ਨਿਤ ਨਵੀਆਂ ਗੱਲਾਂ ਵੇਖਣ ਨੂੰ ਮਿਲਣਗੀਆਂ। ਉਹਨਾਂ ਦੇ ਨਾਲ ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਪਿੰਡਾਂ ਦੇ ਦੌਰੇ ਦਾ ਥੋਹੜਾ ਕੁ ਸੁਭਾਗ ਮੈਨੂੰ ਮਿਲਿਆ। ਨਾਲੀ ਤੋਂ ਉਰਲੇ ਇਲਾਕੇ ਵਿਚ ਤਾਂ ਸਤਿਗੁਰੂ ਜੀ ਨੇ ਅਗਵਾਈ ਕਰਕੇ ਸਾਰੀਆਂ ਸੜ੍ਹਕਾਂ ਪਕੀਆਂ ਬਣਵਾ ਦਿੱਤੀਆਂ ਹਨ ਪਰ ਪਾਰ ਅਜੇ ਰਸਤੇ ਕਚੇ ਹੀ ਹਨ। ਘਟਾ ਮਿਟੀ ਨਾਲ ਭਰਪੂਰ ਇਲਾਕਾ ਗਡੀ ਉਛਲ ਉਛਲ ਜਾਂਦੀ। ਸਤਿਗੁਰੂ ਜੀ ਹਰ ਪਿੰਡ ਦੋ ਚਾਰ ਮਿੰਟ ਰੁਕ ਦੇ ਸਿੱਖਾਂ ਦਾ

ਹਾਲ ਚਾਲ ਪੁਛਦੇ ਅੱਗੇ ਚਲੇ ਜਾਂਦੇ। ਕਈਆਂ ਰਾਹਾਂ ਤੇ ਸਿੱਖ ਅਗੋਂ ਵਾਰੀ ਆ ਕੇ ਮਿਲਦੇ। ਇਕ ਸਿੱਖ ਦਾ ਖੂਹ ਇਕਲਵੰਜਾ ਸੀ। ਅਸੀਂ ਨਹਿਰ ਤੋਂ ਉਤਰ ਕੇ ਸੂਏ ਦੇ ਕੰਢੇ ਕੰਢੇ ਗਡੀ ਤੇ ਜਾ ਰਹੀ ਸੀ ਕਿ ਮੰਜ਼ਲ ਤੇ ਪਹੁੰਚ ਕੇ ਪਤਾ ਲੱਗਾ ਕਿ ਅਸੀਂ ਸੂਏ ਦੇ ਗਲਤ ਪਾਸੇ ਆ ਗਏ ਹਾਂ। ਸਿੱਖ ਦਾ ਡੇਰਾ ਤਾਂ ਸੂਏ ਤੋਂ ਦੂਸਰੇ ਪਾਰ ਹੈ। ਮੇਰੇ ਵਰਗੇ ਤਾਂ ਉਤਰ ਕੇ ਸੰਭਾਵਨਾ ਸੋਚਣ ਲੱਗੇ ਕਿ ਹੁਣ ਵਾਪਸ ਜਾ ਕੇ ਆਉਣ ਤੋਂ ਕਿੰਨਾ ਚਕਰ ਪਵੇਗਾ ਪਰ ਸਤਿਗੁਰੂ ਜੀ ਸੰਤ ਬਲਕਾਰ ਸਿੰਘ ਦੇ ਮੋਢਿਆਂ ਤੇ ਚੜ੍ਹ ਕੇ ਸੂਏ ਤੋਂ ਪਾਰ ਪਹੁੰਚ ਕੇ ਸਿੱਖਾਂ ਵੱਲ ਨੂੰ ਛਪਾ ਛਪ ਚਲੇ ਜਾ ਰਹੇ ਸਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਦੀ ਬੰਜਰ ਕਰੀਰਾਂ ਕੰਡਿਆਂ ਵਾਲੀ ਨਿਰਜਿੰਦ ਧਰਤੀ ਨੂੰ ਵਾਹ ਕੇ ਸ਼ਿੰਗਾਰ ਕੇ ਸੋਹਣੀ ਸਵਛ ਸੋਨਾ ਉਪਜਾਊ ਧਰਤੀ ਬਣਾਇਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਮਨਾਂ ਦੀ ਬੰਜਰ ਧਰਤੀ 'ਚੋਂ ਸੰਗੀਤ ਦੀ ਗੁਲਜ਼ਾਰ ਖਿੜਾਈ ਹੈ।

ਕਦੇ ਕਿਆਸ ਵੀ ਨਹੀਂ ਸੀ ਕੀਤਾ ਜਾ ਸਕਦਾ ਕਿ ਆਮ ਕਿਰਤੀਆਂ ਕਿਸਾਨਾਂ ਤੇ ਜ਼ਮੀਨ ਨਾਲ ਘੋਲ ਕਰਨ ਵਾਲੇ ਪੇਂਡੂਆਂ ਦੇ ਬਚੇ ਕਦੇ ਸ਼ਹਿਰੀਆਂ ਦੇ 'ਸ਼ੌਕ' ਰਾਗ, ਸੰਗੀਤ ਦੇ ਮੁਕਾਬਲੇ ਵਿਚ ਹੀ ਖੜੇ ਹੋ ਸਕਣਗੇ : ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹਨਾਂ ਬੱਚਿਆਂ ਨੂੰ ਮੁਕਾਬਲੇ ਤੇ ਖੜਿਆਂ ਕਰਨਾ ਤਾਂ ਇਕ ਪਾਸੇ ਇਹਨਾਂ ਨੂੰ ਸਾਡੇ ਸੋਲ੍ਹਾਂ, ਸਵਾ ਚੌਦਾਂ, ਪੌਣੇ ਪੰਦਰਾਂ ਮਾਤਰਾਂ ਦੀਆਂ ਤਾਲਾਂ ਸਿਖਾ ਕੇ ਸੰਗੀਤ ਦੇ ਵੱਡੇ ਵੱਡੇ ਪੰਡਤਾਂ ਨੂੰ ਹੈਰਾਨ ਕਰ ਦਿੱਤਾ। ਸਤਿਗੁਰੂ ਜੀ ਦੇ ਸੰਪਰਕ ਵਿਚ ਆਉਣ ਵਾਲੇ ਵੱਡੇ ਵੱਡੇ ਹੋਰ ਸੰਗੀਤਕਾਰਾਂ ਨੇ ਵੀ ਇਹਨਾਂ ਤਾਲਾਂ ਨੂੰ ਅਪਣਾਇਆ।

ਸੰਗੀਤ ਲਈ ਪ੍ਰੇਮ ਅਤੇ ਸੰਘਰਸ਼ ਦਾ ਇਕ ਨਵਾਂ ਨਮੂਨਾ ਪੇਸ਼ ਹੈ। ੧੯੭੩ ਵਿਚ ਰਾਜਧਾਨੀ ਵਿਚ ਪਹਿਲੇ ਸਰਬ ਹਿੰਦ ਸੰਗੀਤ ਸੰਮੇਲਨ ਵਿਚ ਜੰਮੂ ਦੀ ਕਲਚਰਲ ਅਕੈਡਮੀ 'ਚੋਂ ਵਿਦਿਆਰਥੀਆਂ ਦੇ ਇਕ ਗਰੁੱਪ ਵਿਚ ਦਰਸ਼ਕਾਂ ਵਜੋਂ ਭਾਗ ਲੈਣ ਲਈ ਅਸੀਂ ਆਏ। ਅਸੀਂ ਆਪਣੇ ਠਹਿਰਣ ਦੇ ਥਾਂ ਬਾਰੇ ਸੋਚ ਰਹੇ ਸਾਂ ਜਦ ਸਟੇਸ਼ਨ ਤੇ ਗੱਡੀ ਪਹੁੰਚੀ ਤਾਂ ਕੀ ਦੇਖਦੇ ਹਾਂ ਕਿ ਸਤਿਗੁਰੂ ਜੀ ਹਰ ਪ੍ਰਕਾਰ ਦੇ ਕਾਇਦੇ ਤਿਆਗ ਕੇ ਆਪ ਸਟੇਸ਼ਨ ਤੇ ਲੈਣ ਲਈ ਆਏ ਹੋਏ ਸਨ। ਵਿਦਿਆਰਥੀਆਂ ਦੇ ਗਲਿਆਂ 'ਚ ਹਾਰ ਪਾ ਰਹੇ ਸਨ, ਤਸਵੀਰਾਂ ਖਿਚ ਰਹੇ ਸਨ, ਇਹ ਉਹਨਾਂ ਦਾ ਆਪਣਾ ਢੰਗ ਸੀ ਜਿਸ ਰਾਹੀਂ ਉਹਨਾਂ ਸਾਰਿਆਂ ਨੂੰ ਦਰਸਾ ਦਿੱਤਾ ਕਿ ਉਹ ਸੰਗੀਤ ਕਲਾ ਨਾਲ ਲਗਾਓ ਰੱਖਣ ਵਾਲਿਆਂ ਨਾਲ ਕਿੰਨਾ ਕੁ ਚਿਤ ਰੱਖਦੇ ਹਨ।

ਅੱਜ ਦੇਸ਼ ਵਿਚ ਅਨੇਕਾਂ ਲੋਕ ਸੰਗੀਤ ਸੰਮੇਲਣ ਵੀ ਕਰਦੇ ਹਨ ਤੇ ਸੰਗੀਤ ਦੇ ਪ੍ਰਚਾਰ ਦਾ ਦਾਅਵਾ ਵੀ ਪਰ ਜਿਸ ਤਰ੍ਹਾਂ ਅਤੇ ਜਿੰਨੇ ਥੋਹੜੇ ਸਮੇਂ ਵਿਚ ਕਲਾਕਾਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੈਦਾ ਕੀਤੇ ਹਨ ਇਹ ਕਰਾਮਾਤ ਹੀ ਹੈ।

ਅੱਜ ਅਵਤਾਰ ਸਿੰਘ ਉਸਤਾਦ ਇਮਰਤ ਖਾਂ ਸਾਹਿਬ ਨਾਲ ਤਬਲਾ ਵਜਾਉਣ ਯੂਰਪ ਗਿਆ ਹੈ ਅਤੇ ਵਾਪਸੀ ਤੇ ਉਸਤਾਦ ਵਲਾਇਤ ਖਾਂ ਸਾਹਿਬ ਨਾਲ ਅਮਰੀਕਾ ਜਾਣ ਦਾ ਪ੍ਰੋਗਰਾਮ ਬਣ ਰਿਹਾ ਹੈ। ਗੁਰਦੇਵ ਸਿੰਘ ਸਰੋਦ ਦੇ ਪ੍ਰੋਗਰਾਮ ਦੇਣ ਲਈ ਹਵਾਈ ਜਹਾਜ਼ਾਂ ਰਾਹੀਂ ਕਾਨਫਰੰਸਾਂ ਤੇ ਜਾਂਦਾ ਹੈ। ਧਰਮਵੀਰ ਸਿੰਘ ਦੀ ਸਿਤਾਰ ਦੇ ਪ੍ਰੋਗਰਾਮ ਨੂੰ ਲੋਕ ਪਸੰਦ ਕਰਦੇ ਹਨ। ਚਰਨ ਸਿੰਘ ਦੀ ਸਿਤਾਰ, ਹਰਪਾਲ ਸਿੰਘ ਦਾ ਤਬਲਾ ਉਚੇ ਪਧਰਾਂ ਦੇ ਹੋ ਗਏ ਹਨ। ਛੋਟੇ ਛੋਟੇ ਬਚੇ ਹਰ ਸ਼ਹਿਰ ਵਿਚ ਸੰਗੀਤ ਦੇ ਗਿਆਨ ਨੂੰ ਗ੍ਰਹਿਨ ਕਰ ਰਹੇ ਹਨ। ਏਨਾਂ ਕੁਝ ਸਰਕਾਰੀ ਤੇ ਗੈਰ ਸਰਕਾਰੀ ਪੱਧਰ ਦੀਆਂ ਸੰਸਥਾਵਾਂ ਵੀ ਨਹੀਂ ਕਰ ਸਕੀਆਂ।

ਸੰਘਰਸ਼ ਚਲਦਾ ਹੈ ਨਿਤ ਨਵੀਆਂ ਔਕੜਾਂ ਨਿਤ ਨਵੀਆਂ ਮੁਹਿੰਮਾਂ। ਨਾ ਇਹ ਸੰਘਰਸ਼ ਖਤਮ ਹੋਣਾ ਹੈ ਅਤੇ ਨਾ ਹੀ ਇਸ ਨਾਲ ਸਬੰਧਤ ਕਥਾਵਾਂ ਹਰ ਖੇਤਰ ਵਿਚ ਸੰਘਰਸ਼ ਹੈ ਅਤੇ ਇਸ ਨੂੰ ਅੰਕਿਤ ਕਰਨ ਲਈ ਕਈ ਜਿਲਦਾਂ ਚਾਹੀਦੀਆਂ ਹਨ।

(ਵਰਿਆਮ ਨਵੰਬਰ ੧੯੭੮)



ਆਦਿ ਕਥਨ





-ਪ੍ਰੋ. ਕਿਰਪਾਲ ਸਿੰਘ ਕਸੇਲ

ਪਰਮ ਸਤਿਕਾਰਯੋਗ ਮੇਰੇ ਹਿਰਦੇ ਦੇ ਸਮਰਾਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਣਾ, ਉਤਸ਼ਾਹ ਅਤੇ ਆਸ਼ੀਰਵਾਦ ਸਦਕਾ "ਤਵਾਰੀਖ਼ ਸੰਤ ਖਾਲਸਾ" ਦਾ ਤੀਜਾ ਭਾਗ ਸੁਹਿਰਦ ਪਾਠਕਾਂ ਤੇ ਗੁਰੂ ਨਿਵਾਜੀ ਸਾਧ ਸੰਗਤ ਦੇ ਪੜ੍ਹਨ ਅਤੇ ਵਾਚਣ ਲਈ ਹਾਜ਼ਰ ਹੈ। ਬੀਤ ਚੁੱਕੇ ਇਤਿਹਾਸ ਬਾਰੇ ਲਿਖਣਾ ਤਾਂ ਕਾਫੀ ਹੱਦ ਤੱਕ ਸੌਖੀ ਗੱਲ ਹੁੰਦੀ ਹੈ, ਪਰ ਸਮਕਾਲੀ ਇਤਿਹਾਸ ਬਾਰੇ ਲਿਖਣਾ ਕਦਮ-ਕਦਮ 'ਤੇ ਫੂਕ-ਫੂਕ ਕੇ ਤੁਰਨ ਵਾਲੀ ਗੱਲ ਬਣ ਜਾਂਦੀ ਹੈ। ਇਹ ਹੋਰ ਵੀ ਮੇਰੇ ਲਈ ਕਠਿਨ ਹੈ, ਜਦੋਂ ਕਿ ਇਸ ਭਾਗ ਦੇ ਪਰਮ ਨਾਇਕ ਸ੍ਰੀ ਹਜ਼ੂਰ ਸਤਿਗੁਰੂ ਜਗਜੀਤ ਸਿੰਘ ਜੀ ਵਰਗੇ ਮਹਾਨ ਹਸਤੀ ਹੋਣ। ਇਸ ਵਿਚ ਕੋਈ ਸੰਦੇਹ ਨਹੀਂ ਕਿ ਜਦੋਂ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਇਸ ਨਿਰਮਾਣ ਸੇਵਕ ਦੇ ਸਿਰ ਉੱਤੇ ਹੱਥ ਰੱਖਿਆ ਹੈ ਅਤੇ ਆਪ ਜੀ ਦੇ ਪੁਨੀਤ ਚਰਨਾਂ ਦੀ ਛੋਹ ਬਖ਼ਸ਼ ਕੇ ਕੁਝ ਦਾ ਕੁਝ ਬਣਾ ਦਿੱਤਾ ਹੈ, ਕਿਉਂ ਜੋ "ਗੋਬਿੰਦ ਤਾਂ ਨੀਚੋ ਊਚ" ਕਰਨ ਵਾਲਾ ਮਿਹਰਬਾਨ ਹੈ। ਅਗੰਮ ਨੂੰ ਜਣਾਉਣ ਵਾਲਾ ਸੋਝੀ ਦਾਤਾ ਹੈ। ਉਹ ਤਾਂ ਗੂੰਗਿਆਂ ਦੇ ਸਿਰ 'ਤੇ ਸੋਟੀ ਰੱਖ ਕੇ ਗੁਰੂ ਹਰਕਿਸ਼ਨ ਜੀ ਦੇ ਸਰੂਪ ਵਿਚ ਗੀਤਾ ਦਾ ਬੋਧ ਕਰਾਉਣ ਵਾਲਾ ਹੈ। ਉਸਦੇ ਦਰ ਦੇ ਭੀਖਕ ਨੂੰ ਕਿਸ ਗੱਲ ਦੀ ਘਾਟ ਜਾਂ ਊਣ ਰਹਿ ਸਕਦੀ ਹੈ।


ਸਤਿਗੁਰੂ ਪਰਤਾਪ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ 10 ਸਤੰਬਰ 1959 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰਬੰਦੀ ਹੋਈ। ਉਸੇ ਦਿਨ ਹੀ ਇਸ ਚਰਨ ਸੇਵਕ ਨੇ ਪਹਿਲੀ ਵਾਰ ਜਦੋਂ ਗੁਰੂ ਚਰਨਾਂ 'ਤੇ ਸੀਸ ਨਿਵਾਇਆ ਤਾਂ ਉਹ ਉਨ੍ਹਾਂ ਦਾ ਹੀ ਬਾਲਕਾ ਬਣ ਕੇ ਰਹਿ ਗਿਆ। "ਜੈਸਾ ਸਤਿਗੁਰੁ ਸੁਣੀਦਾ" ਕਾਵਿ ਪੁਸਤਕ ਦਾ ਕਥਨ ਹੈ:

> ਮੇਰੇ ਸਤਿਗੁਰੂ ਦਾ ਵਡ ਪ੍ਰਤਾਪ ਹੈ ਭਾਈ,
> ਹਰੀ ਨਾਮ ਜਪਾਵੇ ਰਾਮ
> ਹਉਂ ਸਤਿਗੁਰੂ ਕਾ ਬਾਲਕਾ
> ਜਗਜੀਤ ਸਦਾਵੇ ਰਾਮ

ਇਸੇ ਪੁਸਤਕ ਦੇ ਕੁਝ ਹੋਰ ਸ਼ਬਦ ਹਨ:

> ਵਾਹ-ਵਾਹ ਗੁਰ ਜਗਜੀਤ ਹੈ
> ਭੈਣੀ ਸਤਿਗੁਰੂ ਜੋਤ ਜਗਾਇਓ
> ਸੀਤਲ ਦਾਤਾ ਮਿਹਰਬਾਨ
> ਚਰਨ ਪਰਸ ਅੰਮ੍ਰਿਤ ਫਲ ਪਾਇਓ

ਆਪ ਜੀ ਨੇ ਆਪਣੀ ਬਾਲ-ਆਯੂ ਤੋਂ ਲੈ ਕੇ ਗੁਰ-ਗੱਦੀ ਪ੍ਰਾਪਤ ਕਰਨ ਤੱਕ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਰਪ੍ਰਸਤੀ ਵਿਚ ਬਹੁਤ ਕੁਝ ਸਿੱਖਿਆ ਤੇ ਸਾਧਨਾਂ ਦੇ ਰੂਪ ਵਿਚ ਗ੍ਰਹਿਣ ਕੀਤਾ। ਇਹ ਦੋਵੇਂ ਬਾਬੇ, ਬਾਬਾ ਜਗਜੀਤ ਸਿੰਘ ਤੇ ਬਾਬਾ ਬੀਰ ਸਿੰਘ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿੱਜੀ ਦੇਖ-ਰੇਖ ਹੇਠ ਸਾਧਨਾ, ਸੇਵਾ-ਭਗਤੀ ਤੇ ਪਰ-



ਉਪਕਾਰੀ ਬਣ ਕੇ ਸਾਧ-ਸੰਗਤ ਦੀ ਸੇਵਾ ਕਰਨ ਵਿਚ ਪ੍ਰਵਾਨ ਚੜ੍ਹੇ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਗੁਰੂ-ਕਾਲ ਨਾਮਧਾਰੀ ਇਤਿਹਾਸ ਦਾ ਸੁਵਰਨ-ਯੁੱਗ ਹੈ। ਆਪ ਜੀ ਦੇ ਗੁਰੂ ਕਾਲ ਵਿਚ ਨਾਮਧਾਰੀ ਸੰਗਤ ਦਾ ਪਾਸਾਰ ਪੰਜਾਂ ਮਹਾਂਦੀਪਾਂ ਤੇ ਏਸ਼ੀਆ ਮਹਾਂਦੀਪ ਵਿਚ ਫੈਲਿਆ ਹੈ। ਇੰਗਲੈਂਡ, ਜਰਮਨ, ਅਮਰੀਕਾ, ਕੈਨੇਡਾ, ਆਸਟਰੇਲੀਆ, ਥਾਈਲੈਂਡ ਆਦਿ ਦੇਸ਼ਾਂ ਦੇ ਕਈ ਸ਼ਹਿਰਾਂ ਅਤੇ ਯੂਰਪ ਦੇ ਕਈ ਦੇਸ਼ਾਂ ਅਤੇ ਗੁਆਂਢੀ ਦੇਸ਼ ਪਾਕਿਸਤਾਨ ਦੇ ਲਾਹੌਰ ਸ਼ੇਖੂਪੁਰਾ ਤੇ ਗੁੱਜਰਾਂਵਾਲੇ ਦੇ ਅਨੇਕ ਸ਼ਹਿਰਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੋਈ ਹੈ। ਕਿਤੇ ਆਪ 'ਵਰਖਾ ਦੇ ਦੇਵਤਾ' (The Rain God) ਦੇ ਸਰੂਪ ਵਿਚ ਉਜਾਗਰ ਹੋਏ ਤੇ ਕਿਤੇ ਮਸਤਾਨਗੜ੍ਹ ਵਰਗੇ ਰੇਤਲੇ ਰੱਕੜਾਂ ਨੂੰ ਹਰੇ-ਭਰੇ ਬਾਗਾਂ ਦੀ ਧਰਤੀ ਵਿਚ ਬਦਲਣ ਵਾਲੇ ਸਿਰਜਕ ਅਤੇ ਕਿਤੇ ਕਰਨਾਟਕ ਵਿਚ ਨਾਮਧਾਰੀ ਬੀਜ ਫਾਰਮ ਦੁਆਰਾ ਨਵੀਆਂ ਉਪਜਾਊ ਜਿਣਸਾਂ ਦੇ ਜਨਮ-ਦਾਤਾ ਦੇ ਰੂਪ ਵਿਚ ਸਤਿਗੁਰੂ ਜੀ ਦੇ ਸੂਰਜੀ ਪ੍ਰਕਾਸ਼ ਦੀਆਂ ਸੁਨਹਿਰੀ ਕਿਰਨਾਂ ਜਗਮਗਾ ਰਹੀਆਂ ਹਨ।

ਇੱਥੇ ਹੀ ਬਸ ਨਹੀ, ਉਹ ਕਿਹੜਾ ਮੰਡਲ ਹੈ, ਜਿਸ ਨੂੰ ਸਤਿਗੁਰੂ ਜੀ ਦੀ ਪਾਵਨ ਛੋਹ ਨੇ ਨਦਰ-ਨਿਹਾਲ ਨਹੀਂ ਕੀਤਾ। ਆਪ ਨਾਮਵਰ ਪਸ਼ੂ-ਪਾਲਕ, ਗੋਪਾਲ-ਰਤਨ ਵੀ ਹਨ ਅਤੇ ਭਾਰਤੀ ਮਹਾਂਦੀਪ ਦੇ ਨਾਮੀ-ਗਰਾਮੀ ਸੰਗੀਤਕਾਰਾਂ ਦੇ ਸਮਰਾਟ ਸੁਆਮੀ ਤੇ ਆਚਾਰੀਆ ਵੀ, ਜਿਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਵਿਖੇ ਆਪਣੀ ਹੀ ਸੰਗੀਤਕ ਟਕਸਾਲ ਸਥਾਪਿਤ ਕਰਕੇ ਭਾਰਤ ਦੇ ਸੰਗੀਤ ਸਮਰਾਟ ਦਾ ਉੱਚਾ ਨਿਸ਼ਾਨ ਝੁਲਾ ਰੱਖਿਆ ਹੈ। ਆਪ ਜੀ ਦੀ ਸਰਪ੍ਰਸਤੀ ਵਿਚ ਮਹਾਰਾਜ ਬੀਰ ਸਿੰਘ ਦੇ ਸਾਥ ਤੇ ਸਹਿਯੋਗ ਨਾਲ 1969 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਜੈਯੰਤੀ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਨਾਮਧਾਰੀ ਸਫ਼ੈਦ ਵੇਸ਼-ਭੂਸ਼ਾ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਇਸ ਮਹਾਂ ਮਾਰਚ ਵਿਚ ਸ਼ਾਮਲ ਹੋ ਕੇ ਇਸ ਸ਼ਾਨਦਾਰ ਸ਼ੋਭਾ ਯਾਤਰਾ ਨੂੰ ਨਿਵੇਕਲਾ, ਦੂਧੀਆ ਰੰਗ ਬਖਸ਼ਿਆ, ਫਿਰ ਇਹੋ ਇਤਿਹਾਸ 1999 ਦੀ ਖਾਲਸਾ ਦੇ ਜਨਮ ਦੀ ਤੀਜੀ ਸ਼ਤਾਬਦੀ ਸਮੇਂ ਆਨੰਦਪੁਰ ਸਾਹਿਬ ਤੱਕ ਵੱਡੇ ਸ਼ਾਨਦਾਰ ਜਲੂਸ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਦੇ 1867 ਦੇ ਆਨੰਦਪੁਰ ਦੇ ਹੋਲੇ ਦੀ ਯਾਦ ਤਾਜ਼ਾ ਕਰਵਾ ਦਿੰਦਾ ਹੈ।

ਉਹ ਕਿਹੜਾ ਮੰਡਲ ਹੈ ਜਾਂ ਵਿਸ਼ੇਸ਼ ਜਨ-ਸਮੂਹ ਜੋ ਸ੍ਰੀ ਭੈਣੀ ਸਾਹਿਬ ਪੁੱਜ ਕੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਦਰਸ਼ਨ ਕਰਕੇ ਨਦਰ-ਨਿਹਾਲ ਨਹੀਂ ਹੋਇਆ। ਅੱਜ ਵੀ ਸ੍ਰੀ ਭੈਣੀ ਸਾਹਿਬ ਦਾ ਨਵ-ਨਿਰਮਾਣ ਅਤੇ ਮਲੇਰਕੋਟਲੇ, ਲੁਧਿਆਣੇ, ਅੰਮ੍ਰਿਤਸਰ, ਨਾਮਧਾਰੀ ਸ਼ਹੀਦਾਂ ਦੇ ਸਥਾਨ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਸਮੇਂ ਦੇ ਦਿੱਤੇ ਗਏ ਆਦੇਸ਼ਾਂ ਅਨੁਸਾਰ ਉਨ੍ਹਾਂ ਦੇ ਹੁਕਮਾਂ ਉੱਤੇ ਫੁੱਲ ਚੜ੍ਹਾ ਰਹੇ ਹਨ। ਲੁਧਿਆਣੇ ਦਾ ਸ਼ੇਰਪੁਰ ਦਾ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਸਤਿਗੁਰੂ ਜੀ ਦੀ ਕ੍ਰਿਪਾਲੂ ਦ੍ਰਿਸ਼ਟੀ ਦਾ ਰੋਗੀਆਂ ਲਈ ਬਣਾਇਆ ਗਿਆ ਉਹ ਅਰੋਗ ਨਿਕੇਤਨ ਹੈ ਜੋ ਕੇਵਲ ਸਤਿਗੁਰੂ ਜੀ ਦੀ ਨਿਵਾਜੀ ਸਾਧ ਸੰਗਤ ਵੱਲੋਂ ਤਿੱਲ-ਫੁੱਲ ਦੇ ਰੂਪ ਵਿੱਚ ਦਿੱਤੀ ਗਈ ਭੇਟਾ ਦਾ ਉਹ ਕੀਰਤੀ-ਸਤੰਭ ਹੈ, ਜਿਸ ਦੇ ਉਦਘਾਟਨ ਸਮੇਂ ਸਤਿਗੁਰੂ ਜੀ ਨੇ ਐਲਾਨ ਕੀਤਾ ਸੀ ਕਿ ਸਾਨੂੰ ਕਿਸੇ ਸਰਕਾਰੀ ਅਨੁਦਾਨ ਦੀ ਲੋੜ ਨਹੀਂ ਹੈ। ਸ੍ਰੀ ਸਤਿਗੁਰੂ ਜੀ ਤੇ ਉਨ੍ਹਾਂ ਦੀ ਨਿਵਾਜੀ ਹੋਈ ਸਾਧ ਸੰਗਤ ਦਾ ਇਤਨੇ ਵੱਡੇ ਉਪਕਾਰੀ ਪਰਾਕ੍ਰਮ ਦਾ ਕੋਈ ਹੋਰ ਉਦਾਹਰਣ ਲੱਭਣਾ ਜੇ ਅਸੰਭਵ ਨਹੀਂ ਤਾਂ ਅਤਿ-ਕਠਿਨ ਜ਼ਰੂਰ ਹੈ।

ਸ੍ਰੀ ਸਤਿਗੁਰੂ ਜੀ ਦੀ ਅਗੰਮੀ ਦ੍ਰਿਸ਼ਟੀ ਪੂਰਬਲੇ ਨਾਮਧਾਰੀ ਇਤਿਹਾਸ ਨੂੰ ਸੂਤਰਬੱਧ ਕਰਕੇ ਨਵੀਨ ਤੇ ਦਰਸ਼ਨੀ ਰੂਪ ਵਿੱਚ ਪ੍ਰਕਾਸ਼ਿਤ ਕਰਦੀ ਰਹੀ ਹੈ। ਜਿਸ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸਰਬ ਸ੍ਰੀ ਮਹਾਰਾਜ ਗੁਰਦਿਆਲ ਸਿੰਘ, ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚਕਰਵਰਤੀ, ਸ. ਨਾਹਰ ਸਿੰਘ, ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ', ਕਰਮ ਸਿੰਘ ਪਟਵਾਰੀ, ਅਵਤਾਰ ਸਿੰਘ 'ਆਜ਼ਾਦ', ਸੰਤ ਤਰਨ ਸਿੰਘ 'ਵਹਿਮੀ' ਆਦਿ ਪ੍ਰਮੁੱਖ ਲੇਖਕ, ਸਾਹਿਤਕਾਰ ਆ ਜੁੜੇ ਸਨ, ਇਵੇਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ


ਹਜ਼ੂਰੀ ਲੇਖਕਾਂ ਵਿੱਚ ਸਰਬ ਸ੍ਰੀ ਮਾ. ਨਿਹਾਲ ਸਿੰਘ, ਡਾ. ਅਮਰ ਭਾਰਤੀ, ਪ੍ਰੀਤਮ ਸਿੰਘ ਕਵੀ, ਸੰਤ ਰਜਿੰਦਰ ਸਿੰਘ ਗੁਰੂਸਰ, ਕਾ. ਸੁਵਰਨ ਸਿੰਘ ਵਿਰਕ, ਜਸਵਿੰਦਰ ਸਿੰਘ ਇਤਿਹਾਸਕਾਰ, ਤਾਰਾ ਸਿੰਘ ਅਨਜਾਣ, ਜਗਦੀਸ਼ ਸਿੰਘ ਵਰਿਆਮ, ਆਤਮਾ ਸਿੰਘ ਸਨਖੱਤਰਾ, ਦਵਿੰਦਰ ਸਿੰਘ ਜੀਆ ਨੱਥਾ, ਸੁਰਿੰਦਰ ਸਿੰਘ ਗੁਲਾਟੀ, ਸਾਧੂ ਸਿੰਘ ਕਿਸਾਨ, ਬਿਸ਼ਨ ਸਿੰਘ ਇਤਿਹਾਰਕਾਰ, ਮਾ. ਅਮਰੀਕ ਸਿੰਘ, ਕਿਰਪਾਲ ਸਿੰਘ ਕਸੇਲ ਦਾ ਲੇਖਕ ਮੰਡਲ ਸਤਿਗੁਰੂ ਜੀ ਦੀ ਸਰਪ੍ਰਸਤੀ ਵਿੱਚ ਨਾਮਧਾਰੀ ਇਤਿਹਾਸ ਤੇ ਗੁਰੂ ਦਰਬਾਰ ਦੇ ਸਮਾਚਾਰਾਂ ਨੂੰ ਕਲਮੀ ਰੂਪ ਵਿੱਚ ਸੰਭਾਲਣ ਹਿੱਤ ਨਿਰੰਤਰ ਕਰਮਸ਼ੀਲ ਰਿਹਾ ਹੈ। ਇਨ੍ਹਾਂ ਲੇਖਕਾਂ ਵੱਲੋਂ ਵੀ ਕਈ ਪੁਸਤਕਾਂ ਜੋ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਨਾਮਧਾਰੀ ਸਮਾਜ ਦੇ ਵਰਤਮਾਨ ਵਰਤ-ਵਰਤਾਰੇ ਅਤੇ ਇਤਿਹਾਸ ਸੰਬੰਧੀ ਲਿਖੀਆਂ ਜਾ ਰਹੀਆਂ ਹਨ, ਉਹ ਵੀ ਨਾਮਧਾਰੀ ਇਤਿਹਾਸ ਨੂੰ ਨਵਾਂ ਸਰੂਪ ਦੇਣ ਵਿੱਚ ਸਹਾਈ ਹੋ ਰਹੀਆਂ ਹਨ। ਬਨਾਰਸ ਸੰਪੂਰਨਾ ਨੰਦ ਸੰਸਕ੍ਰਿਤ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸਥਾਪਿਤ ਨਾਮਧਾਰੀ ਪੀਠ ਇਸ ਕਾਰਜ ਨੂੰ ਅੱਗੇ ਤੋਰ ਰਹੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਗੁਰੂ ਰਾਮ ਸਿੰਘ ਚੇਅਰ ਦੇ ਸਾਬਕਾ ਮੁਖੀ ਡਾ. ਸਤਿੰਦਰ ਸਿੰਘ, ਡਾ. ਹਰਮਿੰਦਰ ਸਿੰਘ ਬੇਦੀ ਅਤੇ ਵਰਤਮਾਨ ਮੁਖੀ ਡਾ. ਜੋਗਿੰਦਰ ਸਿੰਘ ਨਾਮਧਾਰੀ ਇਤਿਹਾਸ ਨੂੰ ਸੰਕਲਿਤ ਅਤੇ ਪ੍ਰਕਾਸ਼ਿਤ ਕਰਨ ਵਿਚ ਸਹਾਈ ਹੋਏ ਹਨ। ਇਹ ਕਾਰਜ ਬੜਾ ਵਿਸ਼ਾਲ ਤੇ ਵਿਸਤ੍ਰਿਤ ਰੂਪ ਦਾ ਹੈ, ਜੋ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਰਦੇਸ਼ਨਾਂ ਹੇਠ ਨਿਰੰਤਰ ਚਲਦਾ ਰਿਹਾ ਹੈ। ਸਤਿਜੁਗ ਦੇ ਵਰਤਮਾਨ ਅੰਕਾਂ ਦੇ ਸੰਪਾਦਕ ਤੇ ਪ੍ਰਕਾਸ਼ਕ ਸ. ਹਰਵਿੰਦਰ ਸਿੰਘ ਹੰਸਪਾਲ ਇਸ ਸੰਬੰਧੀ ਵਿਸ਼ੇਸ਼ ਤੌਰ 'ਤੇ ਯਤਨਸ਼ੀਲ ਹਨ। ਵਿਸ਼ਵਾਸ ਕੀਤਾ ਜਾ ਸਕਦਾ ਹੈ ਕਿ ਸ੍ਰੀ ਸਤਿਗੁਰੂ ਜੀ ਦੇ ਗੁਰੂਕਾਲ ਵਿੱਚ ਇਸ ਇਤਿਹਾਸਕ ਕਾਰਜ ਦੀ ਘਾਟ ਪੂਰੀ ਹੋ ਸਕੇਗੀ।

1849 ਤੋਂ ਪਿੱਛੋਂ ਵਿਦੇਸ਼ੀ ਸਰਕਾਰ ਨੇ ਪੰਜਾਬ ਦੀ ਭਾਸ਼ਾ ਤੇ ਸੱਭਿਆਚਾਰ ਉੱਤੇ ਜ਼ਬਰਦਸਤ ਪਰਿਹਾਰ ਕੀਤਾ, ਪਰ ਸਤਿਗੁਰੂ ਰਾਮ ਸਿੰਘ ਜੀ ਦੀ ਦੂਰਦਰਸ਼ਿਤਾ ਨੇ ਪੰਜਾਬੀ ਭਾਸ਼ਾ ਦੇ ਝੰਡੇ ਨੂੰ ਬੁਲੰਦ ਕੀਤਾ ਅਤੇ ਆਪਣੇ ਹਰ ਅਨੁਯਾਈ ਨੂੰ ਗੁਰਮੁਖੀ ਅੱਖਰ ਬੋਧ ਤੇ ਆਪਣੀ ਭਾਸ਼ਾ ਵਿੱਚ ਮੁਹਾਰਤ ਹਾਸਿਲ ਕਰਨ ਦੀ ਤਾਕੀਦ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਤੇ ਸਤਿਗੁਰੂ ਜਗਜੀਤ ਸਿੰਘ ਪੰਜਾਬੀ ਭਾਸ਼ਾ, ਤੇ ਸਾਹਿਤ ਦੀ ਬਿਰਧੀ ਲਈ ਨਿਰੰਤਰ ਯਤਨ ਕਰਦੇ ਰਹੇ ਹਨ। ਵੀਹਵੀਂ ਸਦੀ ਦੇ ਆਰੰਭ ਤੋਂ ਲੈ ਕੇ ਵਰਤਮਾਨ ਤੱਕ ਪੱਛਮੀ ਪ੍ਰਭਾਵਾਂ ਨੇ ਭਾਰਤ ਦੇ ਸਮੁੱਚੇ ਸੱਭਿਆਚਾਰ ਨੂੰ ਦਬਾਈ ਰੱਖਣ ਦਾ ਯਤਨ ਕੀਤਾ ਹੈ, ਪਰ ਨਾਮਧਾਰੀ ਸਤਿਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੁਦੇਸ਼ੀ ਸੰਸਕ੍ਰਿਤੀ ਤੇ ਸੱਭਿਆਚਾਰ ਦੀ ਸ੍ਰੇਸ਼ਟਤਾ ਨੂੰ ਸਥਿਰ ਰੱਖਣ ਅਤੇ ਇਸ ਨੂੰ ਵਿਕਸਿਤ ਕਰਨ ਵਿੱਚ, ਸਰਬਰੱਕਤਾ ਹਿੱਸਾ ਪਾਇਆ। ਸੱਚ ਪੁੱਛੋ ਤਾਂ ਆਪ ਇਸ ਦੇ ਰੱਖਿਅਕ ਤੇ ਪਹਿਰੇਦਾਰ ਹਨ। ਭਾਰਤ ਦੀਆਂ ਸਨਾਤਨੀ ਪ੍ਰੰਪਰਾਵਾਂ ਨੂੰ ਸੰਭਾਲ ਕੇ ਇਸਦੇ ਨਾਲ ਵਰਤਮਾਨ ਕਾਲ ਦੀਆਂ ਵਿਕਸਿਤ ਤਕਨੀਕਾਂ ਨੂੰ ਜੋੜ ਕੇ ਨਾਮਧਾਰੀ ਪੰਥ ਆਦਰਸ਼ਕ ਜੀਵਨ ਮਾਰਗ ਦਾ ਰਾਹ-ਦਸੇਰਾ ਬਣ ਗਿਆ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਗਤੀਸ਼ੀਲ ਅਗਵਾਈ ਵਿੱਚ ਨਾਮਧਾਰੀ ਸਮਾਜ ਸੰਸਾਰ, ਅਤੇ ਵਿਸ਼ੇਸ਼ ਕਰਕੇ ਭਾਰਤੀ ਲੋਕਾਂ ਨੂੰ, ਜੀਵਨ ਦੇ ਸਿੱਧੇ-ਸਾਦੇ ਤੇ ਆਦਰਸ਼ਕ ਮਾਡਲ ਦੀ ਸੋਝੀ ਕਰਵਾਉਂਦਾ ਰਿਹਾ ਹੈ, ਜੋ ਨਾ ਤਾਂ ਖ਼ਰਚੀਲਾ ਤੇ ਭੜਕੀਲਾ ਹੈ ਅਤੇ ਨਾ ਹੀ ਵਿਕਸਿਤ ਗਤੀ ਤੋਂ ਊਣਾ ਜਾਂ ਸੱਖਣਾ।

ਸਤਿਗੁਰੂ ਜਗਜੀਤ ਸਿੰਘ ਜੀ ਧਰਮ ਦਾ ਨਿਸ਼ਾਨ ਝੁਲਾਉਣ ਵਾਲੇ ਧਰਮ ਦੇ ਰੱਖਿਅਕ ਅਤੇ 'ਨਾਮ' ਦੇ ਸੱਭਿਆਚਾਰ ਨੂੰ ਪ੍ਰਸਾਰਨ ਵਾਲੇ ਪਰਮ-ਪੁਰਖ ਰਹੇ ਹਨ। ਆਪ ਜੀ ਦੇ ਗੁਰੂ-ਕਾਲ ਵਿੱਚ ਵੱਡੇ ਜੱਪ-ਪ੍ਰਯੋਗ, ਨਾਮ-ਸਿਮਰਨ ਦੇ ਕਈ ਹਵਨ-ਯੱਗ ਅਤੇ ਆਦਿ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੇ ਲੱਖਾਂ ਪਾਠਾਂ ਦੀਆਂ ਲੜੀਆਂ ਸੰਪੂਰਨ ਹੋਈਆਂ ਹਨ। ਸਤਿਗੁਰੂ ਜੀ ਭਾਰਤ ਵਰਸ਼ ਨੂੰ ਹਰੇ-ਭਰੇ ਬਾਗ ਦੇ ਸਰੂਪ ਵਿਚ ਵੇਖਣਾ ਤੇ ਬਣਾਉਣਾ ਚਾਹੁੰਦੇ ਰਹੇ ਹਨ, ਜਿਸ ਵਿੱਚ ਹਰ ਪ੍ਰਾਣੀ ਨਾਮ-ਜਪੇ, ਵੰਡ-ਛਕੇ ਤੇ ਸੁੱਚੀ ਕਿਰਤ ਕਰਕੇ ਦੇਸ਼ ਦੇ ਭੰਡਾਰਾਂ ਨੂੰ ਭਰੇ। ਸਤਿਗੁਰੂ ਜੀ ਦਾ ਮੱਤ ਸੀ ਕਿ ਮਨੁੱਖੀ ਸਮਾਜ ਕੋਲ 'ਨਾਮ' ਉਹ ਸ਼ਕਤੀ ਹੈ, ਜੋ ਸਮਾਜਿਕ ਸੰਤੁਲਨ ਨੂੰ ਵੀ ਰੱਖ ਸਕਦੀ ਹੈ।

ਅੱਜ ਦਾ ਸੰਸਾਰ ਕਈ ਸੰਕਟਾ ਨਾਲ ਘਿਰਿਆ ਹੋਇਆ ਹੈ। ਕਿਤੇ ਆਰਥਿਕ ਨਾ-ਬਰਾਬਰੀ ਝਗੜੇ ਖੜੇ ਕਰ ਰਹੀ ਹੈ, ਕਿਤੇ ਧਾਰਮਿਕ ਨਸਲੀ ਵਿਤਕਰੇ, ਕਿਤੇ ਜੰਗ ਤੇ ਅੰਤਰੀਵ ਲੜਾਈਆਂ ਦੇ ਬਖੇੜੇ। ਪਰ ਨਾਮਧਾਰੀ ਸਤਿਗੁਰੂ ਦੇ ਸਥਾਨ 'ਤੇ ਸਦਾ ਅਮਨ ਸ਼ਾਂਤੀ ਦਾ ਉਹ ਸਫ਼ੇਦ ਪਰਚਮ ਲਹਿਰਾ ਰਿਹਾ ਹੈ, ਜੋ ਕੌਮਾਂ ਤੇ ਦੇਸ਼ਾਂ ਦੀਆਂ ਹੱਦਾਂ ਤੋਂ ਪਾਰ ਮਨੁੱਖੀ ਏਕਤਾ ਦੇ ਸੂਤਰ ਦੀ ਸੋਝੀ ਕਰਵਾਉਣ ਵਾਲਾ ਅਤੇ ਜੰਗ-ਰਹਿਤ ਸੰਸਾਰ-ਅਮਨ ਦਾ ਰਾਹ-ਰੌਸ਼ਨ ਕਰਨ ਵਾਲਾ ਹੈ।



ਸਰਬ-ਸੁਖ-ਦਾਤੇ- ਸਤਿਗੁਰੂ ਜਗਜੀਤ ਸਿੰਘ ਜੀ



—*ਸੁਵਰਨ ਸਿੰਘ ਵਿਰਕ*

ਕੂਕੇ ਜਾਂ ਨਾਮਧਾਰੀ ਸਿੱਖ ਸਮੁਦਾਇ ਦਾ ਅਨਿੱਖੜਵਾਂ ਅੰਗ ਹਨ। ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ, ਜਦੋਂ ਜਗੀਰੂ ਕਦਰਾਂ ਕੀਮਤਾਂ ਕਾਰਨ, ਸਿੱਖ ਸਿੱਖੀ ਤੋਂ ਦੂਰ ਚਲੇ ਗਏ ਸਨ, ਆਪਣੇ ਆਪ ਨੂੰ ਨਾਮ ਬਾਣੀ ਨਾਲ ਜੋੜਿਆ ਤਾਂ ਨਾਮਧਾਰੀ ਅਖਵਾਏ। ਸਿੱਖਾਂ ਦਾ ਉੱਪਰਲਾ ਤਬਕਾ ਰਾਜੇ ਰਜਵਾੜੇ ਅਤੇ ਸਿੱਖ ਤਖਤਾਂ ਦੇ ਪੁਜਾਰੀ ਅੰਗਰੇਜ਼ ਹਾਕਮਾਂ ਦੀ ਚਾਕਰੀ ਕਰਨ ਲੱਗ ਪਏ, ਇਸ ਲਈ ਮਲੇਛ ਖਾਲਸਾ ਅਖਵਾਏ। ਉਨ੍ਹਾਂ ਦੇ ਉਲਟ ਗੁਰੂ ਰਾਮ ਸਿੰਘ ਜੀ ਦੇ ਤਿਆਰ-ਬਰ-ਤਿਆਰ ਨਾਮਧਾਰੀ ਸਿੰਘਾਂ ਨੂੰ, ਸੰਤ-ਖਾਲਸਾ ਕਿਹਾ ਗਿਆ ਅਤੇ ਪੰਜਾਬ ਵਿਚ ਸਭ ਤੋਂ ਪਹਿਲਾਂ ਅੰਗਰੇਜ਼ਾਂ ਖਿਲਾਫ਼ ਬੁਲੰਦ ਆਵਾਜ਼ ਵਿਚ ਆਪਣੇ ਦੀਵਾਨਾਂ ਵਿਚ ਕੂਕ ਪੁਕਾਰ ਕਰਨ ਕਰਕੇ, ਕੂਕੇ ਵੀ ਕਹਾਏ। ਸਤਿਗੁਰੂ ਰਾਮ ਸਿੰਘ ਜੀ ਜਦੋਂ ਰੰਗੂਨ, ਮਰਗੋਈ ਆਦਿ ਥਾਵਾਂ 'ਤੇ ਦੇਸ਼ ਤੋਂ ਦੂਰ ਨਜ਼ਰਬੰਦੀ ਵਿਚ ਸਨ, ਬਹੁਤ ਸਾਰੇ ਨਾਮਧਾਰੀ ਜਾਂ ਕੂਕੇ, ਉਨ੍ਹਾਂ ਦੇ ਦਰਸ਼ਨਾਂ ਨੂੰ ਜਾਂਦੇ ਸਨ। ਸਤਿਗੁਰੂ ਜੀ ਬੰਦੀਖਾਨੇ ਵਿਚ ਲਾਚਾਰੀ ਦੀ ਹਾਲਤ ਵਿਚ ਸਨ। ਉਹ ਆਪਣੇ ਹੁਕਮਨਾਮਿਆਂ ਵਿਚ ਲਿਖਦੇ ਹਨ-


"ਐਥੇ ਮੇਲਾ ਬੀ ਜੇ ਕੁਛ ਹੁੰਦਾ ਹੈ ਤਾ ਸੁਪਨੇ ਜੈਸਾ ਈ ਹੁੰਦਾ ਹੈ। ਕੁਛ ਮੇਲੇ ਦੀ ਤ੍ਰਿਪਤ ਨਹੀ ਹੁੰਦੀ। ਜੇ ਮੇਲਾ ਹੋਵੇ ਤਾ ਅਛੇ ਪ੍ਰਸਾਦਿ ਛਕਾਈਏ, ਬਹੁਤ ਬਚਨ ਪੁਛੀਏ ਸੁਣਾਈਏ।"

-(ਹੁਕਮਨਾਮਾ ਨੰ. 9)

"ਮੈ ਤਾ ਹਮੇਸਾ ਗੁਰੂ ਜੀ ਪਾਸੋ ਮੰਗਦਾ ਹਾ ਜੋ ਹੇ ਗੁਰੂ ਜੀ ਨਾਮਧਾਰੀਆਂ ਨੂੰ ਸਾਰੇ ਈ ਸੁਖ ਦੇਈ।"

-(ਹੁਕਮਨਾਮਾ ਨੰ: 40)

ਖ਼ੈਰ! ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਅਦ ਅੱਧੀ ਸਦੀ ਤਕ ਕੂਕਿਆਂ ਤੇ ਸਰਕਾਰ ਦਾ ਦਮਨ ਚੱਕਰ ਚੱਲਿਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਸੰਗਤਾਂ ਦੀਆਂ ਗੁਆਚੀਆਂ ਰੌਣਕਾਂ ਪਰਤਣੀਆਂ ਸ਼ੁਰੂ ਹੋਈਆਂ। ਫਿਰ ਵੀ ਪਹਿਲਾਂ ਦੇਸ਼ ਆਜ਼ਾਦੀ ਅਤੇ ਬਾਅਦ ਵਿਚ ਵਿਸਥਾਪਤਾਂ ਦੇ ਮੁੜ ਵਸੇਬੇ ਵਿਚ, ਆਪ ਜੀ ਦਾ ਸਮਾਂ ਲੰਘ ਗਿਆ। ਨਾਮਧਾਰੀ ਪੰਥ ਲਈ ਸਰਬਪੱਖੀ ਵਿਕਾਸ ਦਾ ਦੌਰ, ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਤਾ ਕਾਲ ਨਾਲ ਹੀ ਸ਼ੁਰੂ ਹੋਇਆ। ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਭਾਈਚਾਰੇ ਦੇ ਉੱਜਲ ਭਵਿੱਖ ਲਈ ਕੀਤੇ ਬਚਨ, ਆਪ ਦੇ ਸਮੇਂ ਵਿਚ ਹੀ ਮੂਰਤੀਮਾਨ ਹੋਏ। ਆਪ ਨੇ ਆਪਣੀ ਪੁਰਾਤਨ ਗੁਰਮਤਿ ਮਰਿਆਦਾ, ਨਾਮਧਾਰੀ ਜੀਵਨ ਜਸ ਨੂੰ ਕਾਇਮ ਰੱਖਦਿਆਂ, ਆਧੁਨਿਕ ਗਿਆਨ, ਵਿਗਿਆਨਾਂ ਦੇ ਸਰੋਤਾਂ ਤੱਕ ਵੀ ਨਾਮਧਾਰੀਆਂ ਦੀ ਰਸਾਈ ਕਰਵਾਈ। ਬਹੁਤ ਸਾਰੇ ਬੰਦ ਦਰਵਾਜ਼ੇ ਸਾਡੇ ਸਮਾਜ ਲਈ ਪਹਿਲੀ ਵੇਰ ਖੁੱਲ੍ਹੇ ਅਤੇ ਨਤੀਜੇ ਵਜੋਂ ਹੁਣ ਨਾਮਧਾਰੀਆਂ ਦੀ ਪਹਿਚਾਣ, ਸਫ਼ਲ ਕਾਸ਼ਤਕਾਰ,



ਸਫ਼ਲ ਪਸ਼ੂ ਪਾਲਕ, ਸਫ਼ਲ ਕਾਰੋਬਾਰੀ, ਗੁਰਮਤਿ ਸੰਗੀਤ ਵਿਚ ਨਿਪੁੰਨ, ਗੁਰਬਾਣੀ ਦੇ ਸ਼ੁੱਧ ਪਾਠੀ, ਵੱਖ-ਵੱਖ ਵਿਭਾਗਾਂ ਦੇ ਉੱਚੇ ਅਹੁਦਿਆਂ ਤਕ ਪੁੱਜਣ ਵਾਲੇ ਅਤੇ ਸਾਤਵਿਕ ਜਿਊੜਿਆਂ ਜਿਊਂ ਹੋਣ ਲੱਗੀ। ਇਸ ਸਾਰੇ ਵਿਕਾਸ ਨੂੰ ਸਮੇਂ-ਸਮੇਂ ਤਰਬੀਅਤ ਦੇਣ ਵਾਲੇ ਸੂਤਰਧਾਰ, ਸਤਿਗੁਰੂ ਜਗਜੀਤ ਸਿੰਘ ਸਨ। ਉਨ੍ਹਾਂ ਦੇ ਸਮੇਂ ਏਸ਼ੀਆ, ਅਫਰੀਕਾ, ਯੂਰੋਪ, ਅਮਰੀਕਾ ਅਤੇ ਆਸਟਰੇਲੀਆ ਪੰਜਾਂ ਹੀ ਮਹਾਂਦੀਪਾਂ ਵਿਚ ਅਣਗਿਣਤ ਯਾਤਰਾਵਾਂ ਕਰਕੇ, ਨਾਮਧਾਰੀ ਭਾਈਚਾਰੇ ਨੂੰ ਅੰਤਰ ਰਾਸ਼ਟਰੀ ਪਹਿਚਾਣ ਦਿੱਤੀ।

ਸਤਿਗੁਰੂ ਜੀ ਦਾ ਆਗਮਨ ਬੜੇ ਹੋਣੀਆਂ ਭਰਪੂਰ ਸਮੇਂ ਵਿਚ ਹੋਇਆ। ਪਹਿਲੀ ਸੰਸਾਰ ਜੰਗ ਖ਼ਤਮ ਹੋ ਚੁੱਕੀ ਸੀ। ਇਸ ਦੇ ਦੌਰਾਨ ਹੀ ਕਿਰਤੀਆਂ ਕਾਮਿਆਂ ਦੇ ਪਹਿਲੇ ਰਾਜ 'ਸੋਵੀਅਤ ਸਮਾਜਵਾਦੀ ਗਣਤੰਤਰ ਸੰਘ' ਦਾ ਗਠਨ ਹੋ ਚੁੱਕਾ ਸੀ। ਰੂਸ ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਕੂਕੇ ਇਕ ਮਿੱਤਰ, ਮੁਕਤੀ-ਦਾਤੇ ਵਜੋਂ ਵੇਖ ਰਹੇ ਸਨ। ਹੁਣ ਦੇ ਨਵੇਂ ਰੂਸ ਨੇ ਜ਼ਾਰ ਵਾਲੇ ਰੂਸ ਨਾਲੋਂ ਕਿਤੇ ਵੱਧ, ਭਾਰਤੀ ਸੁਤੰਤਰਤਾ ਸੰਗਰਾਮੀਆਂ ਦੀ ਹਮਾਇਤ ਕੀਤੀ ਸੀ। ਜਲ੍ਹਿਆਂ ਵਾਲੇ ਬਾਗ ਦੇ ਸਾਕੇ ਬਾਅਦ ਭਾਰਤ ਵਿਚ ਕੌਮੀ ਮੁਕਤੀ ਅੰਦੋਲਨ ਵਿਚ ਨਵਾਂ ਉਭਾਰ ਆਇਆ। ਆਪਣੇ ਭਵਿੱਖ ਪ੍ਰਤੀ ਇਹੋ ਜਿਹੇ ਉਤਸ਼ਾਹ ਭਰੇ ਮਾਹੌਲ ਵਿਚ, ਸਤਿਗੁਰੂ ਪਰਤਾਪ ਸਿੰਘ ਅਤੇ ਮਾਤਾ ਭੂਪਿੰਦਰ ਕੌਰ ਜੀ ਦੇ ਗ੍ਰਹਿ ਵਿਖੇ, ਸ੍ਰੀ ਭੈਣੀ ਸਾਹਿਬ ਵਿਚ 22 ਨਵੰਬਰ 1920 ਨੂੰ ਜੋ ਬਾਲਕ ਪ੍ਰਗਟਿਆ ਉਨ੍ਹਾਂ ਨੂੰ ਸੰਗਤ ਵੱਲੋਂ ਰਤਾ ਵਡੇਰੇ ਹੋਣ ਤੇ ਬੇਅੰਤ ਜੀ ਕਿਹਾ ਗਿਆ, ਬੇਸ਼ਕ ਨਾਮ ਜਗਜੀਤ ਸਿੰਘ ਰੱਖਿਆ ਗਿਆ। ਗਭਰੇਟ ਅਵਸਥਾ ਵਿਚ ਆਪ ਨੂੰ ਵੱਡੇ ਬਾਬਾ ਜੀ ਜਾਂ ਬਾਬਾ ਜਗਜੀਤ ਸਿੰਘ ਕਿਹਾ ਜਾਂਦਾ। ਆਪ ਤੋਂ ਤਿੰਨ ਸਾਲ ਛੋਟੇ ਭਰਾਤਾ ਬੀਰ ਸਿੰਘ ਜੀ ਦਾ ਜਨਮ 18 ਅਕਤੂਬਰ 1923 ਈ: ਨੂੰ ਭੈਣੀ ਸਾਹਿਬ ਵਿਖੇ ਹੀ ਹੋਇਆ। ਇਨ੍ਹਾਂ ਨੂੰ ਅਗਲੇ ਸਮੇਂ ਛੋਟੇ ਬਾਬਾ ਜੀ, ਬਚਪਨ ਵਿਚ ਵੱਲਭ ਜੀ ਜਾਂ ਬੱਲ੍ਹੋ ਜੀ ਅਤੇ ਵੱਡੇ ਬਾਬਾ ਜੀ ਦੇ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿਚ ਗੱਦੀ ਨਸ਼ੀਨ ਹੋਣ ਮਗਰੋਂ, ਮਹਾਰਾਜ ਬੀਰ ਸਿੰਘ ਜੀ ਕਿਹਾ ਜਾਂਦਾ ਸੀ।

ਬਚਪਨ ਵਿਚ ਦੋਹਾਂ ਭਾਈਆਂ ਦੀ ਦੇਖ ਰੇਖ ਹੋਰ ਸਿੱਖ ਸੇਵਕਾਂ ਤੋਂ ਇਲਾਵਾ ਦਾਦੀ, ਮਾਤਾ ਜੀਵਨ ਕੌਰ ਅਤੇ ਨਾਨੀ ਮਾਤਾ ਰਾਮ ਕੌਰ ਦੁਆਰਾ ਹੁੰਦੀ ਰਹੀ। ਦੋਹਾਂ ਸਾਹਿਬਜ਼ਾਦਿਆਂ ਦੀਆਂ ਖੁਸ਼ੀਆਂ ਦਾ ਇਹ ਆਲਮ, ਸ੍ਰੀ ਭੈਣੀ ਸਾਹਿਬ ਨੇ ਜ਼ਿਆਦਾ ਵਰ੍ਹੇ ਨਾ ਡਿੱਠਾ ਕਿਉਂ ਜੁ ਸਤੰਬਰ 1924 ਈ: ਵਿਚ ਹੀ ਮਾਤਾ ਭੂਪਿੰਦਰ ਕੌਰ ਜੀ ਨੂੰ ਦਰਗਾਹੀ ਸੱਦੇ ਆ ਗਏ। ਆਪਦੇ ਛੋਟੇ ਵੀਰ, ਬੱਲ੍ਹੋ ਜੀ ਨੇ ਮਾਤਾ ਦਾ ਸਨੇਹ ਮਾਤਰ ਛੇ ਕੁ ਮਹੀਨੇ ਮਾਣਿਆ ਫਿਰ ਮਾਤਾ ਭੂਪਿੰਦਰ ਕੌਰ ਦੇ ਤਪਦਿਕ ਗ੍ਰਸਤ ਹੋਣ ਬਾਅਦ ਉਹ ਜ਼ਿਆਦਾ ਸਮਾਂ ਨਾਨੀ ਜੀ ਪਾਸ ਹੀ ਰਹਿੰਦੇ। ਜੀਵਨ ਆਪਣੀ ਚਾਲ ਚੱਲਦਾ ਰਹਿੰਦਾ ਹੈ। ਸੰਤ ਸੁੰਦਰ ਸਿੰਘ ਪੂੰਗਾਂ ਵਾਲਿਆਂ ਤੋਂ ਵਰੋਸਾਏ ਸੰਤ ਕੇਸਰ ਸਿੰਘ ਮਜਾਧ (ਜ਼ਿਲ੍ਹਾ ਸਿਆਲਕੋਟ) ਨੇ ਬਾਲਕ ਬੇਅੰਤ ਜੀ ਦੀ ਡੇਢ ਦੋ ਸਾਲ ਸੇਵਾ ਕੀਤੀ। ਮਾਤਾ ਭੂਪਿੰਦਰ ਕੌਰ ਜੀ ਦੇ ਅਕਾਲ ਚਲਾਣੇ ਬਾਅਦ, ਇਹ ਸੇਵਾ ਗੁਰਮੁਖ ਸਿੰਘ ਝੱਬਰ ਨੂੰ ਸੌਂਪ ਦਿੱਤੀ ਗਈ ਜਿਨ੍ਹਾਂ ਨੇ 1924-25 ਈ. ਤੋਂ ਲੈ ਕੇ 1938-39 ਈ: ਤੱਕ ਪੂਰੇ ਚੌਦਾਂ ਸਾਲ ਇਹ ਸੇਵਾ ਬੜੀ ਤਨਦੇਹੀ ਨਾਲ, ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿਰਦੇਸ਼ਨ ਹੇਠ ਨਿਭਾਈ। ਪਹਿਲੇ ਢਾਈ ਤਿੰਨ ਸਾਲਾਂ ਦਾ ਸਮਾਂ ਆਪ ਦਾ ਗੜ੍ਹਦੀਵਾਲਾ (ਹੁਸ਼ਿਆਰਪੁਰ) ਵਿਖੇ 1924 ਤੋਂ 1927 ਈ: ਤੱਕ ਦਾ ਬਤੀਤ ਹੋਇਆ। ਗੁਰਮੁਖ ਸਿੰਘ ਝੱਬਰ ਦੇ ਪਿਤਾ ਸੰਤ ਜਿਊਣ ਸਿੰਘ ਝੱਬਰ ਨੇ ਬੇਸ਼ਕ ਭਜਨ ਸਤਿਗੁਰੂ ਰਾਮ ਸਿੰਘ ਦੇ ਸਮੇਂ ਪੁੱਛਿਆ ਸੀ, ਗੁਰੂ ਹਰੀ ਸਿੰਘ ਜੀ

ਦੇ ਸਮੇਂ ਉਹ ਕੁਝ ਭੂਮੀ ਵੇਚ ਕੇ ਉਸਦੀ ਵੱਟਕ ਗੁਰੂ ਕੇ ਲੰਗਰ ਵਿਚ ਪਾ ਕੇ, ਸ੍ਰੀ ਭੈਣੀ ਸਾਹਿਬ ਦੀ ਰਹਿਣ ਲੱਗ ਪਏ। ਸਤਿਗੁਰੂ ਪਰਤਾਪ ਸਿੰਘ ਜੀ ਨੇ ਗੁਰਮੁਖ ਸਿੰਘ ਝੱਬਰ ਨੂੰ ਬਚਪਨ ਤੋਂ ਹੀ ਆਪਣੀ ਨਿਗਰਾਨੀ ਵਿਚ ਰੱਖਿਆ ਸੀ ਤੇ ਹੁਣ ਉਸ ਨੂੰ ਬੇਅੰਤ ਜੀ ਦੀ ਸਾਂਭ ਸੰਭਾਲ ਲਈ, ਆਪਣਾ ਵਿਸ਼ਵਾਸ਼ ਪਾਤਰ ਜਾਣਿਆ ਸੀ।

ਗੜ੍ਹਦੀਵਾਲਾ ਡੇਰਾ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸੰਤ ਹਰਨਾਮ ਸਿੰਘ ਹੋਰਾਂ ਨੇ ਵਸਾਇਆ ਸੀ। ਇੱਥੇ ਸੰਗੀਤ ਅਚਾਰੀਆ ਉਸਤਾਦ ਹਰਨਾਮ ਸਿੰਘ ਜੀ ਰਾਗੀ ਚਵਿੰਡਾ (ਅੰਮ੍ਰਿਤਸਰ) ਵਾਲੇ, ਆਪ ਦੇ ਗੁਰਮੁਖੀ ਅੱਖਰਾਂ, ਗੁਰਬਾਣੀ ਅਤੇ ਗੁਰਮਤਿ ਸੰਗੀਤ ਦੇ ਪਹਿਲੇ ਉਸਤਾਦ ਬਣੇ। ਸਤਿਗੁਰੂ ਪਰਤਾਪ ਸਿੰਘ ਜੀ ਆਪ ਵੀ ਬਹੁਤ ਵੱਡੇ ਪਰਕਿਰਤੀ ਪਰੇਮੀ ਸਨ। ਇਸ ਲਈ ਉਨ੍ਹਾਂ ਬੇਅੰਤ ਜੀ ਦੇ ਬਚਪਨ ਸਮੇਂ, ਉਨ੍ਹਾਂ ਨੂੰ ਗੜ੍ਹਦੀਵਾਲਾ, ਸ਼ਿਵਾਲਕ ਦੀਆਂ ਰਮਣੀਕ ਪਹਾੜੀਆਂ ਦੇ ਕੰਢੀ ਖੇਤਰ ਵਿਚ ਰੱਖਣ ਤੋਂ ਇਲਾਵਾ, ਬੀੜ ਮਰਾਰੜੂ (ਅਮਲੋਹ ਦੇ ਪਾਸ) ਨਾਭਾ ਰਾਜਾ ਵੱਲੋਂ ਭੇਟ ਕੀਤੇ, ਬੀੜ ਵਾਲੇ ਕੂਕਿਆਂ ਦੇ ਡੇਰੇ ਵਿਚ ਵੀ ਟਿਕਾਇਆ। ਚੋਟੀਆਂ (ਲਾਇਲਪੁਰ), ਖਿਹਾਲਾ ਆਦਿਕ ਬਾਰ ਵਿਚ, ਕੂਕਿਆਂ ਦੇ ਦੋ ਨਾਲ ਨਾਲ ਪਿੰਡ ਸਨ। ਇਸ ਪਿੰਡ ਦੀ ਕੂਕਿਆਂ ਦੀ ਰੱਸਾ ਟੀਮ ਨੇ 1912 ਈ: ਦੇ ਦਿੱਲੀ ਦਰਬਾਰ ਸਮੇਂ, ਯੋਰਪ ਜੇਤੂ ਰੱਸਾ ਟੀਮ ਨੂੰ ਹਰਾਇਆ ਸੀ। ਇਸ ਨਗਰ ਵਿਖੇ ਵੀ ਬੇਅੰਤ ਜੀ ਆਪਣੇ ਬਚਪਨ ਦਾ ਕੁਝ ਸਮਾਂ, ਹਰ ਸਾਲ, ਗੁਰਮੁਖ ਸਿੰਘ ਝੱਬਰ ਤੇ ਹੋਰ ਉਸਤਾਦਾਂ ਨਾਲ ਬਿਤਾਇਆ ਕਰਦੇ ਸਨ। ਇਉਂ ਪੰਜਾਬ ਦੇ ਵੱਖ-ਵੱਖ ਖਿੱਤਿਆਂ ਦੇ ਬਚਪਨ ਵਿਚ ਭਰਮਣ ਨੇ, ਉਨ੍ਹਾਂ ਨੂੰ ਜੀਵਨ ਪ੍ਰਤੀ ਇਕ ਵਿਸ਼ਾਲ ਤੇ ਜੀਵੰਤ ਦ੍ਰਿਸ਼ਟੀਕੋਣ ਅਪਨਾਉਣ ਯੋਗ ਬਣਾਇਆ।

ਉਦਾਰਤਾ ਅਤੇ ਸਖਾਵਤ ਆਪ ਦੇ ਸੁਭਾਉ ਦਾ ਅਟੁੱਟ ਅੰਗ ਸੀ, ਇਹ ਆਪ ਨੂੰ ਆਪਣੇ ਵਿਰਸੇ ਵਿਚ ਮਿਲੀ ਸੀ। ਇਸ ਲਈ ਜਗਤ-ਮਾਤਾ ਭੁਪਿੰਦਰ ਕੌਰ ਜੀ ਦੇ ਸਮੇਂ ਦੀ ਇਕ ਵਾਰਤਾ ਅਕਸਰ ਦੁਹਰਾਈ ਜਾਂਦੀ ਹੈ। ਉਦੋਂ ਮਾਤਾ ਜੀ ਨਹਿਰ ਸਰਹਿੰਦ ਵਾਲੇ ਡੇਰੇ ਤੇ ਨਿਵਾਸ ਰੱਖਦੇ ਸਨ। ਜਪ ਪ੍ਰਯੋਗ ਦੇ ਦਿਨ ਸਨ। ਇਕ ਦਿਨ ਸਤਿਗੁਰੂ ਪਰਤਾਪ ਸਿੰਘ ਜੀ ਕਿਸੇ ਹੋਰ ਪਾਸੇ ਗਏ ਸਨ। ਸਿੰਘਾਂ ਨੇ ਮਾਤਾ ਜੀ ਨੂੰ ਅਰਜ ਕੀਤੀ ਕਿ ਲੰਗਰ ਮਸਤਾਨਾ ਹੋ ਗਿਆ ਹੈ। ਮਾਤਾ ਜੀ ਨੇ ਕਿਹਾ ਕਿ ਮੇਰੇ ਪਾਸ ਆਹ ਇਕ ਅੰਗੂਠੀ ਹੈ ਸੋਨੇ ਦੀ ਜੋ ਅਨੰਦ ਕਾਰਜ ਤੋਂ ਬਾਅਦ ਸਤਿਗੁਰੂ ਜੀ ਨੇ ਮੈਨੂੰ ਬਖਸ਼ੀ ਸੀ। ਇਹ ਲੈ ਜਾਉ ਤੇ ਰਸਦ ਲੈ ਆਉ। ਇਸ ਤਰ੍ਹਾਂ ਦੀ ਪਿਆਰ-ਨਿਸ਼ਾਨੀ ਨੂੰ ਸੰਗਤ ਪ੍ਰਤੀ ਆਪਣੇ ਫ਼ਰਜ਼ ਤੋਂ ਕੁਰਬਾਨ ਕਰਨ ਲੱਗਿਆਂ ਮਾਤਾ ਜੀ ਨੇ ਰਤਾ ਢਿੱਲ ਨਾ ਵਿਖਾਈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਆ ਕੇ ਉਨ੍ਹਾਂ ਦੇ ਇਸ ਕਾਰਜ ਦੀ ਪ੍ਰਸੰਸਾ ਕੀਤੀ।

ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਸਮੁਦਾਇ ਆਪਣੇ ਬੱਚਿਆਂ ਨੂੰ ਅੰਗਰੇਜ਼ ਸਰਕਾਰ ਦੇ ਖੋਹਲੇ ਸਕੂਲਾਂ ਵਿਚ ਨਹੀਂ ਸੀ ਭੇਜਦਾ। ਹੁਣ ਸਤਿਗੁਰੂ ਪਰਤਾਪ ਸਿੰਘ ਜੀ ਨੇ 1927-28 ਈ: ਵਿਚ ਰਾਮਸਰ ਦੇ ਉੱਤਰ ਵੱਲ, ਜਿੱਥੇ ਹੁਣ ਸਤਿਗੁਰੂ ਜਗਜੀਤ ਸਿੰਘ ਲਾਇਬਰੇਰੀ ਹੈ, ਇਕ ਨਾਮਧਾਰੀ ਵਿਦਿਆਲੇ ਦੀ ਇਮਾਰਤ ਉਸਾਰ ਦਿੱਤੀ। ਇਸ ਵਿਦਿਆਲੇ ਵਿਚ ਬੇਅੰਤ ਜੀ ਅਤੇ ਬੱਲੂ ਜੀ ਤੋਂ ਇਲਾਵਾ ਕੋਈ 70-75 ਹੋਰ ਵਿਦਿਆਰਥੀ, ਸਮੁੱਚੇ ਪੰਜਾਬ ਵਿਚੋਂ ਆਏ ਸਨ। ਪੜ੍ਹਣ ਦਾ ਇਹ ਸਿਲੇਬਸ ਪੂਰੇ ਬਾਰਾਂ ਸਾਲਾਂ ਦਾ ਸੀ। ਜਿਹੜਾ ਵਿਦਿਆਰਥੀ ਬਾਰਾਂ ਸਾਲ ਇੱਥੇ ਰਹਿਣਾ ਮੰਨਦਾ, ਉਹ ਹੀ ਇੱਥੇ ਦਾਖਲ ਹੋ ਸਕਦਾ ਸੀ। ਇਸ ਵਿਦਿਆਲੇ ਵਿਚ ਪੰਜਾਬੀ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ ਆਦਿ ਭਾਸ਼ਾਵਾਂ ਦੇ ਗਿਆਨ, ਆਮ ਹਿਸਾਬ ਕਿਤਾਬ, ਗੁਰਬਾਣੀ ਅਧਿਅਨ, ਗੁਰ ਇਤਿਹਾਸ ਅਤੇ ਗੁਰਮਤਿ ਸੰਗੀਤ ਦੇ ਨਾਲ ਨਾਲ ਖੇਤੀਬਾੜੀ, ਪਸ਼ੂ ਪਾਲਣ, ਘੋੜ ਸਵਾਰੀ, ਦਸਤਕਾਰੀ, ਉਣਾਈ ਬੁਣਾਈ, ਪ੍ਰੈਸ ਦਾ ਕੰਮ, ਲੰਗਰ ਤਿਆਰ ਕਰਨ ਆਦਿ ਕਿੱਤਾ ਮੁਖੀ ਸਿੱਖਿਆ ਵੀ ਮਿਲਦੀ ਸੀ। ਬੇਅੰਤ ਜੀ ਦੇ ਅਧਿਆਪਕਾਂ ਵਿਚ ਸ਼ਾਮਲ ਸਨ, ਮਾਸਟਰ ਬਲਵੰਤ ਸਿੰਘ ਜੀ ਬੁੰਡਾਲਾ (ਅੰਮ੍ਰਿਤਸਰ), ਪੰਡਿਤ ਹਰਬੰਸ ਲਾਲ ਗੁਆਂਢੀ ਪਿੰਡ ਪੰਜੇਟੇ, ਗੁਰਦਿਆਲ ਸਿੰਘ ਸੰਧਾਵਾਲੀਆ, ਕਿਹਰ ਸਿੰਘ ਮਾਨ, ਮਾਸਟਰ ਸੁਹੇਵਾ ਸਿੰਘ, ਪੰਡਿਤ ਲਛਮੀ ਨਰਾਇਣ ਬਾਲਕ ਰਾਮ ਗੁਜਰਾਂਵਾਲਾ। ਕੁਝ ਸਾਲਾਂ ਬਾਅਦ ਇੰਗਲੈਂਡ ਵਿਚੋਂ ਆਈ.ਸੀ.ਐਸ ਪ੍ਰੀਖਿਆ ਪਾਸ ਕਰਕੇ ਆਏ ਅਤੇ ਸਰਕਾਰੀ ਨੌਕਰੀ ਛੱਡ ਕੇ ਫਿਰ ਵਿਰਕਤ ਹੋ ਗਏ, ਮਹਿਤਾ ਭੋਲਾ ਨਾਥ, ਅੰਗਰੇਜ਼ੀ ਪੜ੍ਹਾਉਣ ਲਈ ਆ ਗਏ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਅਨੇਕ ਬਿਰਧ ਸਾਧੂ ਇਸ ਸਮੇਂ ਭੈਣੀ ਸਾਹਿਬ ਰਹਿੰਦੇ ਸਨ। ਉਨ੍ਹਾਂ ਦੀ ਸੰਗਤ, ਵਿਦਿਆਰਥੀਆਂ ਵਿਚ ਦੇਸ਼ ਭਗਤੀ ਤੇ ਲੋਕ ਸੇਵਾ ਦੇ ਬੀਜ ਬੀਜਣ ਲਈ ਕਰਵਾਈ ਜਾਂਦੀ। ਸੁਆਮੀ ਤਖਤ ਸਿੰਘ ਜੀ ਐਸੇ ਹੀ ਉੱਘੇ ਸਾਧੂ ਸਨ, ਉਹ ਰੰਗੂਨ ਦਰਸ਼ਨ ਕਰਨ ਵੀ ਗਏ ਸਨ। ਉਨ੍ਹਾਂ ਦੇ ਪਰਵਚਨ ਵਿਦਿਆਲੇ ਵਿਚ ਹੁੰਦੇ। ਨਰੋਏ ਮਨੁੱਖੀ ਸੱਭਿਆਚਾਰ ਦੀ ਉਸਾਰੀ ਲਈ ਸਤਿਗੁਰੂ ਪਰਤਾਪ ਸਿੰਘ ਜੀ ਯਤਨਸ਼ੀਲ ਸਨ। ਸੰਗੀਤ ਦੀ ਸਿੱਖਿਆ ਲਈ ਉਸਤਾਦ

ਹਰਨਾਮ ਸਿੰਘ ਹੋਰਾਂ ਤੋਂ ਬਿਨਾ, ਗੁਆਂਢੀ ਪਿੰਡ ਰਾਮਪੁਰ ਦੇ ਕਲੌਂਤ ਕਵਾਲ, ਉਸਤਾਦ ਊਧੋ ਖਾਂ, ਰਹਿਮਤ ਖਾਂ ਅਤੇ ਜੋੜੀ ਸਿਖਾਉਣ ਲਈ ਅੰਮ੍ਰਿਤਸਰ ਤੋਂ ਭਾਈ ਤਾਬਾ ਤੇ ਭਾਈ ਨਸੀਰ ਉਚੇਚੇ ਮੰਗਵਾਏ। ਗੁਰਮਤਿ ਸੰਗੀਤ ਨੂੰ ਪ੍ਰਫੁੱਲਤ ਕਰਨ ਦੀ ਪਿਤਾ ਸਤਿਗੁਰੂ ਪਰਤਾਪ ਸਿੰਘ ਜੀ ਦੀ ਰੀਝ ਨੂੰ, ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਗੁਰਤਾਕਾਲ ਵਿਚ ਮੁਰਤੀਮਾਨ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ।

ਆਪ ਦੇ ਬਚਪਨ ਨੂੰ ਅਨੁਸ਼ਾਸਨ ਦੀ ਜਿਸ ਕੁਠਾਲੀ ਵਿਚ ਢਾਲਿਆ ਗਿਆ, ਆਪ ਉਸ ਵਿਚੋਂ ਬੜੇ ਸਫਲ ਹੋ ਕੇ ਨਿਕਲੇ। ਜੇਰਾ, ਧੀਰਜ, ਖ਼ਿਮਾਂ ਅਤੇ ਸਹਿਣਸ਼ੀਲਤਾ ਜਿਹੇ ਵੱਡੇ ਗੁਣ ਆਪ ਨੇ ਸਕੂਲੀ ਵਿਦਿਆ ਗ੍ਰਹਿਣ ਕਰਦੇ ਸਮੇਂ ਹੀ ਧਾਰਨ ਕਰ ਲਏ। ਆਪ ਨੇ ਜਾਂ ਆਪ ਦੇ ਛੋਟੇ ਭਰਾਤਾ ਨੇ, ਸਹਿਪਾਠੀਆਂ ਦੀ ਇਕ ਵੱਡੀ ਟੀਮ ਵਿਚ ਵਿਚਰਦਿਆਂ ਕਦੇ ਵੀ ਗੁਰੂ ਪਰਿਵਾਰ ਨਾਲ ਸਬੰਧਿਤ ਹੋਣ ਦਾ ਅਣਉਚਿਤ ਵਿਖਾਲਾ ਨਹੀਂ ਕੀਤਾ। ਉਹ ਹਾਣੀ ਵਿਦਿਆਰਥੀਆਂ ਨਾਲ ਰਲਕੇ, ਸੰਗਤ ਦੇ ਜੂਠੇ ਬਰਤਨ ਵੀ ਸਾਫ ਕਰਦੇ। ਲੰਗਰ ਲਈ ਜਲ ਭਰਦੇ ਜਾਂ ਹੋਰਨਾਂ ਸੇਵਾਵਾਂ ਵਿਚ ਹੱਥ ਵਟਾਉਂਦੇ। ਇਸੇ ਕਾਰਨ ਗੁਰੂ ਪਦਵੀ ਗ੍ਰਹਿਣ ਕਰਕੇ ਵੀ ਆਪ ਵੱਡੇ ਤੜਕੇ, ਭੂੰਬ ਮਾਰਕੇ ਸ੍ਰੀ ਭੈਣੀ ਸਾਹਿਬ ਦੇ ਹੋਲੇ ਮੇਲਿਆਂ ਸਮੇਂ, ਖੂਹ ਵਿਚੋਂ ਜਲ ਕੱਢ ਕੱਢ ਕੇ ਸਿੰਘਾਂ ਦਾ ਇਸ਼ਨਾਨ ਕਰਵਾਇਆ ਕਰਦੇ ਸਨ।

ਉਨ੍ਹਾਂ ਦੇ ਜੇਰੇ ਧੀਰਜ ਬਾਰੇ ਇਕ ਚਰਚਿਤ ਘਟਨਾ ਹੈ। ਬੱਘੀ 'ਤੇ ਸਵਾਰ ਹੋ ਕੇ ਕਿਤੇ ਜਾ ਰਹੇ ਸਨ। ਘੋੜਾ 'ਜੈ ਭਾਰਤ' ਬਹੁਤ ਘੋੜ ਦੌੜਾਂ ਜਿੱਤਣ ਵਾਲਾ, ਅਚਾਨਕ ਰਸਤੇ ਵਿਚ ਰੁਕ ਗਿਆ। ਘੋੜਾ ਜਦੋਂ ਤੁਰਨੋਂ ਵਿਹਰ ਗਿਆ ਤਾਂ ਆਪ ਦਾ ਕੋਚਵਾਨ ਲਾਭ ਸਿੰਘ ਫੱਤਾ, ਹੇਠਾਂ ਉੱਤਰ ਕੇ ਘੋੜੇ ਤੇ ਛਾਂਟਾ ਅਜ਼ਮਾਈ ਕਰਨ ਲੱਗਾ। ਬੇਅੰਤ ਜੀ ਨੇ ਬੱਘੀ ਤੋਂ ਛਾਲ ਮਾਰ ਕੇ ਉਸ ਦਾ ਹੱਥ ਫੜ ਲਿਆ। ਸਿੰਘ ਕਹਿੰਦਾ ਕਿ ਆਪ ਦੇ ਪਰਸ਼ਾਦ ਛਕਣ ਦਾ ਸਮਾਂ ਲੇਟ ਹੋ ਰਿਹਾ ਹੈ। ਇਹ ਜਾਨਵਰ ਹੈ ਕਿ ਤੁਰਦਾ ਹੀ ਨਹੀਂ। ਇਹਦਾ ਇਲਾਜ ਤਾ ਕਰਨਾ ਪਵੇਗਾ। ਬੇਅੰਤ ਜੀ ਨੇ ਕਿਹਾ-ਜੇ ਭੁੱਖ ਆਪਾਂ ਨੂੰ ਲੱਗੀ ਹੈ ਤਾਂ ਇਸ ਨੂੰ ਵੀ ਲਗੇਗੀ। ਕਹਿਣਾ ਕੁਝ ਨਹੀਂ ਧੀਰਜ ਕਰੋ। ਤੇ ਕੁਝ ਦੇਰ ਬਾਅਦ ਘੋੜਾ ਆਪੇ ਤੁਰਿਆ ਤੇ ਡੇਰੇ ਤੇ ਪੁੱਜ ਗਏ। ਹਰ ਪ੍ਰਾਣੀ ਮਾਤਰ ਨਾਲ ਸਨੇਹ ਆਪ ਦੇ ਜੀਵਨ ਦਰਸ਼ਨ ਦਾ ਸਾਰ ਸੀ। ਉਨ੍ਹਾਂ ਨੇ ਨਹਿਰ ਵਾਲੇ ਡੇਰੇ ਤੇ ਹੀ ਵੇਖਿਆ ਸੀ ਕਿ ਇਕ ਫਨੀਅਰ ਸੱਪ ਦਾਲ ਰੱਖਣ ਵਾਲੇ ਘੜੇ ਵਿਚ ਰਹਿਣ ਲੱਗ ਪਿਆ। ਜਦੋਂ ਦਾਲ ਧਰਨ ਦਾ ਵਕਤ ਹੁੰਦਾ, ਲਾਂਗਰੀ ਸਿੰਘ ਨੇ ਕਹਿਣ-"ਭੰਗਰ ਨਾਥਾ! ਘੜੇ ਤੋਂ ਪਾਸੇ ਹੋ ਜਾ ਅਸੀਂ ਦਾਲਾਂ ਕੱਢ ਲਈਏ।" ਉਹ ਨਿਕਲ ਕੇ ਟੁਰ ਜਾਂਦਾ। ਸਿੰਘ ਦਾਲ ਕੱਢ ਲੈਂਦੇ। ਇਹ ਸ਼ਾਂਤੀਪੂਰਨ ਸਹਿਹੋਂਦ, ਕਾਫੀ ਚਿਰ ਚੱਲਦੀ ਰਹੀ। ਕੋਈ ਉਸਨੂੰ ਮਾਰੇ ਨਾਂ। ਉਹ ਕਿਸੇ ਨੂੰ ਡੰਗੇ ਨਾ।

ਫਰਵਰੀ 1939 ਈ: ਵਿਚ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਪਹਿਲੀ ਵੇਰ ਭੈਣੀ ਸਾਹਿਬ ਆਏ ਤਾਂ ਦਸ ਹਜ਼ਾਰ ਸੰਗਤ ਦੀ ਹਾਜ਼ਰੀ ਵਿਚ ਬੇਅੰਤ ਜੀ, ਬੱਲੂ ਜੀ ਦੀ ਅਗਵਾਈ ਵਿਚ ਵਿਦਿਆਲੇ ਦੇ ਵਿਦਿਆਰਥੀਆਂ ਨੇ ਕੀਰਤਨ ਦੀ ਸੇਵਾ ਨਿਭਾਈ। ਰਸਭਿੰਨੇ ਗੁਰਮਤਿ ਸੰਗੀਤ ਤੋਂ ਪੰਡਿਤ ਜੀ ਬਹੁਤ ਪ੍ਰਭਾਵਿਤ ਹੋਏ ਅਤੇ ਜਦੋਂ ਉਨ੍ਹਾਂ ਨੂੰ ਜਾਣਕਾਰੀ ਮਿਲੀ ਕਿ ਇਨ੍ਹਾਂ ਬੱਚਿਆਂ ਵਿਚ ਸਤਿਗੁਰੂ ਜੀ ਦੇ ਦੋਵੇਂ ਸਪੁੱਤਰ ਵੀ ਹਨ ਤਾਂ ਉਹ ਬਹੁਤ ਪਰਸੰਨ ਹੋਏ। ਇਸੇ ਸਾਲ ਦੋਹਾਂ ਭਰਾਵਾਂ ਤੇ ਸੀਤਲਾ ਦਾ ਪਰਕੋਪ ਹੋਇਆ। ਵੀਹ ਪੱਚੀ ਦਿਨ ਦੇ ਦਵਾ ਦਾਰੂ ਬਾਅਦ ਠੀਕ ਹੋ ਗਏ। ਸਿਹਤਯਾਬੀ ਤੋਂ ਬਾਅਦ ਸਤਿਗੁਰੂ ਜੀ ਦੋਹਾਂ ਭਰਾਵਾਂ ਤੇ ਵੀਹ ਪੱਚੀ ਹੋਰ ਵਿਦਿਆਰਥੀਆਂ ਨੂੰ ਨਾਲ ਲੈ ਕੇ, ਗੁਜਰਾਂ ਵਾਲੇ ਤੋਂ ਰਾਵਲਪਿੰਡੀ ਪੰਜਾ ਸਾਹਿਬ, ਹਜਰੋਂ ਸਾਹਿਬ, ਕਿਲਾ ਜਮਰੋਦ ਆਦਿ ਦੀ ਯਾਤਰਾ ਕਰਵਾ ਕੇ ਖੁਸ਼ੀਆਂ ਬਖਸ਼ੀਆਂ।

ਵਿਦਿਆਲੇ ਦੀ ਵਿਦਿਆ ਸੰਪੂਰਨ ਹੋਣ ਬਾਅਦ, ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਡੇਰੇ ਦੀ ਪਰਬੰਧ ਵਿਵਸਥਾ ਵਿਚ ਸਮੇਂ-ਸਮੇਂ ਬੇਅੰਤ ਜੀ ਨੂੰ ਜ਼ਿੰਮੇਂਵਾਰੀਆਂ ਸੌਂਪਦੇ ਰਹੇ। ਬਾਬਾ ਬੀਰ ਸਿੰਘ ਜੀ ਆਪ ਦਾ ਸਾਥ ਦਿੰਦੇ। ਬਾਬਾ ਜਗਜੀਤ ਸਿੰਘ ਜੀ ਦਾ ਅਨੰਦ ਕਾਰਜ, ਸ੍ਰ. ਊਧਮ ਸਿੰਘ ਰੰਧਾਵਾ ਅਤੇ ਮਾਤਾ ਕਰਮ ਕੌਰ, ਪਿੰਡ ਕਾਲੂ ਵਾਹਰ (ਹੁਸ਼ਿਆਰਪੁਰ) ਦੀ ਸਪੁੱਤਰੀ ਬੀਬੀ ਰਜਿੰਦਰ ਕੌਰ ਨਾਲ 11 ਚੇਤ 2001 ਬਿਕਰਮੀ ਨੂੰ ਮੁਠੱਡਾ (ਜਲੰਧਰ) ਵਿਖੇ ਹੋਇਆ। ਪਰੰਤੂ ਇਹ ਬੀਬੀ ਰਜਿੰਦਰ ਕੌਰ ਜੀ 10 ਭਾਦਰੋਂ 2002 ਬਿਕਰਮੀ ਨੂੰ ਬੀਮਾਰ ਹੋ ਕੇ, ਮੰਡੀ (ਹਿਮਾਚਲ) ਵਿਖੇ ਅਕਾਲ ਚਲਾਣਾ ਕਰ ਗਏ। ਇਸ ਤੇ ਬਾਬਾ ਜੀ ਦਾ ਦੁਬਾਰਾ ਅਨੰਦ ਕਾਰਜ 19 ਮਾਘ 2002 ਬਿਕਰਮੀ ਨੂੰ ਪਿਤਾ ਸਰਵਣ ਸਿੰਘ ਸਿੱਧੂ ਬਰਾੜ ਅਤੇ ਮਾਤਾ ਸਮਾਂ ਕੌਰ ਨਿਵਾਸੀ ਬਾਜਾਖਾਨਾ, ਦੀ ਸਪੁੱਤਰੀ ਬੀਬੀ ਕਰਤਾਰ ਕੌਰ ਨਾਲ ਬਸੰਤ ਪੰਚਮੀ ਮੌਕੇ ਤੇ ਰੋਡੇ (ਫੀਰੋਜ਼ਪੁਰ) ਵਿਖੇ ਹੋਇਆ। ਅਨੰਦ ਕਾਰਜ ਤੋਂ ਬਾਅਦ ਬੀਬੀ ਕਰਤਾਰ ਕੌਰ ਦਾ ਨਾਮ ਚੰਦ ਕੌਰ ਰੱਖਿਆ ਗਿਆ। ਬਾਬਾ ਬੀਰ ਸਿੰਘ ਜੀ ਦਾ ਅਨੰਦ ਕਾਰਜ ਬੱਪੀਆਣਾ (ਮਾਨਸਾ) ਦੇ ਸੰਤ ਨਰਾਇਣ ਸਿੰਘ ਸੇਖੋਂ ਦੀ ਸਪੁੱਤਰੀ, ਬੀਬੀ ਦਲੀਪ ਕੌਰ ਜੀ ਨਾਲ ਅਕਤੂਬਰ 1951 ਨੂੰ ਜੀਵਨ ਨਗਰ ਵਿਖੇ ਹੋਇਆ। ਇਸ ਦੰਪਤੀ ਦੇ ਗ੍ਰਹਿ ਵਿਖੇ,

ਅਗਸਤ 1953 ਵਿਚ ਸ੍ਰੀ ਦਲੀਪ ਸਿੰਘ ਤੇ 20 ਜੁਲਾਈ 1958 ਨੂੰ ਸ੍ਰੀ ਉਦੇ ਸਿੰਘ ਦਾ ਆਗਮਨ ਹੋਇਆ।

1945 ਈ: ਨੂੰ ਕੱਤਕ ਪੁੰਨਿਆ ਦੇ ਗੁਰੂ ਨਾਨਕ ਦੇਵ ਜੀ ਦੇ ਪਰਕਾਸ਼ ਦੇ ਮੇਲੇ 'ਤੇ ਕਾਂਗਰਸ ਨੇਤਾ ਪੰਡਿਤ ਜਵਾਹਰ ਲਾਲ ਨਹਿਰੂ, ਗੁਰਦੁਆਰਾ ਜਨਮ ਅਸਥਾਨ ਮੱਥਾ ਟੇਕਣਾ ਚਾਹੁੰਦੇ ਸਨ। ਗੁਰਦੁਆਰੇ ਦੇ ਪਰਬੰਧਕ ਅਕਾਲੀ ਸੱਜਣ ਪੰਡਿਤ ਜੀ ਦਾ ਵਿਰੋਧ ਕਰ ਰਹੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਤੇ ਬਾਬਾ ਜਗਜੀਤ ਸਿੰਘ ਜੀ ਨੇ ਨਾਮਧਾਰੀ ਨੌਜਵਾਨਾਂ ਦੇ ਘੇਰੇ ਵਿਚ ਪੰਡਿਤ ਜੀ ਨੂੰ ਲੈ ਲਿਆ ਅਤੇ ਪੰਡਿਤ ਜੀ ਦਰਸ਼ਨੀ ਡਿਓਢੀ ਅਗਿਉਂ ਸੀਸ ਨਿਵਾ ਨੇ ਵਾਪਿਸ ਆ ਗਏ। ਉਨ੍ਹਾਂ ਨੇ ਫਿਰ ਨਾਮਧਾਰੀ ਧਰਮਸ਼ਾਲਾ ਵਿਚ ਆ ਕੇ ਸੰਗਤਾਂ ਨੂੰ ਸੰਬੋਧਿਤ ਵੀ ਕੀਤਾ।

ਦੇਸ਼ ਦੀ ਵੰਡ ਤੋਂ ਕੁਝ ਸਮਾਂ ਪਹਿਲਾਂ, ਹਿਸਾਰ ਜ਼ਿਲ੍ਹਾ ਦੀ ਸਿਰਸਾ ਤਹਿਸੀਲ ਵਿਚ ਅੱਜ ਕੱਲ੍ਹ ਦੇ ਇਲਾਕਾ ਜੀਵਨ ਨਗਰ (ਸਿਰਸਾ) ਵਿਖੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਪੱਛਮੀ ਪੰਜਾਬ ਵਿਚੋਂ ਉੱਜੜ ਕੇ ਆਉਣ ਵਾਲੇ ਸਿੱਖਾਂ ਲਈ ਪੰਜ ਸੌ ਮੁਰੱਬੇ ਦੇ ਲਗਭਗ ਭੂਮੀ ਖਰੀਦੀ। ਦੇਸ਼ ਦੀ ਆਜ਼ਾਦੀ ਬਾਅਦ ਪੱਛਮੀ ਪੰਜਾਬ ਦੇ ਗੁਜਰਾਂਵਾਲਾ, ਸ਼ੇਖੂਪੁਰਾ, ਸਿਆਲਕੋਟ, ਲਾਹੌਰ, ਲਾਇਲਪੁਰ, ਸਰਗੋਧਾ, ਮਿੰਟਗੁਮਰੀ, ਰਾਵਲਪਿੰਡੀ ਆਦਿਕ ਜ਼ਿਲ੍ਹਿਆਂ ਦੇ ਨਾਮਧਾਰੀ ਨਵੇਂ ਖਰੀਦੇ ਇਲਾਕੇ ਵਿਚ ਆ ਲੱਥੇ। ਉੱਥੇ ਚਚਾਲ ਕੋਠੀ (ਜੀਵਨ ਨਗਰ ਦਾ ਪਹਿਲਾ ਨਾਂ) ਵਿਖੇ ਗੁਰੂ ਕਾ ਲੰਗਰ ਚੱਲਦਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਤਾਂ ਨਾਮਧਾਰੀ ਪੰਥ ਦੀ ਸਾਂਭ-ਸੰਭਾਲ ਲਈ ਪੰਜਾਬ, ਭਾਰਤ ਅਤੇ ਕੁਝ ਵਿਦੇਸ਼ਾਂ ਦੇ ਪਰਚਾਰ ਦੌਰਿਆਂ ਤੇ ਰਹਿੰਦੇ ਸਨ। ਇਸ ਸਮੇਂ ਨਵੇਂ ਇਲਾਕੇ ਵਿਚ ਆਈਆਂ ਹਜ਼ਾਰਾਂ ਸੰਗਤਾਂ ਦੇ ਮੁੜ ਵਸੇਬੇ ਦਾ ਵੱਡਾ ਕਾਰਨ, ਬਾਬਾ ਜਗਜੀਤ ਸਿੰਘ ਜੀ ਦੇ ਜ਼ਿੰਮੇ ਸੀ। ਉਹ ਇਸ ਸਬੰਧ ਵਿਚ ਬਾਬਾ ਬੀਰ ਸਿੰਘ ਜੀ, ਸ੍ਰ. ਤੇਜਾ ਸਿੰਘ ਚੰਦੋਵਾਲ, ਸ੍ਰ. ਅਵਤਾਰ ਸਿੰਘ ਝੱਬਰ ਅਤੇ ਪਟਵਾਰੀ ਕਰਮ ਸਿੰਘ ਆਦਿਕ ਦੀਆਂ ਸੇਵਾਵਾਂ ਲੈਂਦੇ। ਆਪ ਦੀ ਨਿਗਰਾਨੀ ਹੇਠ ਸਿਰਸਾ ਤਹਿਸੀਲ ਵਿਚ ਆਉਣ ਵਾਲੇ ਨਾਮਧਾਰੀਆਂ ਦੇ 7000 ਕਲੇਮ, ਜਲੰਧਰੋਂ ਮੰਗਵਾ ਕੇ, ਨਾਮਧਾਰੀਆਂ ਲਈ ਰਾਖਵੇਂ ਰੱਖੇ ਪਿੰਡਾਂ ਵਿਚ ਜ਼ਮੀਨਾਂ ਪਹਿਲਾਂ ਕੱਚੀਆਂ ਅਤੇ ਫਿਰ ਪੱਕੀਆਂ ਅਲਾਟ ਕਰਵਾਈਆਂ ਗਈਆਂ। ਆਉਣ ਵਾਲਿਆਂ ਦੀਆਂ ਦੈਨਿਕ ਜੀਵਨ ਦੀਆਂ ਲੋੜਾਂ ਦੀ ਪੂਰਤੀ ਗੁਰੂ ਕੇ ਲੰਗਰ ਅਤੇ ਖਜ਼ਾਨੇ ਵਿਚੋਂ ਕੀਤੀ ਜਾਂਦੀ। ਇਸ ਇਲਾਕੇ ਵਿਚ ਉਦੋਂ ਨਾ ਕੋਈ ਰਾਹ ਰਸਤਾ ਸੀ, ਪੱਕੀਆਂ ਸੜਕਾਂ ਤਾਂ ਸਨ ਹੀ ਕਿੱਥੇ, ਨਾ ਸਿੰਚਾਈ ਪਾਣੀ ਦੀ ਸੁਵਿਧਾ, ਸਿਰਫ ਦੋ ਮੌਸਮੀ ਨਹਿਰਾਂ ਘੱਗਰ ਨਾਲੀ ਵਿਚ ਪਾਣੀ ਆਉਣ ਤੇ ਬਰਸਾਤਾਂ ਵਿਚ ਚੱਲਦੀਆਂ ਸਨ। ਡੋਬਾ, ਸੋਕਾ ਆਮ ਸੀ। ਇਨ੍ਹਾਂ ਮਾਰੂ ਹਾਲਾਤ ਤੋਂ ਘਬਰਾ ਕੇ, ਅਨੇਕ ਸਿੱਖਾਂ ਨੇ ਦੂਜੇ ਇਲਾਕਿਆਂ ਵਿਚ ਆਪਣੇ ਕਲੇਮ ਪੁਆਉਣੇ ਚਾਹੇ। ਬਹੁਤ ਸਾਰੇ ਚਲੇ ਵੀ ਗਏ। ਬਾਬਾ ਜਗਜੀਤ ਸਿੰਘ ਜੀ ਨੇ ਜਾਣ ਵਾਲੇ ਸਿੱਖਾਂ ਅੱਗੇ ਹੱਥ ਜੋੜਨੇ ਕਿ ਜੇ ਤੁਸੀਂ ਚਲੇ ਗਏ ਤਾਂ ਸਤਿਗੁਰੂ ਜੀ ਮੇਰੇ ਤੇ ਨਰਾਜ਼ ਹੋਣਗੇ ਕਿ ਤੂੰ ਸਿੱਖਾਂ ਦੀ ਠੀਕ ਸੰਭਾਲ ਨਹੀਂ ਕੀਤੀ, ਇਸ ਲਈ ਜਾਉ ਨਾ। ਇਉਂ ਹਜ਼ਾਰਾਂ ਸਿੱਖਾਂ ਨੂੰ ਆਪ ਧੀਰਜ ਧਰਵਾਸ ਦੇ ਕੇ, ਇਸ ਖਿੱਤੇ ਵਿਚ ਟਿਕਾਈ ਰੱਖਿਆ। ਅੱਜ ਇਹ ਇਲਾਕਾ ਹਰਿਆਣਾ ਪੰਜਾਬ ਵਿਚ ਖੇਤੀਬਾੜੀ ਦੇ ਲਿਹਾਜ ਨਾਲ ਸਭ ਤੋਂ ਸਰ ਸਬਜ਼ ਇਲਾਕਾ ਗਿਣਿਆ ਜਾਂਦਾ ਹੈ। ਇਸ ਤੋਂ ਪਹਿਲਾਂ 1947 ਦੀਆਂ ਗਰਮੀਆਂ ਵਿਚ ਆਜ਼ਾਦੀ ਤੋਂ ਰਤਾ ਕੁ ਪਹਿਲਾਂ ਜਦੋਂ ਪੱਛਮੀ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿਚ ਸਾੜ ਫੂਕ, ਵੱਢ ਟੁੱਕ ਸ਼ੁਰੂ ਹੋ ਚੁੱਕੀ ਸੀ, ਬਾਬਾ ਜਗਜੀਤ ਸਿੰਘ ਜੀ ਨੇ ਆਪਣੀ ਜਾਨ ਜੋਖਮ ਵਿਚ ਪਾ ਕੇ, ਪੱਛਮੀ ਪੰਜਾਬ ਦੇ ਨਾਮਧਾਰੀਆਂ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦਾ ਇਹ ਸੰਦੇਸ਼ ਪੁਚਾਇਆ ਕਿ ਉਹ ਅੱਵਲ ਤਾਂ ਬਿਆਸਾ ਨਹੀਂ ਰਾਵੀ ਦਰਿਆ ਜ਼ਰੂਰ ਜੀਆ ਜੰਤ ਸਣੇ ਪਾਰ ਕਰਕੇ ਚੜ੍ਹਦੇ ਵੱਲ ਜਾਣ।

ਸਤਿਗੁਰੂ ਪਰਤਾਪ ਸਿੰਘ ਜੀ 22 ਅਗਸਤ 1959 ਈ. ਨੂੰ ਅੱਧੀ ਰਾਤ ਬੀਤਣ ਬਾਅਦ ਸ੍ਰੀ ਭੈਣੀ ਸਾਹਿਬ ਵਿਖੇ ਜੀਵਨ ਯਾਤਰਾ ਸਮਾਪਤ ਕਰ ਗਏ। ਇਸੇ ਵਰ੍ਹੇ ਦੇ ਵੈਸਾਖ ਮਹੀਨੇ ਜੀਵਨ ਨਗਰੋਂ ਚੱਲਣ ਸਮੇਂ, ਆਪ ਨੇ ਹੁਕਮ ਕੀਤਾ ਸੀ ਕਿ ਹੁਣ ਇਸ ਡੇਰੇ ਵਿਚ ਉਹ ਹੀ ਰਹਿਣ ਜਿਹਨਾਂ ਵੱਡੇ ਕਾਕੇ ਦੇ ਆਖੇ ਲੱਗਣਾ ਹੈ। ਦੂਜੇ ਸੱਜਣ ਜਾ ਸੱਕਦੇ ਹਨ ਅਸੀਂ ਉਹਨਾਂ ਤੇ ਪਰਸੰਨ ਹੋਵਾਂਗੇ। ਇਉਂ ਆਪ ਜੀ ਨੇ ਨਵੀਂ ਗੁਰਗੱਦੀ ਦਾ ਸੰਕੇਤ ਕਰ ਦਿਤਾ ਸੀ। 22 ਅਗਸਤ ਸ਼ਾਮ ਨੂੰ ਅਟੱਲ ਪਰਤਾਪੀ ਸਤਿਗੁਰੂ ਜੀ ਦੀ ਦੇਹ ਦੇ ਸਸਕਾਰ ਬਾਅਦ, ਮਹਾਰਾਜ ਬੀਰ ਸਿੰਘ ਜੀ ਨੇ ਆਸਣ ਵਿਛਾ ਕੇ, ਉਸ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬਿਰਾਜਮਾਨ ਹੋਣ ਦੀ ਬੇਨਤੀ ਕੀਤੀ। ਇਸ ਪ੍ਰਥਾਇ ਸਸਕਾਰ ਦੀ ਅਰਦਾਸ ਸਮੇਂ ਐਲਾਨ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਕਰ ਦਿਤਾ ਸੀ। ਨਾਮਧਾਰੀ ਪੰਥ ਦੀ ਬਜ਼ੁਰਗਾਂ ਮਹਾਰਾਜ ਜੰਗ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਅਤੇ ਹੋਰ ਸੰਗਤਾਂ ਨੇ ਆਪ ਨੂੰ ਸੀਸ ਨਿਵਾਇਆ। ਸੰਗਤ ਵੱਲੋਂ ਗੁਰਤਾ ਦੀ ਵਿਧੀਵਤ ਦਸਤਾਰ, ਹਜ਼ੂਰੀ ਸੇਵਕ ਭਾਈ ਵਜੀਰ ਸਿੰਘ ਦੁਆਰਾ, ਸਤਿਗੁਰੂ ਜੀ ਦੇ ਭੋਗ ਮੇਲੇ ਸਮੇਂ, 10 ਸਤੰਬਰ 1959 ਨੂੰ ਆਪ ਨੂੰ

ਅਨੇਕ ਮੱਤ ਮਤਾਂਤਰਾਂ, ਧਾਰਮਿਕ, ਸਮਾਜਿਕ, ਸਿਆਸੀ ਮੁਖੀਆਂ ਦੇ ਵਿਸ਼ਾਲ ਇੱਕਠ ਵਿਚ ਸਜਾਈ ਗਈ।

ਆਪ ਦੇ ਗੁਰਤਾ ਪਦਵੀ ਗ੍ਰਹਿਣ ਕਰਨ ਸਮੇਂ ਗੁਰੂ ਘਰ ਦੇ ਖਿਲਾਫ ਕੋਈ ਬਾਈ ਵੱਡੇ ਛੋਟੇ, ਮੁਕਦਮੇ ਚੱਲ ਰਹੇ ਸਨ, ਜਿਹਨਾਂ ਦਾ ਵੱਡਾ ਕਾਰਨ ਜ਼ਮੀਨੀ ਵੰਡ ਵੰਡਾਈ ਦੇ ਵਿਵਾਦ ਸਨ। ਆਪ ਨੇ ਆਪਣੇ ਵਿਕਾਸ ਮੁਖੀ ਦ੍ਰਿਸ਼ਟੀਕੋਣ, ਸੁਲਾਹ ਸਫਾਈ ਵਾਲੇ ਸੁਭਾਅ ਨੂੰ ਪਹਿਲ ਦਿੰਦਿਆਂ, ਜੋ ਜੋ ਵੀ ਕਿਸੇ ਦਾ ਦੇਣ ਲੈਣ ਬਣਦਾ ਸੀ, ਉਸ ਦਾ ਨਿਪਟਾਰਾ ਕਰਕੇ ਬਹੁਤ ਜਲਦੀ ਪੰਥਕ ਉਨਤੀ ਵਾਸਤੇ, ਇਕ ਸ਼ਾਂਤ ਤੇ ਸੁਹਿਰਦ ਮਾਹੌਲ ਸਿਰਜ ਲਿਆ। ਸਾਰੇ ਮੁਕਦਮਿਆਂ ਦਾ ਨਿਪਟਾਰਾ ਕੁਝ ਕੁ ਸਮੇਂ ਵਿਚ ਹੀ ਕਰਾਉਣ ਵਿਚ ਆਪ ਸਫਲ ਹੋ ਗਏ। ਹੁਣ ਆਪ ਨੇ ਇਲਾਕਾ ਜੀਵਨ ਨਗਰ ਦੇ ਵਿਕਾਸ ਵੱਲ ਵਿਸ਼ੇਸ਼ ਧਿਆਨ ਕੀਤਾ। ਇਲਾਕੇ ਦੀਆਂ ਦੋ ਵੱਡੀਆਂ ਮੁਸ਼ਕਿਲਾਂ ਸਨ, ਘੱਗਰ ਨਾਲੀ ਨੂੰ ਦੋਹਾਂ ਕਿਨਾਰਿਆਂ ਤੋਂ ਬੰਨ੍ਹ ਕੇ, ਇਲਾਕਾ ਹੜ ਮੁਕਤ ਕਰਨਾ ਅਤੇ ਸਿਰਸਾ ਸ਼ਹਿਰ ਨਾਲ ਜੋੜਨ ਲਈ ਸੜਕਾਂ ਦੀ ਉਸਾਰੀ। ਇਲਾਕੇ ਦੇ ਲੋਕ ਵੀ ਕਿਸਾਨ ਸਭਾ ਬਣਾ ਕੇ, ਇਹ ਮੰਗਾਂ ਸਰਕਾਰ ਅੱਗੇ ਰੱਖਦੇ ਸਨ। ਸਤਿਗੁਰੂ ਜੀ ਨੇ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ, ਸ੍ਰ. ਪਰਤਾਪ ਸਿੰਘ ਕੈਰੋਂ ਨਾਲ ਆਪਣੇ ਰਸੂਖ ਦੇ ਸਿਰ ਤੇ ਓਟੂ ਤੋਂ ਰਾਜਸਥਾਨ ਨਹਿਰ ਦੇ ਸਾਈਫਨ ਤੱਕ, ਕੋਈ 35 ਕਿਲੋ ਮੀਟਰ ਲੰਬਾ ਘੱਗਰ ਦੇ ਦੋਹਾਂ ਪਾਸਿਆਂ ਤੇ ਬੰਨ੍ਹ, 1964-65 ਈ. ਤੱਕ ਬਣਵਾ ਲਿਆ। ਇਸੇ ਸਾਲ ਹੀ ਅਜ਼ਾਦੀ ਤੋਂ 18 ਸਾਲਾਂ ਬਾਅਦ, ਸੰਤ ਨਗਰ ਦੇ ਨਹਿਰ ਦੇ ਪੁਲ ਤੱਕ ਸਿਰਸੇ ਤੋਂ 18 ਮੀਲ ਪੱਕਾ, ਸੜਕ ਦਾ ਟੋਟਾ ਬਣਿਆ ਸੀ। ਫਿਰ ਇਹ ਕੰਮ ਹੋਰ ਰਫਤਾਰ ਫੜ ਗਿਆ। ਸਤਿਗੁਰੂ ਜੀ ਆਪਣੀ ਸੰਗਤ ਅਤੇ ਆਮ ਲੋਕਾਂ ਦੁਆਰਾ ਕੱਚੇ ਰਸਤਿਆਂ ਤੇ ਜੋ ਪਿੰਡਾਂ ਨੂੰ ਆਪੋ ਵਿਚ ਜੋੜਦੇ ਸਨ, ਮਿੱਟੀ ਪੁਆ ਦਿੰਦੇ। ਸਰਕਾਰ ਉਸ ਟੋਟੇ ਨੂੰ ਪੱਕਿਆਂ ਕਰ ਦਿੰਦੀ। ਸੰਨ 1971 ਈ. ਤੱਕ ਇਸ ਇਲਾਕੇ ਵਿਚ ਬਿਜਲੀ ਵੀ ਆ ਗਈ। ਹੁਣ ਖੇਤੀ ਲਈ ਸਿੰਜਾਈ, ਬਿਜਲੀ ਦੀਆਂ ਮੋਟਰਾਂ ਵਾਲੇ ਟਿਊਬ ਵੈਲਾਂ ਨਾਲ ਹੋਣ ਲੱਗੀ। ਸਮੇਂ ਸਮੇਂ ਬਿਜਲੀ ਘਰ, ਅਨਾਜ ਮੰਡੀਆਂ ਵੀ ਬਣਦੀਆਂ ਗਈਆਂ। ਸਤਿਗੁਰੂ ਜੀ ਨੇ ਗੁਰੂ ਹਰੀ ਸਿੰਘ ਕਾਲਿਜ ਸ੍ਰੀ ਜੀਵਨ ਨਗਰ ਦੀ ਸਥਾਪਨਾ ਕਰਕੇ, ਇਲਾਕੇ ਦੇ ਬੱਚੇ ਬੱਚੀਆਂ ਵਿਚ, ਵਿੱਦਿਅਕ ਪਛੜੇਵਾਂ ਦੂਰ ਕਰਨ ਦਾ ਵੱਡਾ ਕਾਰਜ ਅਰੰਭ ਦਿਤਾ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਗੁਰਦੁਆਰਾ, ਡੇਰਾ ਸ੍ਰੀ ਭੈਣੀ ਸਾਹਿਬ ਸਥਾਪਿਤ ਕੀਤਾ ਸੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਰਾਮ ਸਰ ਅਤੇ ਇਸ ਦੇ ਆਸ ਪਾਸ ਡੇਰੇ ਦਾ ਵਿਸਥਾਰ ਹੋਇਆ। ਸਰਹਿੰਦ ਨਹਿਰ ਤੇ ਡੇਰਾ ਬਣਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਬੀੜ ਮਰਾਰੜ੍ਹ ਤੋਂ ਇਲਾਵਾ ਸ੍ਰੀ ਜੀਵਨ ਨਗਰ ਦੀ ਸਥਾਪਨਾ ਕੀਤੀ। ਉਸੇ ਪਰੰਪਰਾ ਨੂੰ ਅੱਗੇ ਤੋਰਦਿਆਂ, ਸਤਿਗੁਰੂ ਜਗਜੀਤ ਸਿੰਘ ਜੀ ਨੇ ਤੋਪਾਂ ਅੱਗੇ ਉੱਡਣ ਵਾਲੇ ਕੂਕੇ ਮਸਤਾਨਿਆਂ ਦੀ, ਪਹਿਲੀ ਸ਼ਤਾਬਦੀ ਮਨਾਉਣ ਤੋਂ ਕੁਝ ਵਰ੍ਹੇ ਪਹਿਲਾਂ, ਡੇਰਾ ਸ੍ਰੀ ਮਸਤਾਨਗੜ੍ਹ ਦੀ ਸਥਾਪਨਾ ਕੀਤੀ। ਇਹ ਡੇਰਾ ਸ੍ਰੀ ਜੀਵਨ ਨਗਰ ਤੋਂ ਪੰਜ ਕਿਲੋ ਮੀਟਰ ਦੇ ਫਾਸਲੇ ਤੇ ਦਲਦਲੀ ਭੂਮੀ ਵਿੱਚ ਬਣਾਇਆ ਗਿਆ ਸੀ। ਮਾਤਾ ਚੰਦ ਕੌਰ ਜੀ ਦੀ ਅਗੁਆਈ ਹੇਠ, 1968-69 ਈ. ਵਿਚ ਇਲਾਕੇ ਦੀਆਂ ਸੰਗਤਾਂ ਨੇ ਟਰੈਕਟਰਾਂ ਦੁਆਰਾ ਦਿਨ ਰਾਤ ਇਕ ਕਰਕੇ, ਇਸ ਭੂਮੀ ਨੂੰ ਸਮਤਲ ਕਰਕੇ, ਵਾਹੀ ਜੋਗ ਬਣਾ ਦਿਤਾ। ਫਿਰ ਟਿੱਬਾ ਫਾਰਮ ਵਿਕਸਿਤ ਕੀਤਾ ਜੋ ਜੀਵਨ ਨਗਰ ਤੋਂ ਡੱਬਵਾਲੀ ਵਾਲੀ ਸੜਕ ਤੇ ਸੀ। ਰੇਤੀਲੀ ਭੂਮੀ ਵਿਚ ਫਲਦਾਰ ਰੁੱਖ ਲਵਾਏ। ਮਸਤਾਨਗੜ੍ਹ ਵਿਚ ਅੰਗੂਰਾਂ, ਕਿੰਨੂਆਂ ਦੇ ਬਾਗ ਲਾਕੇ, ਇਲਾਕੇ ਵਿਚ ਬਾਗਬਾਨੀ ਦੀ ਮੁਹਿਮ ਚਲਾ ਦਿਤੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਮਸਤਾਨਗੜ੍ਹ ਵਿਚ ਇਕ ਦੋ ਮੰਜ਼ਲੀ ਕੋਠੀ ਦੀ ਉਸਾਰੀ ਕਰਵਾਕੇ, ਆਪਣੇ ਸਿੱਖਾਂ ਵਿਚ ਹਵਾਦਾਰ ਸਾਫ ਸੁਥਰੇ ਅਤੇ ਖੁੱਲ੍ਹੇ ਮਕਾਨ ਬਨਾਉਣ ਦੀ ਪਿਰਤ ਪਾਈ।

ਸਤਿਗੁਰੂ ਜਗਜੀਤ ਸਿੰਘ ਜੀ ਦੇਸੀ ਗਾਈਆਂ ਨੂੰ ਅਮਰੀਕਨ ਨਸਲ ਦੇ ਟੀਕਿਆਂ ਦੁਆਰਾ ਦੋਗਲੀ ਨਸਲ ਦੀਆਂ ਗਾਈਆਂ ਤਿਆਰ ਕਰਨ ਦਾ ਮੁੱਢ ਤੋਂ ਹੀ ਵਿਰੋਧ ਕਰਦੇ ਸਨ। ਅੱਜ ਵਕਤ ਨੇ ਸਿੱਧ ਕੀਤਾ ਹੈ ਕਿ ਇਹ ਦੋਗਲੀਆਂ ਗਾਂਵਾ ਸਾਡੇ ਮੌਸਮ ਦੇ ਅਨੁਕੂਲ ਨਹੀਂ। ਉਹਨਾਂ ਨੇ ਆਪਣੇ ਪਸ਼ੂ ਫਾਰਮਾਂ ਵਿਚ ਸਾਹੀਵਾਲ, ਹਰਿਆਣਵੀ, ਥਾਰਪਾਰਕਰ ਆਦਿ ਦੇਸੀ ਨਸਲਾਂ ਦੀਆਂ ਗਊਆਂ ਪਾਲਣ ਤੇ ਜੋਰ ਦਿਤਾ। ਇਸੇ ਲਈ ਗੋਪਾਲਣ ਦਾ ਸਰਬੋਤਮ ਸਨਮਾਨ-ਗੋਪਾਲ ਰਤਨ, ਭਾਰਤ ਸਰਕਾਰ ਵੱਲੋਂ ਆਪ ਨੂੰ ਦਿਤਾ ਗਿਆ। ਸ੍ਰੀ ਭੈਣੀ ਸਾਹਿਬ ਆਦਿ ਗਊ ਸ਼ਾਲਾਵਾਂ ਵਿਚ, ਆਪ ਦੇ ਪਸ਼ੂ, ਹਰ ਵਰ੍ਹੇ ਰਾਜ ਪੱਧਰੀ ਤੇ ਕੌਮੀ ਪਸ਼ੂ ਮੇਲਿਆਂ ਵਿਚੋਂ ਲੱਖਾਂ ਰੁਪੈਆਂ ਦੇ ਇਨਾਮ ਸਨਮਾਨ ਵਸੂਲਦੇ ਰਹੇ। ਇਸੇ ਤਰ੍ਹਾਂ ਉਹ ਜੈਵਿਕ ਖੇਤੀ ਦੇ ਵੀ ਪੱਖੀ ਸਨ ਅਤੇ ਸਮਝਦੇ ਸਨ ਕਿ ਰਸਾਇਣਿਕ ਖਾਦਾਂ ਅਤੇ ਕੀਟ ਨਾਸ਼ਕਾਂ ਦੀ ਵੱਧ ਵਰਤੋਂ ਨਾਲ ਅਸੀ ਨਾਂ ਸਿਰਫ ਆਪਣੀ ਮਿੱਟੀ ਅਤੇ ਪੌਣ ਪਾਣੀ ਨੂੰ ਪ੍ਰਦੂਸ਼ਿਤ ਕਰਾਂਗੇ ਸਗੋਂ ਵਧਦੀਆਂ ਮਹਾਂ ਮਾਰੀਆਂ ਅਤੇ ਪਰਕਿਰਤਿਕ ਸੰਤੁਲਨ ਵਿਚ ਵਿਗਾੜ ਦੇ ਵੀ ਜ਼ਿੰਮੇਵਾਰ

ਹੋਵਾਂਗੇ। ਪਰਿਆਵਰਣ ਦਾ ਸੰਤੁਲਨ ਬਣਾਈ ਰੱਖਣਾ ਅੱਜ ਵੱਡੀ ਸਮੱਸਿਆ ਹੈ। ਉਹਨਾਂ ਆਪਣੇ ਟਿਕਾਣਿਆਂ ਤੇ ਬਹੁਤ ਸਾਰੇ ਰੁੱਖ ਬੂਟੇ ਲੁਆਏ। ਫਲਦਾਰ ਅਤੇ ਫੁੱਲਦਾਰ ਬੂਟੇ ਜਿਥੋਂ ਵੀ ਲੱਭਦੇ ਲਿਆ ਕੇ ਵਧ ਤੋਂ ਵਧ ਗਿਣਤੀ ਵਿਚ ਲੁਆਉਂਦੇ। ਸ੍ਰੀ ਭੈਣੀ ਸਾਹਿਬ ਨੂੰ ਜੇ ਅਸੀਂ 'ਫੁੱਲਾਂ ਦੀ ਨਗਰੀ' ਕਹਿ ਦੇਈਏ ਤਾਂ ਕੋਈ ਅਤਿ ਕਥਨੀ ਨਹੀਂ।

ਸਤਿਗੁਰੂ ਜੀ ਇਹ ਵੀ ਜਾਣਦੇ ਸਨ ਕਿ ਰਵਾਇਤੀ ਕਣਕ ਝੋਨੇ ਦੀ ਖੇਤੀ, ਪੰਜਾਬ ਦੀ ਧਰਤੀ ਹੇਠਲੇ ਪਾਣੀ ਨੂੰ ਚੂਸ ਲਵੇਗੀ। ਇਸ ਲਈ ਖੇਤੀ ਵਿਚ ਵਿਭਿੰਨਤਾ ਲਿਆਉਣ ਲਈ ਉਹਨਾਂ ਆਪੂ ਪ੍ਰਯੰਤ ਅਨੇਕ ਸਫਲ ਪ੍ਰਯੋਗ ਕੀਤੇ। ਪਿਛਲੀ ਸਦੀ ਦੇ ਨੌਂਵੇਂ ਦਹਾਕੇ ਦੇ ਮੁੱਢ ਵਿਚ ਸ੍ਰੀ (ਠਾਕੁਰ) ਉਦੇ ਸਿੰਘ ਜੀ ਨੂੰ ਗੋਲਾ ਫਾਰਮ (ਯੂ.ਪੀ.) ਦਾ ਕੰਮ ਸਉਂਪ ਕੇ ਉੱਥੇ ਖਰੀਦੀ ਭੂਮੀ ਵਿਚੋਂ ਜੰਗਲ ਸਾਫ ਕਰਾ ਕੇ ਕਮਾਦ ਲੁਆਉਣਾ ਅਰੰਭਿਆ। ਗੋਲਾ ਫਾਰਮ ਦੀ ਸਫਲਤਾ ਦਾ ਕਮਾਲ ਬਣਿਆ ਸੰਨ 1982 ਦਾ ਨਾਮਧਾਰੀ ਹੋਲਾ ਮਹੱਲਾ, ਜਦੋਂ ਉੱਥੇ ਦੇਸ਼ ਵਿਦੇਸ਼ ਤੋਂ ਨਾਮਧਾਰੀ ਸੰਗਤਾਂ ਤੋਂ ਇਲਾਵਾ ਭਾਰਤ ਦੇ ਚੋਟੀ ਦੇ ਸਿਆਸੀ ਆਗੂਆਂ ਨੇ ਵੀ ਹਾਜਰੀ ਭਰੀ ਸੀ। ਸਤਿਗੁਰੂ ਜੀ ਜਾਣਦੇ ਸਨ ਕਿ ਹਰਿਆਣਾ ਪੰਜਾਬ ਵਿਚ ਖੇਤੀ ਦਾ ਰਕਬਾ ਤਾਂ ਸੀਮਿਤ ਹੈ, ਇਸ ਲਈ ਸਾਨੂੰ ਨਵੀਆਂ ਧਰਤੀਆਂ ਵੱਲ ਕਦਮ ਵਧਾਉਣੇ ਪੈਣਗੇ। ਆਪ ਦੀ ਇਸ ਪਹਿਲ ਕਦਮੀ ਦੇ ਨਤੀਜੇ ਵਜੋਂ ਹੀ ਅੱਜ ਨਾਮਧਾਰੀ ਸਿੱਖ, ਉੱਤਰ ਪਰਦੇਸ਼, ਉੱਤਰਾ ਖੰਡ, ਮੱਧ ਪਰਦੇਸ਼, ਬਿਹਾਰ, ਝਾਰਖੰਡ, ਕਰਨਾਟਕਾ, ਆਂਧਰਾ ਪਰਦੇਸ਼ ਅਤੇ ਮਹਾਂਰਾਸ਼ਟਰ ਆਦਿ ਪਰਾਂਤਾਂ ਵਿਚ ਖੇਤੀਬਾੜੀ ਅਤੇ ਹੋਰ ਕਾਰੋਬਾਰਾਂ ਵਿਚ ਡਟੇ ਨਜ਼ਰ ਆਉਂਦੇ ਹਨ। ਗੋਲਾ ਫਾਰਮ ਆਬਾਦ ਕਰਾਉਣ ਤੋਂ ਬਾਅਦ ਆਪ ਨੇ ਸ੍ਰੀ ਉਦੇ ਸਿੰਘ ਜੀ ਨੂੰ ਥਾਪੜਾ ਦੇ ਕੇ ਧੁਰ ਦੱਖਣ ਦੇ ਰਾਹੇ ਤੋਰ ਦਿਤਾ। ਬੰਗਲੋਰ ਤੋਂ 35 ਕਿੱਲੋਮੀਟਰ ਬਿੜਾਦੀ ਦੇ ਨੇੜੇ, ਉਰਗਾ ਹੱਲੀ ਦਾ 200 ਏਕੜ ਦਾ ਫਾਰਮ ਸਤਿਗੁਰੂ ਜੀ ਨੇ, ਮਹਾਰਾਜ ਬੀਰ ਸਿੰਘ ਜੀ ਨੂੰ ਭੇਜ ਕੇ, 1974 ਵਿਚ ਅੱਠ ਲੱਖ ਰੁਪੈ ਨਾਲ ਖਰੀਦਿਆ ਸੀ। ਕੁਝ ਸਾਲਾਂ ਤੋਂ ਬਾਅਦ ਇਸ ਦੀ ਸਫਲਤਾ ਤੋਂ ਨਿਰਾਸ਼ ਮਹਾਰਾਜ ਜੀ ਨੇ ਇਸ ਨੂੰ ਵੇਚਣ ਦਾ ਸੌਦਾ ਕਰ ਲਿਆ। ਪਰ ਸਤਿਗੁਰੂ ਜੀ ਦੀ ਰਜ਼ਾ ਇਸ ਨੂੰ ਰੱਖਣ ਦੀ ਸੀ। ਕਿਸੇ ਕਾਰਨ ਵੇਚਣ ਦਾ ਸੌਦਾ ਸਿਰੇ ਨਾ ਲੱਗਾ। ਇਸ ਤੇ ਆਪ ਜੀ ਨੇ 1982 ਵਿਚ ਠਾਕੁਰ ਉਦੇ ਸਿੰਘ ਜੀ ਨੂੰ ਇਸ ਫਾਰਮ ਦਾ ਕੰਮ ਸਾਂਭਣ ਤੇ ਇਸਨੂੰ ਸਫਲਤਾ ਤੇ ਪੁਚਾਉਣ ਦਾ ਅਸ਼ੀਰਵਾਦ ਦਿਤਾ। ਉਹਨਾਂ ਨੇ ਪਹਿਲੇ ਪੰਜ ਛੇ ਸਾਲ ਬਹੁਤ ਤੰਗੀਆਂ ਤੁਰਸ਼ੀਆਂ ਵਿਚ ਬਿਤਾਏ ਪਰ ਗੁਰੂ ਬਚਨਾਂ ਉੱਪਰ ਅਟੱਲ ਨਿਸ਼ਚਾ ਹੋਣ ਕਾਰਨ ਉਹ ਕਦੇ ਵੀ ਨਿਰਾਸ਼ ਨਾਂ ਹੋਏ। ਸਤਿਗੁਰੂ ਜੀ ਉਹਨਾਂ ਨੂੰ ਹਰ ਮਿਲਣੀ ਵਿਚ ਨਵਾਂ ਉਤਸ਼ਾਹ ਬਖਸ਼ ਦਿੰਦੇ। ਉਰਗਾ ਹੱਲੀ ਜੀਹਦਾ ਅਰਥ ਹੈ, ਸੱਪਾਂ ਦਾ ਪਿੰਡ ਹੁਣ ਅੰਗੂਰਾਂ, ਅੰਬਾਂ ਅਤੇ ਭਾਂਤ ਸੁਭਾਂਤੇ ਫਲਾਂ ਦਾ ਪਿੰਡ ਬਣ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਅੰਬਾਂ ਦੇ ਮੌਸਮ ਸਮੇਂ ਆਪਣੇ ਸਿੱਖਾਂ ਸੇਵਕਾਂ ਸਮੇਤ ਇਸ ਫਾਰਮ ਨੂੰ ਨਿਵਾਜਿਆ ਕਰਦੇ ਸਨ। ਸੰਨ 1985 ਵਿਚ ਨਾਮਧਾਰੀ ਫਾਰਮ ਨੇ ਹਾਈਬਰਿਡ ਬੀਜ ਉਤਪਾਦਨ ਦੇ ਖੇਤਰ ਵਿਚ ਪਰਵੇਸ਼ ਕੀਤਾ। ਸਤਿਗੁਰੂ ਜੀ ਨੇ ਫਿਰ ਅਸ਼ੀਰਵਾਦ ਦਿਤਾ। ਹੁਣ ਨਾਮਧਾਰੀ ਸੀਡਜ਼ ਕਿਸੇ ਜਾਣ ਪਹਿਚਾਣ ਦੀ ਮੁਥਾਜ ਨਹੀਂ। ਨਾਮਧਾਰੀ ਫਰੈਸ਼ ਤਹਿਤ ਫਲ ਸਬਜ਼ੀਆਂ ਨਿਰਯਾਤ ਕੀਤੇ ਜਾਂਦੇ ਹਨ। ਇਹ ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਦਾ ਫਲ ਸੀ ਕਿ ਕਾਰੋਬਾਰ ਬਹੁਤ ਵਧਿਆ, ਫਲਿਆ, ਫੁੱਲਿਆ। ਸੰਨ 2007-08 ਈ: ਤੱਕ ਸ੍ਰੀ ਉਦੇ ਸਿੰਘ ਜੀ ਦਾ ਕੌਮਾਂਤਰੀ ਬੀਜ ਉਦਯੋਗ ਵਿਚ ਚੜ੍ਹਦੇ ਤਾਰੇ ਜਿਉਂ ਸੁਆਗਤ ਹੋਣ ਲੱਗਾ। ਸਤਿਗੁਰੂ ਜੀ ਨੇ ਵਿਹਾਰਕ ਸਫ਼ਲਤਾ ਦੇ ਨਾਲ-ਨਾਲ, ਉੱਚ ਅਧਿਆਤਮਕ ਜੀਵਨ ਦੀ ਬਿਰਤੀ ਬਖਸ਼ ਕੇ ਸ੍ਰੀ ਉਦੇ ਸਿੰਘ ਜੀ ਨੂੰ ਐਸਾ ਨਿਵਾਜ਼ਿਆ ਕਿ ਵਕਤ ਆਉਣ ਤੇ ਉਹ ਸਿਰਮੌਰ ਪੰਥਕ ਹਸਤੀ ਬਣ ਗਏ। ਇਹ ਸਤਿਗੁਰੂ ਜਗਜੀਤ ਸਿੰਘ ਦੀ ਦੀ ਵਿਕਾਸਮੁਖੀ ਦ੍ਰਿਸ਼ਟੀ ਦੀ ਹੀ ਦੇਣ ਸੀ ਕਿ ਅੱਜ ਇਸ ਅੱਜ ਇਸ ਬਿੜਾਦੀ ਫਾਰਮ ਵਿਚ ਸੌ ਤੋਂ ਉੱਪਰ ਨਾਮਧਾਰੀ ਪਰਿਵਾਰ ਵੱਸਦੇ ਹਨ। ਦੱਖਣ ਦੀ ਇਸ ਧਰਤੀ ਵਿਚ ਨਾਮਧਾਰੀ ਸੱਭਿਆਚਾਰ ਪ੍ਰਫੁੱਲਤ ਹੋ ਰਿਹਾ ਹੈ। ਕਦੇ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣਾ ਇਕ ਸਿੱਖ ਦੱਖਣ ਦੇਸ਼ ਵਿਚ ਹਜ਼ੂਰ ਸਾਹਿਬ ਤੋਂ ਗੁਰਮਤਿ ਰਹਿਤ ਮਰਿਆਦਾ ਲਿਆਉਣ ਲਈ ਭੇਜਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ, ਦੱਖਣ ਦਾ ਇਹ "ਬਿੜਦੀ ਫਾਰਮ", ਮਿਨੀ ਭੈਣੀ ਸਾਹਿਬ ਬਣ ਚੁੱਕਾ ਹੈ।

ਦੇਸ਼ਾਂ ਵਿਦੇਸ਼ਾਂ ਵਿਚ ਜਿਥੇ ਵੀ ਸਤਿਗੁਰੂ ਜੀ ਜਾਂਦੇ, ਆਪਣੇ ਸਿੱਖਾਂ ਨੂੰ ਅੰਮ੍ਰਿਤ ਵੇਲੇ ਉੱਠਣ, ਸਕੇਸ਼ ਇਨਸਾਨ, ਰੋਜ਼ਾਨਾ ਨਾਮ ਬਾਣੀ ਦਾ ਨਿਰਧਾਰਿਤ ਟੀਚਾ ਪਰਾਪਤ ਕਰਨ, ਖੁਸ਼ੀਆਂ ਗ਼ਮੀਆਂ ਸਮੇਂ ਅਤਿ ਸਾਦਗੀ ਵਰਤਣ ਦਾ ਉਪਦੇਸ਼ ਦਿੰਦੇ। ਉਹ ਲੋੜਵੰਦਾਂ ਦੀ ਸਹਾਇਤਾ ਕਰਨ ਨੂੰ ਨਾਮਧਾਰੀ ਜੀਵਨ ਜਾਚ ਦਾ ਇਕ ਅਨਿੱਖੜਵਾਂ ਅੰਗ ਦੱਸਦੇ ਸਨ। ਨਿੱਜੀ ਜੀਵਨ ਵਿਚ ਜਿਹੜੇ ਵਿਅਕਤੀਆਂ ਨੇ ਕਿਸੇ ਸਮੇਂ ਆਪ ਦਾ ਤਿੱਖਾ ਵਿਰੋਧ ਵੀ ਕੀਤਾ ਹੋਵੇ, ਮੁਸ਼ਕਿਲ ਬਣਨ ਤੇ ਜੇ ਉਹ

ਆਪ ਦੇ ਦਰ ਤੇ ਆ ਜਾਂਦੇ ਤਾਂ ਨਾ ਸਿਰਫ ਉਨ੍ਹਾਂ ਨੂੰ ਇਸ ਤਰ੍ਹਾਂ ਮਿਲਦੇ, ਜਿਵੇਂ ਉਨ੍ਹਾਂ ਨਾਲ ਕਦੇ ਬੇਸੁਆਦੀ ਹੋਈ ਹੀ ਨਾ ਹੋਵੇ, ਸਗੋਂ ਉਨ੍ਹਾਂ ਦੇ ਸਾਰੇ ਫ਼ਿਕਰਾਂ ਨੂੰ ਆਪਣੇ ਸਿਰ ਲੈ ਕੇ ਉਨ੍ਹਾਂ ਨੂੰ ਬੇਫ਼ਿਕਰ ਕਰਕੇ ਤੋਰਦੇ। ਕਈ ਵੇਰ ਇਸ ਤਰ੍ਹਾਂ ਦਾ ਸਬੱਬ ਵੀ ਬਣਦਾ ਕਿ ਜਦੋਂ ਕੋਈ ਲੋੜਵੰਦ ਆਉਂਦਾ, ਖਜ਼ਾਨਚੀ ਸਿੰਘ ਉਸ ਦੀ ਲੋੜ ਨਾਲੋਂ ਆਪਣੀ ਸਮਰੱਥਾ ਘੱਟ ਦੱਸਦਾ। ਅਜਿਹੇ ਸਮੇਂ ਸਤਿਗੁਰੂ ਜੀ ਆਉਣ ਵਾਲੇ ਦੇ ਖਾਲੀ ਮੁੜਨ ਤੇ ਗਹਿਰੀ ਉਦਾਸੀ ਵਿਚ ਗਰੱਸੇ ਨਜ਼ਰ ਆਉਂਦੇ। ਪਰ ਅਜਿਹੇ ਮੌਕਿਆਂ ਤੇ ਅਕਸਰ ਇਉਂ ਵੀ ਵਾਪਰਿਆ ਕਿ ਛੇਤੀ ਹੀ ਕੋਈ ਗੁਰੂ-ਪਿਆਰਾ, ਉਸ ਲੋੜਵੰਦ ਦੀ ਲੋੜ ਜਿਤਨੀ ਮਾਇਆ ਭੇਟ ਕਰ ਦਿੰਦਾ। ਫਿਰ ਸੇਵਕਾਂ ਨੂੰ ਦੌੜਾਇਆ ਜਾਂਦਾ। ਲੋੜਵੰਦ ਅਜੇ ਸੱਜੇ-ਖੱਬੇ ਜਿੱਥੇ ਵੀ ਕਿਤੇ ਮਾਯੂਸੀ ਦੀ ਹਾਲਤ ਵਿਚ ਹੁੰਦਾ, ਉਥੋਂ ਲਿਆ ਕੇ, ਮਾਇਆ ਉਸ ਦੇ ਹਵਾਲੇ ਕੀਤੀ ਜਾਂਦੀ। ਬਹੁਤ ਸਾਰੇ ਸਾਹਿਤਕਾਰਾਂ, ਕਲਾਕਾਰਾਂ, ਗੁਣੀਜਨਾਂ ਆਦਿ ਨੂੰ ਸਤਿਗੁਰੂ ਜੀ ਨੇ ਅਨੇਕ ਵੇਰ ਮਾਇਕ ਗੱਫਿਆਂ ਨਾਲ ਨਿਵਾਜਿਆ, ਮਕਾਨ ਬਣਾਉਣ ਵਿਚ ਮੱਦਦ ਕੀਤੀ। ਸੁਆਰੀ ਲਈ ਕਾਰਾਂ ਬਖਸ਼ੀਆਂ। ਸਤਿਗੁਰੂ ਜੀ ਦੇ ਕੁਝ ਕਲਾਕਾਰਾਂ ਨੂੰ ਕਾਰਾਂ ਦੇਣ ਤੇ ਇਕ ਵੇਰ ਪੰਡਿਤ ਰਜਿੰਦਰ ਸਿੰਘ ਗੁਰੂਸਰ ਹੋਰਾਂ ਟਿੱਪਣੀ ਕੀਤੀ ਸੀ, ਕਾਰਾਂ ਤਾਂ ਸਤਿਗੁਰੂ ਜੀ ਦੇ ਦਿੰਦੇ ਹਨ, ਪਰ ਸਰਸਵਤੀ ਪੁੱਤਰਾਂ ਦੇ ਅਕਸਰ ਖੀਸੇ ਖਾਲੀ ਹੁੰਦੇ ਹਨ, ਤੇਲ ਕਿੱਥੋਂ ਪੁਆਉਣਗੇ। ਉਂਜ ਕੋਈ ਪਤਾ ਨਹੀਂ, ਜੇ ਸਤਿਗੁਰੂ ਜੀ ਅੱਗੋਂ ਇਨ੍ਹਾਂ ਨੂੰ ਕਾਰਾਂ ਦੇ ਨਾਲ-ਨਾਲ, ਇੱਕ ਇੱਕ ਪੈਟਰੋਲ ਪੰਪ ਵੀ ਲੁਆ ਦੇਣ। ਪੰਡਿਤ ਜੀ, ਸਤਿਗੁਰੂ ਜੀ ਦੇ ਦੁਨਿਆਵੀ ਰਿਸ਼ਤੇ ਵਿਚੋਂ ਮਾਮੇ ਦੇ ਪੁੱਤਰ ਸਨ। ਉਨ੍ਹਾਂ ਦੀ ਲਿਖਤ ਵਿਚ ਮਿਲਦੀ ਇਹ ਵਿਅੰਗਾਤਮਕ ਟਿੱਪਣੀ, ਸਤਿਗੁਰੂ ਜੀ ਦੀ ਦਾਨ ਬਿਰਤੀ ਦੀ ਮੂੰਹ ਬੋਲਦੀ ਤਸਵੀਰ ਹੈ। ਫਿਰ ਕਿਸੇ ਨੂੰ ਕਦੋਂ, ਕੀ ਦਿੱਤਾ, ਕਿਤਨਾ ਦਿੱਤਾ, ਕਿੱਥੇ ਦਿੱਤਾ ਆਪ ਨੇ ਨਾ ਕਦੇ ਯਾਦ ਰੱਖਿਆ ਨਾ ਦੁਹਰਾਇਆ। ਉਨ੍ਹਾਂ ਦਾ ਲੋੜਵੰਦਾਂ ਨੂੰ ਦੇਣਾ ਇਹੋ ਜਿਹੀ ਸਹਿਜ ਕ੍ਰਿਆ ਸੀ ਜਿਵੇਂ ਰੁੱਖ ਆਉਣ ਵਾਲਿਆਂ ਨੂੰ ਬੇਸੰਕੋਚ ਛਾਂ ਦਿੰਦੇ ਹਨ, ਫਲ ਦਿੰਦੇ ਹਨ। ਪੰਜਾਬੀ ਭਾਸ਼ਾ ਦੇ ਵੱਡੇ-ਛੋਟੇ ਅਨੇਕ ਸਾਤਿਹਕਾਰ ਆਪ ਦੇ ਸਨੇਹ ਪਾਸ਼ ਵਿਚ ਬੱਝੇ ਹੋਏ ਸਨ। ਦੇਸ਼ਾਂ-ਵਿਦੇਸ਼ਾਂ ਵਿਚ ਅਨੇਕਾਂ ਵਿਸ਼ਵ ਪੰਜਾਬੀ ਸੰਮੇਲਨ ਉਨ੍ਹਾਂ ਦੇ ਆਸ਼ੀਰਵਾਦ ਨਾਲ ਸਿਰੇ ਚੜ੍ਹੇ। ਪੰਜਾਬੀ ਅਕਾਦਮੀ ਲੁਧਿਆਣਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਨੇਕ ਸਮਾਗਮਾਂ ਸਮੇਂ, ਲੰਗਰ ਦੀ ਸੇਵਾ ਸ੍ਰੀ ਭੈਣੀ ਸਾਹਿਬ ਵੱਲੋਂ ਹੋਣ ਦੀ ਵੱਡੀ ਪਰੰਪਰਾ ਆਪ ਜੀ ਨੇ ਪ੍ਰਫੁੱਲਤ ਕੀਤੀ। ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰਿੰ. ਸੰਤ ਸਿੰਘ ਸੇਖੋਂ, ਬੀਮਾਰੀ ਨਾਲ ਜੂਝ ਰਹੇ ਸਨ। ਪਤਾ ਲੱਗਣ ਤੇ ਸਤਿਗੁਰੂ ਜੀ ਨੇ ਆਪ ਦੀ ਬੀਮਾਰ ਪੁਰਸ਼ੀ ਲਈ ਕੁਝ ਸਿੰਘ ਭੇਜੇ। ਉਹ ਕੁਝ ਮਾਇਆ ਵੀ ਉਨ੍ਹਾਂ ਨੂੰ ਭੇਟ ਕਰ ਆਏ। ਸੇਖੋਂ ਜੀ ਰਤਾ ਵੱਲ ਹੋ ਕੇ, ਭੈਣੀ ਸਾਹਿਬ ਆਏ। ਕਹਿਣ ਲੱਗੇ ਕਿ ਮੈਂ ਤਾਂ ਸਾਰੀ ਉਮਰ ਤੁਹਾਡੇ ਬਾਰੇ ਕੁਝ ਲਿਖਿਆ ਹੀ ਨਹੀਂ, ਤੁਸੀਂ ਮੈਨੂੰ ਇਉਂ ਨਿਵਾਜਿਆ ਹੈ? ਸਤਿਗੁਰੂ ਜੀ ਨੇ ਫੁਰਮਾਇਆ ਕਿ ਸੇਖੋਂ ਜੀ ਤੁਸੀਂ ਜੋ ਸਾਰੀ ਉਮਰ, ਸਾਡੀ ਭਾਸ਼ਾ, ਸਾਡੇ ਸਾਹਿਤ ਬਾਰੇ ਲਿਖਦੇ ਰਹੇ ਹੋ, ਉਹ ਸਾਡੇ ਬਾਰੇ ਹੀ ਤਾਂ ਹੈ।

ਨੌਜੁਆਨਾਂ, ਵਿਦਿਆਰਥੀਆਂ ਨੂੰ ਭਵਿੱਖ ਦੇ ਸੁਯੋਗ ਵਾਰਿਸਾਂ ਵਜੋਂ ਤਿਆਰ ਕਰਨ ਲਈ, ਉਨ੍ਹਾਂ 1965 ਵਿਚ ਜਿਸ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਕੀਤੀ, ਉਸ ਨੇ ਨਾਮਧਾਰੀ ਪੰਥ ਨੂੰ ਭਾਵੀ ਆਗੂ, ਲੇਖਕ, ਪੱਤਰਕਾਰ, ਸਿਆਸਤਦਾਨ ਅਤੇ ਅਨੇਕ ਸੱਦਗੁਣੀ, ਸਤਿ ਪੁਰਖ ਦਿੱਤੇ। ਕੁਝ ਵਰ੍ਹਿਆਂ ਬਾਅਦ ਬੀਬੀਆਂ ਦਾ ਇਸਤਰੀ ਵਿਦਿਅਕ ਜਥਾ ਤਿਆਰ ਕਰਕੇ, ਭੈਣਾਂ ਨੂੰ ਵੀ ਭਰਾਵਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਪੰਥਕ ਉਸਾਰੀ ਵਿਚ ਜੁੱਟਣ ਦਾ ਸੱਦਾ ਦਿੱਤਾ। ਇਨ੍ਹਾਂ ਜਥਿਆਂ ਦੇ ਵਾਰਸ਼ਿਕ ਸੰਮੇਲਨਾਂ ਵਿਚ ਸ਼ੁੱਧ ਗੁਰਬਾਣੀ ਪਾਠ, ਨਾਮ ਸਿਮਰਨ, ਭਾਸ਼ਣ, ਦੀਵਾਨ, ਇਤਿਹਾਸਕ ਪ੍ਰਸ਼ਨਾਵਲੀ ਆਦਿ ਦੇ ਮੁਕਾਬਲੇ ਕਰਵਾ ਕੇ, ਨਾਮਧਾਰੀ ਜੀਵਨ ਜਾਚ ਅਤੇ ਗਹੁ ਗੀਤ ਤੋਂ ਛੋਟੇ ਬੱਚਿਆਂ, ਜੁਆਨਾਂ, ਮੁਟਿਆਰਾਂ ਨੂੰ ਜਾਣੂ ਕਰਵਾਇਆ ਜਾਂਦਾ। ਸਤਿਗੁਰੂ ਜੀ ਪ੍ਰਤੀਯੋਗੀਆਂ ਨਾਲ ਖੁੱਲ੍ਹੇ ਬਚਨ ਬਿਲਾਸ ਕਰਕੇ, ਉਨ੍ਹਾਂ ਦੇ ਮਨੋਭਾਵ ਜਾਣ ਕੇ, ਉਸ ਦੇ ਅਨੁਕੂਲ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਤਰਬੀਅਤ ਦੇਣ ਲਈ, ਹੌਸਲਾ ਅਫ਼ਜਾਈ ਕਰਦੇ। ਅਜਿਹੇ ਸਮਾਗਮਾਂ ਸਮੇਂ ਉਹ ਹਾਜ਼ਰ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ, ਕੁਝ ਇਸ ਤਰ੍ਹਾਂ ਸੰਬੋਧਿਤ ਹੁੰਦੇ ਕਿ ਤੁਹਾਡੇ ਬੱਚੇ ਡਾਕਟਰ ਬਣਨ, ਇੰਜੀਨੀਅਰ ਬਣਨ, ਵਕੀਲ ਬਣਨ ਪਰ ਇਸ ਤੋਂ ਪਹਿਲਾਂ ਉਹ ਸਿੱਖ ਬਣਨ। ਕਿਉਂਕਿ ਸਿੱਖ ਬਣਨਾ ਬਹੁਤ ਔਖਾ ਕੰਮ ਹੈ। "ਜ਼ਿੰਦਗੀ ਬਿਲਾਸ" ਦੇ ਕਰਤਾ ਸਾਧੂ ਦੈਆ ਸਿੰਘ ਲਿਖਦੇ ਹਨ-

"ਸਿੱਖੀ ਵਿਚ ਤਾਂ ਉੱਤਰੇ ਉਹ ਪੂਰਾ, ਤਾਰੂ ਸਿੰਘ ਦੇ ਵਾਂਗ ਜੋ ਕਰੇ ਸਿੱਖਾ!

ਸਿੱਖੀ ਵਿਚ ਤਾਂ ਉੱਤਰੇ ਉਹ ਪੂਰਾ, ਸਿਰ ਕੱਟਕੇ ਤਲੀ ਤੇ ਧਰੇ ਸਿੱਖਾ!

ਸਿੱਖੀ ਵਿਚ ਤਾਂ ਉੱਤਰੇ ਉਹ ਪੂਰਾ, ਪਹਿਲਾਂ ਮਰਨ ਤੋਂ ਹੀ ਜਿਹੜਾ ਮਰੇ ਸਿੱਖਾ!

ਦੋਆ ਸਿੰਘ ਨਾ ਸਿਖਿਆ ਸਿਖੀ ਤੈਨੇ, ਪਾਈ ਕੱਛ ਨੂੰ ਗੁਜ਼ਰ ਗਏ ਵਰ੍ਹੇ ਸਿੱਖਾ!"

ਸਿੱਖ ਦਾ ਸਾਰਾ ਜੀਵਨ ਸੁਰ, ਸਾਜ਼ ਅਤੇ ਸ਼ਬਦ ਨਾਲ ਜੁੜਿਆ ਹੁੰਦਾ ਹੈ। ਆਦਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਵਿਚ, ਗੁਰਮਤਿ ਸੰਗੀਤ ਦੀ ਪਰੰਪਰਾ ਅਰੰਭ ਹੋ ਗਈ ਸੀ। ਪਿਛਲੇ ਸਿੱਖ ਗੁਰੂ ਸਾਹਿਬਾਨ ਦੇ ਵੇਲੇ ਇਹ ਪਰੰਪਰਾ ਹੋਰ ਵਿਕਸਤ ਹੋਈ। ਗੁਰੂ ਅਰਜਨ ਦੇਵ ਜੀ ਨੇ ਰਾਗਾਂ ਅਨੁਸਾਰ ਗੁਰਬਾਣੀ ਦੀ ਬੀੜ ਇਕੱਤਰ ਕਰਕੇ, ਇਸ ਦੇ ਗਾਇਨ ਲਈ ਗੁਰਮਤਿ ਸੰਗੀਤ ਦੀ ਵਿਧੀ ਵੀ ਨਿਸ਼ਚਿਤ ਕੀਤੀ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਰਾਗੀਆਂ ਦੀਆਂ ਅੱਧੀ ਦਰਜਨ ਤੋਂ ਵੱਧ ਜੋੜੀਆਂ ਸਾਰੇ ਪੰਜਾਬ ਵਿਚ ਗੁਰਮਤਿ ਸੰਗੀਤ ਅਨੁਕੂਲ ਕੀਰਤਨ ਕਰਦੀਆਂ। ਇਨ੍ਹਾਂ ਵਿਚੋਂ ਕੁਝ ਰਾਗੀ ਰਬਾਬੀ, ਗੁਰੂ ਕਾਲ ਤੋਂ ਚੱਲੇ ਆ ਰਹੇ ਘਰਾਣਿਆਂ ਵਿਚੋਂ ਸਨ। ਇਸ ਲਈ ਸ੍ਰੀ ਭੈਣੀ ਸਾਹਿਬ ਦੇ ਗੁਰਮਤਿ ਸੰਗੀਤ ਦੇ ਖਜ਼ਾਨੇ ਵਿਚ, ਗੁਰੂ ਕਾਲ ਦੀਆਂ ਗਾਇਨ ਵਿਧੀਆ ਅਤੇ ਰੀਤਾਂ ਸੁਰੱਖਿਅਤ ਚੱਲੀਆਂ ਆ ਰਹੀਆਂ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਦੋਹਾਂ ਸਪੁੱਤਰਾਂ ਸਮੇਤ ਨਾਮਧਾਰੀ ਵਿਦਿਆਲੇ ਦੇ ਬੱਚਿਆਂ ਨੂੰ ਗੁਰਮਤਿ ਸੰਗੀਤ ਦੀ ਦਾਤ ਨਾਲ ਮਾਲਾ ਮਾਲ ਕੀਤਾ। ਉਨ੍ਹਾਂ ਦੇ ਆਖਰੀ ਸਮੇਂ ਵਿਚ ਭਾਈ ਦਰਸ਼ਨ ਸਿੰਘ ਖਜ਼ਾਨ ਸਿੰਘ ਹੋਰਾਂ ਦੀ ਇਕੋ ਰਾਗੀ ਜੋੜੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਵਿਰਸੇ ਵਿਚ ਮਿਲੀ ਸੀ। ਗੁਰਮਤਿ ਸੰਗੀਤ ਅਤੇ ਭਾਰਤੀ ਸ਼ਾਸ਼ਤਰੀ ਸੰਗੀਤ ਦੀ ਗੂੜ੍ਹੀ ਸਾਂਝ ਹੈ। ਸਤਿਗੁਰੂ ਪਰਤਾਪ ਸਿੰਘ ਜੀ ਖੁਦ ਸ਼ਾਸ਼ਤਰੀ ਸੰਗੀਤ ਦੇ ਮਰਮੱਗ ਸਨ, ਅੱਗੋਂ ਆਪਣੇ ਬੱਚਿਆਂ ਨੂੰ ਵੀ ਇਹ ਸਿੱਖਿਆ ਦੁਆਈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸਮੇਂ ਵਿਚ ਬਹੁਤ ਸਾਰੇ ਨਾਮਧਾਰੀ ਬੱਚੇ-ਬੱਚੀਆਂ ਨੂੰ ਭਾਰਤੀ ਸ਼ਾਸ਼ਤਰੀ ਸੰਗੀਤ ਦੀਆਂ ਵੱਖ-ਵੱਖ ਵਿਧਾਵਾਂ ਵਿਚ ਪਾਰੰਗਤ ਕੀਤਾ। ਇਸ ਕੰਮ ਲਈ ਉਨ੍ਹਾਂ ਭਾਰਤ ਦੇ ਚੋਟੀ ਦੇ ਸੰਗੀਤ ਅਚਾਰੀਆਂ ਦੀਆਂ ਸੇਵਾਵਾਂ ਹਾਸਲ ਕੀਤੀਆਂ। ਸਤਿਗੁਰੂ ਪਰਤਾਪ ਸਿੰਘ ਜੀ ਦੀ ਯਾਦ ਵਿਚ ਹਰ ਵਰ੍ਹੇ, ਕਦੇ ਦਿੱਲੀ, ਕਦੇ ਬੰਬਈ, ਕਦੇ ਔਰੰਗਾਬਾਦ, ਕਦੇ ਲਖਨਊ, ਕਦੇ ਵਿਦੇਸ਼ਾਂ ਦੇ ਉੱਘੇ ਸ਼ਹਿਰਾਂ ਵਿਚ ਸਮੇਤ ਸ੍ਰੀ ਭੈਣੀ ਸਾਹਿਬ, ਸੰਗੀਤ ਸੰਮੇਲਨ ਆਯੋਜਿਤ ਕਰਵਾਏ। ਸ੍ਰੀ ਭੈਣੀ ਸਾਹਿਬ ਦੇ ਹੋਲਿਆਂ, ਮੇਲਿਆਂ ਅਤੇ ਹੋਰ ਅਵਸਰਾਂ 'ਤੇ ਇਹ ਸਮਾਗਮ ਆਮ ਵਰਤਾਰਾ ਬਣ ਗਏ। ਨਤੀਜੇ ਵਜੋਂ ਅੱਜ ਭਾਰਤ ਅਤੇ ਵਿਦੇਸ਼ਾਂ ਵਿਚ ਜਿੱਥੇ-ਜਿੱਥੇ ਵੀ ਨਾਮਧਾਰੀ ਸੰਗਤ ਵੱਸਦੀ ਹੈ, ਉੱਥੇ ਨਾਮਧਾਰੀ ਸੰਗੀਤਕਾਰ ਮੌਜੂਦ ਹਨ ਜੋ ਆਪਣੀ ਕਲਾ ਦਾ ਲੋਹਾ, ਸਰੋਤਿਆਂ ਤੋਂ ਮਨਵਾਉਂਦੇ ਹਨ। ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਗੁਰੂ ਘਰ ਵਿਚ ਜੋ ਸ਼ਬਦ-ਕੀਰਤਨ ਦੀ ਪ੍ਰਥਾ ਹੈ ਇਸ ਦੇ ਵਿਕਾਸ ਲਈ, ਪੁਰਾਣੀਆਂ ਰੀਤਾਂ ਉੱਤੇ ਲੱਗੇ ਸ਼ਬਦਾਂ ਨੂੰ ਸੁਰਬੱਧ ਕਰਵਾਇਆ। ਇਸ ਲਈ ਸੰਗੀਤ ਅਚਾਰੀਆ ਸ੍ਰ. ਪਿਆਰਾ ਸਿੰਘ ਤਾਰ ਸ਼ਹਿਨਾਈ ਦੀ ਸੇਵਾ ਲਈ। ਨਾਮਧਾਰੀ ਰਵਾਇਤੀ ਕੀਰਤਨ ਦੀ ਸ੍ਰੀ ਹਜ਼ੂਰ ਸਿੰਘ ਚੰਦਰਹਾਂਸ ਅਤੇ ਉਸਤਾਦ ਹਰਿਭਜਨ ਸਿੰਘ ਰਾਹੀਂ ਬੱਚਿਆਂ ਨੂੰ ਸਿੱਖਿਆ ਦੁਆਈ। ਸੰਗੀਤ ਸਿਖਲਾਈ ਦੇ ਅਨੇਕ ਕੇਂਦਰਾਂ ਵਿਚ ਖੁੱਲ੍ਹੇ ਕੇਂਦਰਾਂ ਦਾ ਖਰਚਾ ਵੀ ਸਤਿਗੁਰੂ ਜੀ ਓਟਦੇ। ਇਹ ਖਰਚਾ ਅਧਿਆਪਕਾਂ ਦੇ ਨਾਲ-ਨਾਲ ਸਿਖਿਆਰਥੀਆਂ ਨੂੰ ਵੀ ਮਿਲਦਾ। ਸਤਿਗੁਰੂ ਜੀ ਦੇ ਆਪਣੇ ਸੰਗੀਤ ਗਿਆਨ ਅਤੇ ਉੱਘੇ ਸੰਗੀਤਕਾਰਾਂ ਦੀ ਕਦਰ ਸਨਾਸ਼ੀ ਨੇ ਉਨ੍ਹਾਂ ਨੂੰ ਭਾਰਤੀ ਸੰਗੀਤ ਜਗਤ ਦਾ ਦਿਲ ਦਾਦਾ ਬਣਾ ਦਿੱਤਾ। ਭਾਰਤ ਦੇ ਚੋਟੀ ਦੇ ਸੰਗੀਤ ਕਲਾਕਾਰ, ਉਸਤਾਦ ਵਲਾਇਤ ਹੁਸੈਨ ਖਾਨ, ਉਸਤਾਦ ਅਮਜਦ ਅਲੀ ਖਾਨ, ਸ੍ਰੀ ਇਮਰਤ ਹੁਸੈਨ ਖਾਨ, ਪੰਡਿਤ ਕ੍ਰਿਸ਼ਨ ਮਹਾਰਾਜ, ਪੰਡਿਤ ਸਾਮਤਾ ਪ੍ਰਸਾਦ, ਪੰਡਿਤ ਪ੍ਰੇਮ ਵੱਲਭ, ਪੰਡਿਤ ਬ੍ਰਿਜੂ ਮਹਾਰਾਜ, ਉਸਤਾਦ ਜ਼ਾਕਿਰ ਹੁਸੈਨ ਅਤੇ ਪੰਡਿਤ ਰਾਜਨ ਸਾਜਨ ਮਿਸ਼ਰਾ ਆਦਿ ਸ੍ਰੀ ਸਤਿਗੁਰੂ ਜੀ ਦੁਆਰਾ ਭੇਜੇ ਬੱਚਿਆਂ ਦੇ ਉਸਤਾਦ ਬਣੇ। ਅੱਜ ਇਨ੍ਹਾਂ ਸਿਖਾਏ ਹੋਏ ਬੱਚਿਆਂ ਵਿਚੋਂ ਅਨੇਕ ਭਾਰਤ ਅਤੇ ਹੋਰ ਦੇਸ਼ਾਂ ਵਿਚ ਆਪਣੀ ਸੰਗੀਤਕ ਪ੍ਰਤਿਭਾ ਦਾ ਪਰਦਰਸ਼ਨ ਕਰ ਰਹੇ ਹਨ। ਇਹ ਸਾਰੇ ਸੰਗੀਤਕਾਰ, ਸਤਿਗੁਰੂ ਜੀ ਨਾਲ ਮਜਬੂਤ ਪ੍ਰੇਮ-ਸੂਤਰ ਵਿਚ ਵਿਚ ਵੀ ਬੱਝੇ ਸਨ। ਉਸਤਾਦ ਜਾਕਿਰ ਹੁਸੈਨ ਸਤਿਗੁਰੂ ਜੀ ਬਾਰੇ ਲਿਖਦੇ ਹਨ- "ਸਾਡੇ ਸਮਿਆਂ ਵਿਚ ਬਹੁਤ ਘੱਟ ਇਹੋ ਜਿਹੇ ਗੁਰੂ ਹਨ, ਜਿਨ੍ਹਾਂ ਦਾ ਜੀਵਨ ਦੇ ਸਾਰੇ ਖੇਤਰਾਂ, ਭਾਵੇਂ ਸੰਗੀਤ, ਅਧਿਆਤਮਿਕਤਾ, ਜੀਵਨ ਜਾਂ ਆਦਰਸ਼ ਜੀਵਨ ਦਾ ਵੱਲ ਸੁਝਾਉਣ ਦਾ ਹੁਨਰ ਹੋਵੇ, ਉੱਪਰ ਇਕੋ ਜਿਹਾ ਪ੍ਰਭਾਵ ਹੋਵੇ। ਵਿਸ਼ੇਸ਼ ਕਰਕੇ ਸੰਗੀਤ ਦੇ ਖੇਤਰ ਵਿਚ ਸਤਿਗੁਰੂ ਜੀ ਵੱਲੋਂ ਕਲਾਕਾਰਾਂ ਨੂੰ ਜੋ ਅਸ਼ੀਰਵਾਦ ਦਿੱਤਾ ਗਿਆ ਹੈ, ਸਾਡੇ ਸਮੇਂ ਵਿਚ ਉਸ ਦਾ ਕੋਈ ਸਾਨੀ ਨਹੀਂ।"

ਸਤਿਗੁਰੂ ਜੀ ਆਪ ਦਿਲਰੁਬਾ ਦੇ ਵਧੀਆ ਵਜੰਤਰੀ ਸਨ। ਭਾਈ ਚਵਿੰਡਾ ਤੋਂ ਬਾਅਦ ਪਟਿਆਲਾ ਘਰਾਣੇ ਦੇ ਉਸਤਾਦ, ਮਸਤਾਨ ਸਿੰਘ ਤੋਂ ਇਹ ਗੁਣ ਆਪ ਨੇ ਲਿਆ ਸੀ। ਆਪ ਨੂੰ ਸੰਗੀਤ ਦੇ ਖੇਤਰ ਵਿਚ ਬਹੁਤ ਮਾਣ ਸਨਮਾਨ ਮਿਲੇ। ਭਾਰਤ ਦੀ ਸੰਗੀਤ ਨਾਟਕ ਅਕਾਦਮੀ ਨੇ ਸਤਿਗੁਰੂ ਜੀ

ਦੁਆਰਾ, ਭਾਰਤੀ ਸ਼ਾਸ਼ਤਰੀ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਸਫ਼ਲਤਾ ਲਈ ਘਾਲੀ ਅਣਥੱਕ ਘਾਲ ਵਾਸਤੇ ਉਨ੍ਹਾਂ ਨੂੰ "ਟੈਗੋਰ ਰਤਨ" ਫੈਲੋਸ਼ਿਪ ਅਵਾਰਡ ਲਈ 2012 ਵਿਚ ਚੁਣਿਆ ਸੀ। ਉਸਤਾਦ ਗੁਰਦੇਵ ਸਿੰਘ, ਸੁਰਜੀਤ ਸਿੰਘ, ਸੁਖਵਿੰਦਰ ਸਿੰਘ ਪਿੰਕੀ ਆਦਿ ਤੋਂ ਬਿਨਾ ਨਾਮਧਾਰੀ ਯੁਵਾ ਰਾਗੀਆਂ ਦੀ ਅਗਲੀ ਪੀੜ੍ਹੀ ਵਿਚ ਸੁਰਗਵਾਸੀ ਮੋਹਨ ਸਿੰਘ, ਬਲਜੀਤ ਸਿੰਘ, ਬਲਵੰਤ ਸਿੰਘ, ਹਰਜਿੰਦਰ ਸਿੰਘ ਆਦਿ ਆਪ ਜੀ ਦੁਆਰਾ ਤਰਾਸ਼ੇ ਹੋਏ, ਰਾਗ ਵਿਦਿਆ ਦੇ ਅਣਗਿਣਤ ਹੀਰੇ ਅੱਜ ਵਿਸ਼ਵ ਨੂੰ ਸੰਗੀਤ ਰੋਸ਼ਨੀ ਨਾਲ ਪਰਕਾਸ਼ਮਾਨ ਕਰ ਰਹੇ ਹਨ। ਸਤਿਗੁਰੂ ਜੀ ਸਾਡੇ ਫੋਕ (ਲੋਕ ਗਾਇਨ) ਦਾ ਵੀ ਵੱਡਾ ਖਜ਼ਾਨਾ ਸਨ। ਜਦੋਂ ਕਦੇ ਉਹ ਆਪਣੀ ਮੌਜ ਵਿਚ ਗਾਉਂਦੇ, "ਕਾਹਨੂੰ ਗੱਲਾਂ ਕੀਤੀਆਂ, ਬਲੋਚੀਆਂ ਦੇ ਨਾਲ" ਤਾਂ ਸਮਾਂ ਖਲੋ ਜਾਂਦਾ ਸੀ। ਹਰਜਿੰਦਰ ਸਿੰਘ ਰਾਗੀ ਦੇ ਇਕ ਅਨੁਮਾਨ ਅਨੁਸਾਰ, ਸੰਗੀਤ ਸਿਖਲਾਈ ਤੇ ਸਤਿਗੁਰੂ ਜੀ ਨੇ ਆਪਣੇ ਸਮੇਂ ਵਿਚ ਘੱਟ ਘੱਟ ਦੋ ਅਰਬ ਰੁਪਏ ਖਰਚੇ ਸਨ। ਇਹ ਰਕਮ ਉਹ ਆਪਣੇ ਖਜ਼ਾਨੇ ਵਿਚੋਂ ਦਿੰਦੇ ਜਾਂ ਆਪਣੇ ਸਮਰੱਥ ਸਿੱਖਾਂ ਸੇਵਕਾਂ ਤੋਂ ਦੁਆਉਂਦੇ।

ਮਨੁੱਖ ਦੇਹ ਨੂੰ ਚੁਸਤ ਦਰੁਸਤ ਰੱਖਣ ਲਈ ਪਿਤਾ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਵਿਰਸੇ ਵਿਚ ਉਨ੍ਹਾਂ ਬਹੁਤ ਗੁਣ ਗ੍ਰਹਿਣ ਕੀਤੇ ਸਨ। ਉਹ ਆਪਣੇ ਇਕ ਉਪਦੇਸ਼ ਵਿਚ ਫੁਰਮਾਉਂਦੇ ਹਨ-

"ਸਤਿਗੁਰੂ ਪਰਤਾਪ ਸਿੰਘ ਸੱਚੇ ਪਾਤਸ਼ਾਹ ਨੇ ਬੜੀ ਕਿਰਪਾ ਕੀਤੀ, ਉਹ ਆਪ ਕਈ ਖੇਡਾਂ ਦੇ ਖਿਡਾਰੀ ਸਨ। ਨੇਜਾ ਬਾਜ਼ੀ ਦੇ ਮਾਹਰ ਸਨ। ਘੋੜੀ 'ਤੇ ਚੜ੍ਹਨਾ ਤਾਂ ਆਪਣੇ ਕੰਨ ਫੜ ਕੇ ਉੱਪਰ ਚੜ੍ਹ ਜਾਣਾ। ਫਿਰ ਘੋੜੀ ਤੇ ਚੜ੍ਹ ਕੇ ਜਾ ਕੇ ਘੋੜੀ ਤੋਂ ਊਠ ਤੇ ਚੜ੍ਹ ਜਾਣਾ ਤੇ ਉਹਨੂੰ ਫੜ ਲਿਆਉਣਾ। ਇਹ ਵੀ ਇਕ ਬੜਾ ਵੱਡਾ ਗੁਣ ਹੈ ਖਿਡਾਰੀਆਂ ਦਾ। ਸਭ ਤੋਂ ਪਹਿਲੀ ਚੀਜ਼ ਇਹ ਹੈ ਜੇ ਦੇਹ ਹੋਏਗੀ ਤਾਂ ਹੀ ਭਜਨ ਬਾਣੀ ਹੋਵੇਗਾ। ਸਤਿਗੁਰੂ ਪ੍ਰਤਾਪ ਸਿੰਘ ਘੁਲਦੇ ਵੀ ਹੁੰਦੇ ਸਨ ਫਿਰ ਉਹ ਕੱਪੜਿਆਂ ਦੀ ਕਾਟ ਦੇ ਬੜੇ ਮਾਹਰ ਸਨ, ਚੋਲਾ, ਅਚਕਨ, ਕੁੜਤਾ, ਪਜਾਮਾ, ਕਛਹਿਰਾ ਆਦਿ ਸਾਰਾ ਕੁਝ ਕਿਸੇ ਦਰਜੀ ਕੋਲੋਂ ਏਨਾ ਕੱਪੜਾ ਨਹੀਂ ਸੀ ਬਚਦਾ ਜਿੰਨਾ ਉਹ ਬਚਾ ਲੈਂਦੇ ਸਨ। ਫਿਰ ਪਾਣੀ ਵਿਚ ਤਰਨਾ ਬਹੁਤ ਵਧੀਆ ਆਉਂਦਾ ਸੀ ਉਨ੍ਹਾਂ ਨੂੰ। ਸਾਡੇ ਤੇ ਕਿਰਪਾ ਕੀਤੀ ਸੱਚੇ ਪਾਤਸ਼ਾਹ ਨੇ ਸਾਨੂੰ ਏਸ ਪਾਸੇ ਲਾਇਆ, ਫੁੱਟਬਾਲ ਖੇਡਣ ਵੱਲ ਲਾਇਆ, ਦੌੜਨ ਵਾਸਤੇ ਲਾਇਆ। ਫੁੱਟਬਾਲ ਦੀ ਟੀਮ ਵਿਚ ਮੈਂ ਬਹੁਤ ਚਿਰ ਖੇਡਦਾ ਰਿਹਾ ਹਾਂ। ਥੋੜ੍ਹਾ ਚਿਰ ਵਾਲੀਵਾਲ ਵੀ ਖੇਡਦਾ ਰਿਹਾ ਹਾਂ। ਬੈਡਮਿੰਟਨ ਮੈਂ ਹੁਣ ਵੀ ਖੇਡ ਲੈਂਦਾ ਹਾਂ, ਦੌੜਦਾ ਵੀ ਰਿਹਾ ਹਾਂ। ਘੋੜੇ ਦੀ ਸਵਾਰੀ ਵੀ ਕਰਦਾ ਰਿਹਾਂ। ਛੋਟੀ ਉਮਰ ਵਿਚ ਸੱਚੇ ਪਾਤਸ਼ਾਹ ਏਨੇ ਕੰਮ ਦਿੱਤੇ ਸਨ ਜਿਹੜੇ ਗਿਣ ਨਹੀਂ ਸਕਦਾ ਆਦਮੀ। ਚੁੱਭੀ ਮਾਰ ਕੇ ਤਰਨਾ ਬਹੁਤ ਦੂਰ ਤਕ। ਇਕ ਵਾਰ ਮੈਂ ਜਗਤਾਰ ਸਿੰਘ ਪਨਿਹਾਰੀ ਵਾਲਿਆਂ ਨੂੰ ਆਖਿਆ, ਮੇਰਾ ਟਾਈਮ ਨੋਟ ਕਰਿਉ, ਮੈਂ ਕਿੰਨੀ ਦੇਰ ਚੁੱਭੀ ਮਾਰੀ। 2 ਮਿੰਟ ਤੇ 17 ਸੈਕੰਡ ਟਾਈਮ ਉਨ੍ਹਾਂ ਨੇ ਨੋਟ ਕੀਤਾ। ਇਹ ਸਤਿਗੁਰਾਂ ਦੀ ਕਿਰਪਾ ਨਾਲ ਸਾਰਾ ਕੁਝ ਹੁੰਦਾ ਹੈ।"

(ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, 2001 ਈ: ਸਫ਼ਾ 71)

1974 ਈ: ਵਿਚ ਸਤਿਗੁਰੂ ਜੀ ਨੇ ਨਾਮਧਾਰੀ ਬੱਚਿਆਂ ਦੀ ਹਾਕੀ ਦੀ ਟੀਮ ਬਣਾ ਕੇ, ਇਸ ਨੂੰ ਸਿਖਿਅਤ ਕਰਨ ਦੇ ਯਤਨ ਆਰੰਭੇ। ਸੰਨ 1977 ਵਿਚ ਆਪ ਨੇ ਇਸ ਨੂੰ ਵਿਸ਼ਵ ਪੱਧਰ 'ਤੇ ਲਿਆਉਣ ਦੀ ਯੋਜਨਾ ਉਲੀਕੀ। ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਜੀਵਨ ਨਗਰ ਦੇ ਵੀਹ ਕੁ ਲੜਕੇ ਤਿਆਰ ਕੀਤੇ ਗਏ। ਇਨ੍ਹਾਂ ਲਈ ਚੰਗੀ ਖਾਧ ਖੁਰਾਕ ਤੇ ਸੁਚੱਜੇ ਕੋਚਾਂ ਦਾ ਪ੍ਰਬੰਧ ਕੀਤਾ। ਇਨ੍ਹਾਂ ਬੱਚਿਆਂ ਨੇ 1979 ਵਿਚ ਹੀ ਮਿਨੀ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਜਿੱਤ ਲਈ। ਟੀਮ ਦੀ ਅਗਵਾਈ ਠਾਕੁਰ ਉਦੇ ਸਿੰਘ ਜੀ ਨੂੰ ਸੌਂਪੀ ਗਈ। ਉਨ੍ਹਾਂ ਨੇ 1989 ਵਿਚ ਇਸ ਟੀਮ ਨੂੰ ਯੋਰਪ ਦਾ ਦੌਰਾ ਕਰਵਾਇਆ। ਹਰ ਥਾਂ ਤੇ ਫਤੇਹ ਦੇ ਝੰਡੇ ਗੱਡ ਕੇ ਵਾਪਸ ਮੁੜੇ ਇਕ ਅੱਧ ਮੈਚ ਨੂੰ ਛੱਡ ਕੇ। ਕੁਲ 23 ਮੈਚਾਂ ਵਿਚ 21 ਜਿੱਤ ਕੇ ਮੁੜੇ। ਸੰਨ 1992 ਦੀ ਬਾਰਸੀਲੋਨਾ ਉਲੰਪਿਕ ਵਿਖੇ, ਇਸ ਟੀਮ ਦਾ ਮੈਂਬਰ ਦੀਦਾਰ ਸਿੰਘ ਭਾਰਤੀ ਹਾਕੀ ਵੱਲੋਂ ਖੇਡਿਆ। ਫਿਰ ਚਲ ਸੋ ਚੱਲ। ਇਕ ਦਰਜਨ ਤੋਂ ਵੱਧ ਖਿਡਾਰੀ ਇਨ੍ਹਾਂ ਕੌਮਾਂਤਰੀ ਮੁਕਾਬਲਿਆਂ ਵਿਚ ਭਾਰਤੀ ਹਾਕੀ ਟੀਮ ਵੱਲੋਂ ਖੇਡ ਚੁੱਕੇ ਹਨ। ਹਰਪਾਲ ਸਿੰਘ 2004 ਵਿਚ ਏਥਨਜ਼ ਉਲੰਪਿਕ ਵਿਚ ਖੇਡਿਆ। ਨਾਮਧਾਰੀ ਹਾਕੀ ਟੀਮ ਦੀ ਸ਼ਾਨ ਉਦੋਂ ਸਿਖਰ 'ਤੇ ਪੁੱਜੀ ਜਦੋਂ ਸਰਦਾਰ ਸਿੰਘ ਭਾਰਤੀ ਟੀਮ ਦਾ ਕਪਤਾਨ ਬਣਿਆ। ਬਹੁਤ ਸਾਰੇ ਇਨਾਮ ਸਨਮਾਨ ਉਸਦੀ ਝੋਲੀ ਵਿਚ ਪਏ। ਅੱਜ ਦਰਜਨਾਂ ਨਾਮਧਾਰੀ ਖਿਡਾਰੀ ਆਪਣੀ ਹਾਕੀ ਦੇ ਸਿਰ 'ਤੇ ਵੱਡੇ ਮਹਿਕਮਿਆਂ ਵਿਚ, ਉੱਚੇ ਅਹੁਦਿਆਂ 'ਤੇ ਹਨ। ਆਪ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਵੀ ਇਨ੍ਹਾਂ ਖੇਡਾਂ ਦੇ ਪ੍ਰਸਾਰ ਵਿਚ, ਵਿਸ਼ੇਸ਼ ਰੁਚੀ ਲੈ ਰਹੇ ਹਨ। ਉਨ੍ਹਾਂ ਨੇ ਨਾਮਧਾਰੀ ਹਾਕੀ ਟੀਮ ਨੂੰ ਪ੍ਰਫੁੱਲਤ ਕਰਕੇ, ਸਤਿਗੁਰੂ ਜਗਜੀਤ

ਸਿੰਘ ਜੀ ਦੀਆਂ ਬੇਅੰਤ ਖੁਸ਼ੀਆਂ ਪ੍ਰਾਪਤ ਕੀਤੀਆਂ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, ਆਪਣੇ ਸਮੇਂ ਵਿਚ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਦੀਆਂ ਲੜੀਆਂ ਤੋਰੀ ਰੱਖੀਆਂ। ਇਕ ਲੜੀ ਉਨ੍ਹਾਂ ਦੇ ਦੇਹ ਦਾ ਉਹਲਾ ਕਰਨ ਵੇਲੇ ਚੱਲ ਰਹੀ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਉਸ ਨੂੰ ਸੰਪੂਰਨ ਕਰਨ ਬਾਅਦ ਦੋ ਹੋਰ ਲੜੀਆਂ ਮੁਕੰਮਲ ਕੀਤੀਆਂ ਅਤੇ ਇਕ ਲੜੀ ਨਵੀਂ ਸ਼ੁਰੂ ਕਰਵਾਈ। ਉਸ ਦੀ ਸੰਪੂਰਨਤਾ ਲਈ ਹਾਜਰਾ ਹਜ਼ੂਰ ਜੀ ਯਤਨਸ਼ੀਲ ਹਨ। ਇਸ ਤਰ੍ਹਾਂ ਸਤਿਗੁਰੂ ਜੀ ਨੇ ਸਾਰੀ ਉਮਰ ਨਾਮਧਾਰੀ ਜਗਤ ਨੂੰ ਸੇਵਾ, ਸਿਮਰਨ ਅਤੇ ਬਾਣੀ ਨਾਲ ਜੋੜੀ ਰੱਖਿਆ। ਗੁਰਸਿੱਖ ਜੀਵਨ ਜਾਚ ਨੂੰ ਇਸ ਕਦਰ ਨਿਭਾਇਆ ਕਿ ਸਤਿਗੁਰੂ ਜੀ ਦੇ ਦਿਲ ਦੀ ਬਾਈਪਾਸ ਸਰਜਰੀ, ਆਸਟਰੇਲੀਆ ਵਿਖੇ ਮਾਹਿਰ ਡਾਕਟਰਾਂ ਪਾਸੋਂ, ਆਪਣੀਆਂ ਸ਼ਰਤਾਂ ਤੇ ਕਰਵਾਈ ਗਈ ਜਿਨ੍ਹਾਂ ਵਿਚੋਂ ਪ੍ਰਮੁੱਖ ਸੀ ਸਰੀਰ ਦੇ ਕਿਸੇ ਭਾਗ ਤੇ ਵੀ ਰੋਮ ਦੀ ਬੇਅਦਬੀ ਨਾ ਹੋਣ ਦੇਣਾ।

ਅੰਗਰੇਜ਼ੀ ਰਾਜ ਸਮੇਂ, ਨਾਮਧਾਰੀ ਸ਼ਹੀਦੀ ਅਸਥਾਨਾਂ 'ਤੇ ਕੂਕੇ ਸ਼ਹੀਦਾਂ ਦੀ ਯਾਦ ਵਿਚ ਮੇਲੇ ਮਨਾਉਣ ਦੀ ਮਨਜ਼ੂਰੀ ਵਿਦੇਸ਼ੀ ਸਰਕਾਰ ਨਹੀਂ ਦਿੰਦੀ ਸੀ। ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਪਹਿਲਾ ਮੇਲਾ, ਕੂਕਿਆਂ ਦੇ ਕੱਲਰ ਜਾਂ ਰੱਕੜ ਵਿਚ, 17-18 ਜਨਵਰੀ 1955 ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਮਨਾਇਆ ਗਿਆ। ਸਤਿਗੁਰੂ ਪਰਤਾਪ ਸਿੰਘ ਜੀ ਆਪ ਜੀ ਨੂੰ ਹੁਕਮ ਕਰ ਗਏ ਸਨ ਕਿ ਕਾਕਾ ਸ਼ਹੀਦਾਂ ਦੇ ਮੇਲੇ ਜ਼ਰੂਰ ਮਨਾਉਣੇ ਹਨ। ਇਸ ਕਾਰਜ ਲਈ ਵੱਡੇ ਉਪਰਾਲੇ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਲੇਰਕੋਟਲਾ, ਲੁਧਿਆਣਾ ਦੀ ਪੁਰਾਣੀ ਜੇਹਲ, ਰਾਮ ਬਾਗ ਅੰਮ੍ਰਿਤਸਰ ਅਤੇ ਰਾਏਕੋਟ ਵਿਖੇ ਸ਼ਹੀਦੀ ਅਸਥਾਨ ਹਾਸਲ ਕੀਤੇ। ਮਲੇਰਕੋਟਲਾ ਵਿਖੇ ਜਿਸਦਾ 24 ਜੂਨ 1993 ਨੂੰ ਨੀਂਹ ਪੱਥਰ ਰੱਖਿਆ ਸੀ, ਉਹ ਸ਼ਹੀਦੀ ਸਮਾਰਕ, 66 ਮੋਰੀਆਂ ਵਾਲੇ ਖੰਡੇ ਸਮੇਤ, ਸ਼ਾਨਦਾਰ ਢੰਗ ਨਾਲ ਉਸਾਰਿਆ ਗਿਆ ਹੈ। ਬਾਕੀ ਥਾਵਾਂ 'ਤੇ ਵੀ ਸ਼ਾਨਦਾਰ ਸਮਾਰਕਾਂ ਦਾ ਨਿਰਮਾਣ ਅਗਲੇ ਸਮੇਂ ਵਿਚ ਹੋ ਜਾਏਗਾ। ਰਾਮਪੁਰਾ ਫੂਲ, ਸੈਦੋ, ਰੜ, ਬੰਗਾਲੀ ਪੁਰ, ਹਜ਼ਾਰੀ ਬਾਗ ਆਦਿ ਅਨੇਕ ਅਸਥਾਨਾਂ ਵਿਚ ਨਾਮਧਾਰੀ ਸ਼ਹੀਦਾਂ ਅਤੇ ਜਲਾਵਤਨ ਸੂਬਿਆਂ ਦੀ ਯਾਦ ਵਿਚ ਸਮਾਗਮ ਮਨਾਏ ਜਾਂਦੇ ਹਨ। ਇਹਨਾਂ ਸਾਰੇ ਕਾਰਜਾਂ ਵਿਚ ਸਤਿਗੁਰੂ ਜੀ ਤੋਂ ਵਰੋਸਾਏ, ਕੂਕਾ ਮਾਰਟਰਜ਼ ਮੈਮੋਰੀਅਲ ਟਰਸਟ ਦੇ ਉਪ ਮੁਖੀ ਸੰਤ ਸੁਰਿੰਦਰ ਸਿੰਘ [illegible] ਰਹੇ ਹਨ। ਰਾਈਆਂ ਵਿਖੇ

ਸਤਿਗੁਰੂ ਰਾਮ ਸਿੰਘ ਜੀ ਦਾ ਪਰਕਾਸ਼ ਅਸਥਾਨ ਵੀ ਨਾਮਧਾਰੀ ਸੰਗਤ ਨੂੰ ਮਿਲ ਚੁੱਕਾ ਹੈ। ਸ੍ਰੀ ਭੈਣੀ ਸਾਹਿਬ ਦੇ ਸਰਬਪੱਖੀ ਵਿਕਾਸ ਲਈ ਵੀ ਬਹੁਤ ਕੁਝ ਹੋਇਆ ਹੈ ਅਤੇ ਅਜੇ ਵੀ ਹੋ ਰਿਹਾ ਹੈ। ਸਤਿਗੁਰੂ ਜੀ ਨੇ 149 ਅਨੰਦ ਕਾਰਜ ਕਰਵਾ ਕੇ 3 ਜੂਨ 1963 ਈ. ਨੂੰ ਖੇਟਿਆਂ ਦੀ ਅਨੰਦ ਸ਼ਤਾਬਦੀ ਵੱਡੇ ਪੱਧਰ 'ਤੇ ਮਨਾਈ। ਬਿਨਾਂ ਦਾਜ ਦਹੇਜ, ਸਮੂਹਿਕ ਵਿਆਹ, ਅਤਿ ਸਾਦਾ ਰਸਮਾਂ ਸਦਕਾ, ਵਿਸ਼ਵ ਪ੍ਰੈਸ ਨੇ ਇਸ ਘਟਨਾ ਨੂੰ ਪਰਚਾਰਿਆ। ਸੰਨ 1972 ਈ. ਵਿਚ ਸਾਕਾ ਮਲੇਰਕੋਟਲਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਪਰਦੇਸ ਗਵਨ ਸ਼ਤਾਬਦੀ ਭਾਰਤ ਅਤੇ ਵਿਦੇਸ਼ਾਂ ਵਿਚ ਵੀ ਮਨਾਈ। 1990 ਈ. ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੀ ਪਹਿਲੀ ਪਰਕਾਸ਼ ਸ਼ਤਾਬਦੀ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਕੌਮੀ ਪੱਧਰ 'ਤੇ ਮਨਾਈ ਗਈ। ਕਈ ਕਿਤਾਬਾਂ ਲਿਖੀਆਂ ਗਈਆਂ, ਜਿਹਨਾਂ ਵਿਚੋਂ ਭਾਪਾ ਪ੍ਰੀਤਮ ਸਿੰਘ ਜੀ ਆਰਸੀ ਦੁਆਰਾ ਸੰਪਾਦਿਤ 'ਮਹਾਂ ਨੂਰ' ਨਾਂ ਦਾ ਵੱਡ ਆਕਾਰੀ ਗਰੰਥ ਇਕ ਟਕਸਾਲੀ ਕਾਰਜ ਸੀ।

ਨਾਮਧਾਰੀ ਇਤਿਹਾਸ, ਸਾਹਿਤ ਅਤੇ ਸਭਿਆਚਾਰ ਬਾਰੇ ਉਚ ਪੱਧਰੀ ਖੋਜ ਕਾਰਜ ਕਰਵਾਉਣ ਲਈ ਆਪ ਜੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ 'ਨਾਮਧਾਰੀ ਗੁਰੂ ਰਾਮ ਸਿੰਘ ਚੇਅਰ' ਅਤੇ ਬਨਾਰਸ ਵਿਚ 'ਸਤਿਗੁਰੂ ਰਾਮ ਸਿੰਘ ਵਿਦਿਆਪੀਠ' ਸਥਾਪਿਤ ਕਰਵਾਈ। ਸੰਨ 2007 ਈ. ਵਿਚ ਨਾਮਧਾਰੀ ਪੰਥ ਦੀ ਸਾਜਣਾ ਦੀ 150 ਸਾਲਾ ਵਰ੍ਹੇਗੰਢ ਸ੍ਰੀ ਭੈਣੀ ਸਾਹਿਬ ਅਤੇ ਹੋਰ ਅਨੇਕ ਸਥਾਨਾਂ 'ਤੇ ਬੜੀ ਧੂਮਧਾਮ ਨਾਲ ਮਨਾਈ ਗਈ। ਸਤਿਗੁਰੂ ਰਾਮ ਸਿੰਘ ਜੀ ਦੇ ਸੁਤੰਤਰਤਾ ਸੰਗਰਾਮ ਅਤੇ ਸਮਾਜ ਸੁਧਾਰ ਵਿਚ ਪਾਏ ਵਿਸ਼ੇਸ਼ ਯੋਗਦਾਨ ਦੀ ਚਰਚਾ ਲਈ ਸੀਨੀਅਰ ਸੈਕੰਡਰੀ ਸਕੂਲਾਂ, ਕਾਲਜਾਂ ਅਤੇ ਗੁਆਂਢੀ ਰਾਜਾਂ ਸਮੇਤ, ਪੰਜਾਬ ਦੇ ਵਿਸ਼ਵ ਵਿਦਿਆਲਿਆਂ ਵਿਚ, ਅਨੇਕ ਯਾਦਗਾਰੀ ਸਮਾਗਮ ਕੀਤੇ ਗਏ। ਬਹੁਤ ਸਾਰਾ ਨਵਾਂ ਅਤੇ ਪੁਰਾਣਾ ਨਾਮਧਾਰੀ ਸਾਹਿਤ ਵੀ ਆਪ ਜੀ ਦੇ ਸਮੇਂ ਛਾਪਿਆ ਗਿਆ। ਸਤਿਜੁਗ, ਵਰਿਆਮ, ਵਰਤਮਾਨ ਹਿੰਦੁਸਤਾਨ, ਸ਼ਤਾਬਦੀ ਸਮਾਚਾਰ, ਯੁੱਗ ਮਰਿਆਦਾ (ਹਿੰਦੀ) ਆਦਿ ਪਰਚੇ ਆਪ ਜੀ ਦੀ ਸਰਪ੍ਰਸਤੀ ਨਾਲ ਹੀ ਛਪਦੇ ਰਹੇ ਜਿਹੜੇ ਨਾਮਧਾਰੀ ਇਤਿਹਾਸ, ਸਾਹਿਤ ਤੋਂ ਬਿਨਾਂ ਸਮਕਾਲੀ ਸਰੋਕਾਰਾਂ ਬਾਰੇ ਵੀ ਮੁੱਲਵਾਨ ਸਮੱਗਰੀ ਪੇਸ਼ ਕਰਦੇ ਰਹੇ। ਸ. ਨਾਹਰ ਸਿੰਘ ਐਮ.ਏ. ਦੁਆਰਾ ਕੂਕਿਆਂ ਬਾਰੇ ਸਰਕਾਰੀ ਦਸਤਾਵੇਜ਼ ਛਾਪਣ ਤੋਂ ਬਾਅਦ ਆਪ ਨੇ ਇਸ ਕਾਰਜ ਨੂੰ ਅੱਗੇ [illegible] ਅੰਤਰ

ਵਿਚ ਅੱਗੇ ਲਿਆਂਦਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਤੱਕ ਦੀ ਨਾਮਧਾਰੀ ਤਵਾਰੀਖ਼ ਉਘੇ ਵਿਦਵਾਨ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਆਪਦੇ ਅਸ਼ੀਰਵਾਦ ਨਾਲ ਹੀ ਤਿੰਨ ਖੰਡਾਂ ਵਿਚ ਸੰਪੂਰਨ ਕੀਤੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਸਖਾਈ, ਸ੍ਰੀ ਪ੍ਰੀਤਮ ਸਿੰਘ ਕਵੀ ਨੇ ਆਪ ਜੀ ਦੇ ਸਮੇਂ ਦੇ ਵਿਸ਼ੇਸ਼ ਸਮਾਚਾਰ 'ਬੀਤੇ ਦੀਆਂ ਪੈੜਾਂ' ਪੁਸਤਕ ਲੜੀ ਵਿਚ ਕਲਮਬੰਦ ਕੀਤੇ। ਇਹ ਦੀਆਂ 17 ਜਿਲਦਾਂ ਛਪ ਚੁੱਕੀਆਂ ਹਨ ਅਤੇ 8-10 ਛਪਣ ਵਾਲੀਆਂ ਹਨ। ਇਹਨਾਂ ਵਿਚੋਂ ਭਾਵੀ ਇਤਿਹਾਸ ਖੋਜੀਆਂ ਨੂੰ ਵੱਡਮੁੱਲੀ ਸਮੱਗਰੀ ਮਿਲੇਗੀ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਘੇਰੇ ਵਿਚ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲੇ, ਸਾਧਾਰਨ ਸਿੱਖਾਂ ਤੋਂ ਲੈ ਕੇ ਵਿਸ਼ਵ ਦੇ ਅਨੇਕ ਰਾਸ਼ਟਰ ਪਰਮੁੱਖ ਵੀ ਆਉਂਦੇ ਰਹੇ। ਉਹ ਹਰ ਥਾਂ ਬੜੇ ਸਹਿਜ ਰੂਪ ਵਿਚ ਵਿਚਰਦੇ। ਉਹਨਾਂ ਨੇ ਇਗਲੈਂਡ ਦੇ ਹਾਊਸ ਆਫ ਕਾਮਨਜ਼ ਤੋਂ ਲੈ ਕੇ ਯੂ.ਐਨ.ਦੀ ਜਨਰਲ ਅਸੈਂਬਲੀ ਦੇ ਸਮਾਗਮਾਂ ਨੂੰ ਵੀ ਸੰਬੋਧਿਤ ਕੀਤਾ। ਉਹ ਸ਼ਾਕਾਹਾਰ ਅਤੇ ਸੰਸਾਰ ਅਮਨ ਨੂੰ ਇਕ ਦੂਜੇ ਦੇ ਪੂਰਕ ਸਮਝ ਕੇ ਇਹਨਾਂ ਲਈ ਆਯੂ ਪ੍ਰਯੰਤ ਕਾਰਜਸ਼ੀਲ ਰਹੇ। ਉਹ ਪੰਜਾਬ ਅਮਨ ਕੌਂਸਲ ਦੇ ਪਰਧਾਨ ਰਹੇ। ਵਿਸ਼ਵ ਅਮਨ ਸੰਮੇਲਨ ਹੇਲਸਿੰਕੀ ਵਿਚ ਉਹਨਾਂ ਆਪਣੇ ਭਰਾਤਾ ਮਹਾਰਾਜ ਬੀਰ ਸਿੰਘ ਜੀ ਨੂੰ ਭੇਜਿਆ। ਉਹ ਫੁਰਮਾਉਂਦੇ ਸਨ ਕਿ ਦੁਨੀਆ ਵਿਚ ਅਮਨ ਕਾਇਮ ਕਰਨ ਲਈ ਸਾਰੇ ਮਨੁੱਖ ਮਾਰੂ ਹਥਿਆਰਾਂ 'ਤੇ ਪਾਬੰਦੀ ਲਾਉਣੀ ਜ਼ਰੂਰੀ ਹੈ। ਇਸਦੇ ਨਾਲ ਹੀ ਕੋਈ ਵੀ ਕਿਸੇ ਦਾ ਹੱਕ ਨਾ ਮਾਰੇ। ਇਸ ਧਰਤੀ 'ਤੇ ਸਭ ਨੂੰ ਮਹਿਕਣ ਦਾ ਸਮਾਨ ਅਵਸਰ ਮਿਲੇ। ਉਹ ਪੰਜਾਬ ਸੰਕਟ ਦੇ ਦਿਨਾਂ ਵਿਚ ਆਪਣੇ ਸਿੱਖਾਂ ਨੂੰ ਘਟਨਾਵਾਂ ਦੀ ਸਹੀ ਜਾਣਕਾਰੀ ਤੇ ਸੰਤੁਲਿਤ ਪਹੁੰਚ ਬਣਾਈ ਰੱਖਣ ਲਈ ਕਾ. ਜਗਜੀਤ ਸਿੰਘ ਅਨੰਦ ਦੁਆਰਾ ਸੰਪਾਦਿਤ ਭਾਰਤੀ ਕਮਿਊਨਿਸਟ ਪਾਰਟੀ ਦੇ ਮੁੱਖ ਅਖ਼ਬਾਰ 'ਨਵਾਂ ਜ਼ਮਾਨਾ' ਨੂੰ ਪੜ੍ਹਣ ਲਈ ਹੀ ਪਰੇਰਦੇ ਸਨ। ਕਿਉਂਕਿ ਬਾਕੀ ਅਖ਼ਬਾਰ ਘਟਨਾਵਾਂ ਨੂੰ 'ਸਿੱਖ ਐਨਕਾਂ' ਜਾਂ 'ਹਿੰਦੂ ਐਨਕਾਂ' ਵਿਚੋਂ ਵੇਖਦੇ ਸਨ। ਉਹਨਾਂ ਦੇ ਸੰਸਾਰ ਅਮਨ ਦੇ ਸੁਆਲ 'ਤੇ ਨਾਸਤਿਕ ਕਮਿਊਨਿਸਟਾਂ ਨਾਲ ਮੇਲਜੋਲ 'ਤੇ ਕਿਸੇ ਸੱਜਣ ਨੇ ਕਿੰਤੂ ਕੀਤਾ ਤਾਂ ਆਪ ਦਾ ਜੁਆਬ ਸੀ-"ਮੇਰੇ ਘਰ ਨੂੰ ਅੱਗ ਲੱਗੀ ਹੋਵੇ, ਕੋਈ ਕਮਿਊਨਿਸਟ ਪਾਣੀ ਦੀ ਬਾਲਟੀ ਭਰ ਲਿਆਵੇ ਤਾਂ ਕੀ ਮੈਂ ਉਸਨੂੰ ਵਾਪਸ ਮੋੜ ਦਿਆਂਗਾ?" ਉਹ ਚਲੰਤ ਘਟਨਾਵਾਂ ਤੇ ਸਟੀਕ ਟਿੱਪਣੀਆਂ ਕਰਿਆ ਕਰਦੇ ਸਨ। ਸੰਨ 1979 ਦੇ ਜੁਲਾਈ ਮਹੀਨੇ (ਅਕਾਸ਼ੀ ਪ੍ਰਯੋਗਸ਼ਾਲਾ) 'ਸਕਾਈ ਲੈਬ' ਡਿੱਗਣ ਦੇ ਚਰਚੇ ਸਨ। ਕਿਸੇ ਨੇ ਆਪ ਨੂੰ ਪੁੱਛਿਆ ਤਾਂ ਜੁਆਬ ਦਿੱਤਾ, ਮੈਨੂੰ ਤਾਂ 'ਡਿਸਾਈ ਲੈਬ' ਡਿੱਗਦੀ ਜਾਪਦੀ ਹੈ। ਯਾਦ ਰਹੇ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਦੀ ਜਨਤਾ ਸਰਕਾਰ ਉਸ ਤੋਂ ਕੁਝ ਦਿਨ ਬਾਅਦ ਹੀ ਡਿੱਗ ਪਈ ਸੀ। ਜਦੋਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸ੍ਰੀ ਅਸ਼ੋਕ ਸਿੰਘਲ ਨੇ ਆਪ ਨੂੰ ਕੋਈ ਪ੍ਰਵਚਨ ਦੇਣ ਲਈ ਕਿਹਾ ਤਾਂ ਏਨਾ ਹੀ ਕਿਹਾ-"ਝਗੜੇ ਛੱਡ ਦਿਉ।"

ਸੰਤਾਨ ਨਾਤੇ ਆਪ ਦੀ ਇਕੋ ਸਪੁੱਤਰੀ, ਬੀਬਾ ਸਾਹਿਬ ਕੌਰ ਸੰਤ ਜਗਤਾਰ ਸਿੰਘ ਪਨਿਹਾਰੀ ਨਾਲ ਪਰਣਾਏ ਗਏ। ਕਾਕਾ ਜੈ ਸਿੰਘ ਆਪ ਦਾ ਦੋਹਤਾ ਅਤੇ ਬੀਬੀ ਜੈ ਕੌਰ ਦੋਹਤੀ ਹੈ। ਆਪ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਦੇ ਨਵ ਨਿਰਮਾਣ ਅਤੇ ਇਤਿਹਾਸਕ ਅਸਥਾਨਾਂ ਦੀ ਸਾਂਭ ਸੰਭਾਲ ਲਈ, ਸੰਤ ਜਗਤਾਰ ਸਿੰਘ ਹੋਰਾਂ ਵੱਡੀ ਸੇਵਾ ਨਿਭਾਈ ਹੈ। ਸੰਤ ਜਗਤਾਰ ਸਿੰਘ ਹੋਰਾਂ ਦੇ ਇਕ ਵਾਰੀ ਆਗਾਮੀ ਕਾਰਜਾਂ ਬਾਰੇ ਪੁੱਛਣ 'ਤੇ ਸਤਿਗੁਰੂ ਜੀ ਨੇ ਸ੍ਰੀ ਉਦੇ ਸਿੰਘ ਵਲ ਇਸ਼ਾਰਾ ਕਰਦਿਆਂ ਕਿਹਾ ਸੀ ਕਿ ਹੁਣ ਇਹੋ ਕਰਵਾ ਲੈਣਗੇ, ਜਿਸ ਤਰ੍ਹਾਂ ਕਰਵਾਉਣਾ ਹੋਇਆ। ਇਸੇ ਕਾਰਨ 13 ਦਸੰਬਰ 2012 ਨੂੰ ਆਪ ਦੇ ਦੇਹਵਾਸਾਨ ਅਤੇ 14 ਦਸੰਬਰ ਨੂੰ ਸਸਕਾਰ ਬਾਅਦ ਮਾਤਾ ਚੰਦ ਕੌਰ ਜੀ ਦੇ ਹੁਕਮ ਅਨੁਸਾਰ ਸ੍ਰੀ ਉਦੇ ਸਿੰਘ ਜੀ ਦੀ ਸਤਿਗੁਰੂ ਜੀ ਦੇ ਅਧਿਆਤਮਕ ਵਾਰਸ ਵਜੋਂ ਘੋਸ਼ਣਾ ਹੋਈ। 23 ਦਸੰਬਰ ਨੂੰ ਸਤਿਗੁਰੂ ਜੀ ਨਮਿਤ ਭੋਗ ਸਮਾਗਮ ਸਮੇਂ, ਪੰਜਾਹ ਹਜ਼ਾਰ ਸੰਗਤ ਅਤੇ ਸੂਬਾ ਪੱਧਰੀ ਤੇ ਕੌਮੀ ਪੱਧਰੀ ਧਾਰਮਿਕ, ਸਮਾਜਿਕ, ਸਿਆਸੀ ਤੇ ਸਹਿਤਕ ਹਸਤੀਆਂ ਜੁੜੀਆਂ। ਇਸ ਸਮੇਂ ਸੰਗਤ ਵੱਲੋਂ ਭੇਟ ਕੀਤੀ ਮਾਤਾ ਚੰਦ ਕੌਰ ਜੀ ਦੀ ਹਾਜ਼ਰੀ ਵਿਚ ਗੁਰਤਾ ਗੱਦੀ ਦੀ ਦਸਤਾਰ, ਸਤਿਗੁਰੂ ਉਦੇ ਸਿੰਘ ਜੀ ਨੇ ਧਾਰਨ ਕੀਤੀ। ਆਪ ਦੇ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਣ ਨਾਲ ਨਾਮਧਾਰੀ ਜਗਤ ਨੂੰ ਉੱਜਲ ਭਵਿੱਖ ਦੀ ਆਸ ਬੱਝ ਗਈ। ਆਪ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਦੀ ਰੋਸ਼ਨੀ ਵਿਚ, ਨਾਮਧਾਰੀ ਪੰਥ ਦਾ ਸੁਯੋਗ ਸੰਚਾਲਨ ਕਰ ਰਹੇ ਹਨ।

ਕਰੀਵਾਲਾ (ਸਿਰਸਾ)

ਫ਼ੋਨ: 99963-71716

ਭੁੱਲ ਦੀ ਸੋਧ

ਅਕਤੂਬਰ ਅੰਕ 2017 ਦੇ ਵਰਿਆਮ ਅੰਕ ਵਿਚ ਸੰਤ ਇੰਦਰ ਸਿੰਘ ਚਕਰਵਰਤੀ ਬਾਰੇ ਉਹਨਾਂ ਦੇ ਦੋਵਾਂ ਪੁੱਤਰਾਂ ਦੇ ਨਾਮ ਗਲਤ ਛੱਪ ਗਏ ਹਨ। ਠੀਕ ਨਾਮ ਰਵਿੰਦਰਪਾਲ ਸਿੰਘ ਅਤੇ ਹਰਵਿੰਦਰਪਾਲ ਸਿੰਘ ਹਨ।



ਸਰਬ ਗੁਣੀ ਨਿਧਾਨ- ਸਤਿਗੁਰੂ ਜਗਜੀਤ ਸਿੰਘ ਜੀ

-ਡਾ. ਲਖਵੀਰ ਸਿੰਘ

ਸਤਿਗੁਰੂ ਜਗਜੀਤ ਸਿੰਘ ਜੀ ਇਕ ਮਹਾਨ ਅਧਿਆਤਮਕ ਗੁਰੂ, ਮਹਾਨ ਤਪੱਸਵੀ, ਸਮਾਜ ਸੁਧਾਰਕ ਅਤੇ ਮਾਨਵਤਾ ਦੇ ਸੱਚੇ ਪੁਜਾਰੀ ਸਨ। ਜੇਕਰ ਉਨ੍ਹਾਂ ਦੇ ਕੀਤੇ ਕਾਰਜਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਉਹ ਨਾਮਧਾਰੀਆਂ ਦੇ ਨਾਲ-ਨਾਲ ਸਰਬੱਤ ਦਾ ਭਲਾ ਚਾਹੁਣ ਵਾਲੀ ਪਾਕ ਪਵਿੱਤਰ ਸ਼ਖ਼ਸੀਅਤ ਅਤੇ ਚਾਨਣ ਮੁਨਾਰਾ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਸਤਿਗੁਰੂ ਪ੍ਰਤਾਪ ਸਿੰਘ ਅਤੇ ਮਾਤਾ ਭੂਪਿੰਦਰ ਕੌਰ ਦੇ ਘਰ 22 ਨਵੰਬਰ 1920 ਈਸਵੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਜ਼ਾਦੀ ਦਿਵਸ ਤੋਂ 5-6 ਮਹੀਨੇ ਪਹਿਲਾਂ ਹੀ ਸ਼ੇਖ਼ੂਪੁਰਾ ਬਗਦਾਦ (ਗੁਜਰਾਂਵਾਲਾ, ਪਾਕਿਸਤਾਨ) ਵਿਖੇ 1947 ਈਸਵੀ ਦੇ ਹੌਲੇ-ਮਹੱਲੇ ਸਮੇਂ ਲਹਿੰਦੇ ਪੰਜਾਬ ਵਿੱਚ ਰਹਿੰਦੇ ਸਿੱਖਾਂ ਨੂੰ ਸੰਗਤ ਵਿਚ ਆਖ ਦਿੱਤਾ ਸੀ ਕਿ "ਜਿਸਨੇ ਸੁਖੀ ਵਸਣਾ ਹੈ ਅੱਬਲ ਤੇ ਸਤਿਲੁਜ, ਬਿਆਸ ਪਾਰ ਕਰ ਜਾਉ ਨਹੀਂ ਤਾਂ ਘੱਟੋ ਘੱਟ ਰਾਵੀ ਜ਼ਰੂਰ ਪਾਰ ਕਰ ਜਾਉ।" ਇਧਰ ਬਾਗੜ ਦੇ ਇਲਾਕੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 11230 ਏਕੜ ਜ਼ਮੀਨ ਖਰੀਦੀ ਜਿਥੇ ਪਾਕਿਸਤਾਨ ਵਾਲੇ ਪਾਸਿਉਂ ਉੱਜੜ ਕੇ ਆਏ ਹਜ਼ਾਰਾਂ ਪਰਿਵਾਰਾਂ ਨੂੰ ਸਤਿਗੁਰੂ ਜੀ ਨੇ ਇਸ ਇਲਾਕੇ ਵਿਚ ਜ਼ਮੀਨਾਂ ਵੰਡ ਕੇ ਆਬਾਦ ਕੀਤਾ। ਲਹਿੰਦੇ ਪੰਜਾਬ ਵਿਚੋਂ ਘਰ ਬਾਰ ਛੱਡ ਕੇ ਆਏ ਇਨ੍ਹਾਂ ਪਰਿਵਾਰਾਂ ਦੇ ਵਸੇਬੇ ਅਤੇ ਹਰ ਤਰ੍ਹਾਂ ਦੀ ਸਹਾਇਤਾ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੁੱਖ ਅਗਵਾਈ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੱਥ ਸੌਂਪੀ ਹੋਈ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਇਲਾਕੇ ਦੇ ਵਿਕਾਸ ਲਈ ਦਿਨ-ਰਾਤ ਮਿਹਨਤ ਕੀਤੀ। ਜੀਵਨ ਨਗਰ ਦੇ ਇਲਾਕੇ ਵਿਚ ਉਸ ਸਮੇਂ ਤੋਂ ਨਾਮਧਾਰੀਆਂ ਦੇ 25-30 ਪਿੰਡ ਹਨ। ਇਥੇ ਨਾਮਧਾਰੀ ਸੰਗਤ ਦਾ ਪੂਰਾ ਰਾਜ ਭਾਗ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ 21 ਅਗਸਤ 1959 ਈਸਵੀ ਨੂੰ ਜੋਤੀ ਜੋਤ ਸਮਾਉਣ ਤੋਂ ਬਾਅਦ 22 ਅਗਸਤ 1959 ਈਸਵੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਸੁਭਾਇਮਾਨ ਹੋਏ। ਉਸ ਸਮੇਂ ਦੇਸ਼ ਆਜ਼ਾਦ ਹੋਏ ਨੂੰ ਸਿਰਫ 12 ਸਾਲ ਹੋਏ ਸਨ। ਪਰ ਸਤਿਗੁਰੂ ਜਗਜੀਤ ਸਿੰਘ ਦੀ ਵਿਸ਼ਾਲ ਸੋਚਣੀ, ਸਾਦਗੀ ਅਤੇ ਨਿਮਰਤਾ ਦੀ ਮੂਰਤ ਨੇ ਧਾਰਮਿਕ, ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਖੇਤਰ ਦੇ ਨਾਲ-ਨਾਲ ਵਾਤਾਵਰਣ ਦੀ ਸਾਂਭ-ਸੰਭਾਲ, ਇਤਿਹਾਸ ਦੀ ਸਾਂਭ-ਸੰਭਾਲ, ਪੰਜਾਬੀ ਸਾਹਿਤ, ਪੰਜਾਬੀ ਬੋਲੀ, ਗੁਰਮੁਖੀ ਲਿਪੀ, ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ, ਖੇਤੀਬਾੜੀ, ਖੇਡਾਂ, ਗਊ ਧਨ ਦੇ ਖੇਤਰ ਵਿਚ ਅੰਤਰਰਾਸ਼ਟਰੀ ਪ੍ਰਸਿੱਧੀਆਂ ਅਤੇ ਪ੍ਰਾਪਤੀਆਂ ਕੀਤੀਆਂ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਧਾਰਮਿਕ ਖੇਤਰ ਵਿਚ ਪਾਏ ਅਣਕਿਆਸੇ ਯੋਗਦਾਨ ਨੂੰ ਵੇਖੀਏ ਤਾਂ ਗੁਰਬਾਣੀ ਦਾ ਇਹ ਸ਼ਬਦ ਸਤਿਗੁਰੂ ਜੀ ਦੇ ਧਾਰਮਿਕ ਵਿਅਕਤਿਤਵ ਦੀ ਤਰਜ਼ਮਾਨੀ ਕਰਦਾ ਹੈ-

ਜਿਸਦੈ ਅੰਦਰਿ ਸਚੁ ਹੈ, ਸੋ ਸਚਾ ਨਾਮ ਮੁਖਿ ਸਚੁ ਅਲਾਏ।

ਓਹੁ ਹਰਿ ਮਾਰਗ ਆਪਿ ਚਲਦਾ, ਹੋਰਨਾ ਨੋ ਹਰਿ ਮਾਰਗ ਪਾਏ।

ਇਸ ਸ਼ਬਦ ਮੁਤਾਬਕ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਪਵਿੱਤਰ ਸ਼ਖਸ਼ੀਅਤ ਨੇ ਸਾਰੀ ਜ਼ਿੰਦਗੀ ਗੁਰੂ ਨਾਨਕ ਦੇਵ ਜੀ ਦੇ ਦੱਸੇ 'ਨਾਮ' ਦਾ ਜਾਪ ਕੀਤਾ। ਸਤਿਗੁਰੂ ਜੀ ਦੇ ਰੋਮ-ਰੋਮ ਨੇ ਸਵਾਸ-ਸਵਾਸ 'ਨਾਮ' ਜਪਿਆ ਅਤੇ ਲੱਖਾਂ ਪ੍ਰਾਣੀਆਂ ਨੂੰ ਇਸ ਨਾਮ ਦੀ ਮਾਲਾ ਵਿਚ ਲੀਨ ਕਰ ਦਿੱਤਾ। ਉਨ੍ਹਾਂ ਆਪਣੇ ਸਿੱਖਾਂ ਨੂੰ ਰੋਜ਼ਾਨਾ ਪੰਜ ਬਾਣੀਆਂ ਦਾ ਪਾਠ ਕਰਨ ਲਈ ਦ੍ਰਿੜ ਕਰਾਇਆ। ਉਨ੍ਹਾਂ ਗੁਰਬਾਣੀ ਮੁਤਾਬਕ ਆਪਣੇ ਜੀਵਨ ਦਾ ਪਲ-ਪਲ ਜਿਉਂਦਿਆਂ ਅਤੇ ਨਾਮਧਾਰੀ ਸਿੱਖਾਂ ਨੂੰ ਗੁਰਬਾਣੀ ਮੁਤਾਬਕ ਜੀਵਨ ਜਿਉਣ ਦੀ ਹਰ ਸਮੇਂ ਪ੍ਰੇਰਣਾ ਦਿੱਤੀ। ਉਨ੍ਹਾਂ ਸਮੂਹਿਕ ਤੌਰ ਤੇ ਜਪੁ ਪ੍ਰਯੋਗ ਅਰੰਭ ਕੀਤਾ ਜਿਸ ਵਿਚ ਨਾਮਧਾਰੀ ਸੰਗਤ ਸਵੇਰੇ-ਸਵੇਰੇ 2 ਵਜੇ ਸਣਕੇਸੀ ਇਸ਼ਨਾਨ



ਕਰਕੇ ਰੋਜ਼ਾਨਾ 8-8 ਘੰਟੇ ਨਾਮ ਸਿਮਰਨ ਕਰਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਦੇਸ਼ 'ਤੇ ਚੱਲਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਨੇ 1961 ਈਸਵੀ ਵਿਚ ਸਵਾ ਲੱਖ (1,25,000) ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ। ਦੂਸਰੀ ਵਾਰ ਫਿਰ 1974 ਈਸਵੀ ਵਿਚ ਸਵਾ ਲੱਖ ਪਾਠਾਂ ਦੇ ਭੋਗ ਪਾਏ ਗਏ। 1997 ਈਸਵੀ ਵਿਚ ਤੀਸਰੀ ਵਾਰ ਫਿਰ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠਾਂ ਦੇ ਭੋਗ ਪਾਏ ਗਏ। ਹੁਣ ਸਵਾ ਲੱਖ ਪਾਠਾਂ ਲਈ 19 ਅਪ੍ਰੈਲ 1997 ਤੋਂ ਚੌਥੀ ਲੜੀ ਜਾਰੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 53 ਸਾਲ 3 ਮਹੀਨੇ 21 ਦਿਨ ਗੁਰਗੱਦੀ 'ਤੇ ਬਿਰਾਜਮਾਨ ਰਹੇ। ਉਨ੍ਹਾਂ ਆਪਣੇ ਹਰ ਉਪਦੇਸ਼ ਵਿਚ ਇਹ ਫਰਮਾਇਆ-

"ਹਰ ਘਰ ਜੀ ਪ੍ਰਤੀ ਇਕ ਘੰਟਾ ਨਾਮ ਸਿਮਰਨ ਜ਼ਰੂਰ ਕਰੋ। ਹਰ ਘਰ ਪ੍ਰਤੀ ਮਹੀਨਾ ਇਕ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਜਾਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਪਾਠ ਕਰੋ।"

ਜਾਕੀ ਰਹਿਤ ਨਾ ਜਾਣੀਐ ਗੁਰਮੰਤ੍ਰ ਨਹੀ ਚੀਤ।
ਉਨਕਾ ਭੋਜਨ ਖਾਇਕੈ ਬਿਸਰਹਿ ਹਰਿ ਸਿਉ ਪ੍ਰੀਤ।

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸ਼ਬਦ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀਆਂ ਨੂੰ ਉੱਚੀ-ਸੁੱਚੀ-ਪਾਕ-ਪਵਿੱਤਰ ਜੀਵਨ ਸ਼ੈਲੀ ਲਈ ਦ੍ਰਿੜ ਕਰਾਇਆ। ਅਹਿੰਸਾ, ਸਾਦਗੀ, ਪਵਿੱਤਰਤਾ, ਸਾਕਾਹਾਰੀ ਨਾਮਧਾਰੀ ਅਸੂਲਾਂ ਦਾ ਪ੍ਰਥਮ ਅਧਿਆਇ ਹੈ। ਸ਼ਾਇਦ ਇਸੇ ਕਰਕੇ ਹੀ ਡਾ. ਸੁਚਾਟ ਨੇ 19 ਅਕਤੂਬਰ 1978 ਈਸਵੀ ਨੂੰ ਦੁਨੀਆ ਦੇ 48 ਅੰਤਰਰਾਸ਼ਟਰੀ ਸ਼ਾਕਾਹਾਰੀ ਧਾਰਮਿਕ ਮੁਖੀਆਂ ਦੀ ਹਾਜ਼ਰੀ ਵਿਚ ਥਾਈਲੈਂਡ ਵਿਖੇ ਇੰਟਰਨੈਸ਼ਨਲ ਪੀਸ ਕਾਨਫਰੰਸ ਹਾਲ ਦਾ ਨੀਂਹ ਪੱਥਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਰਖਵਾਇਆ।

ਸਤਿਗੁਰੂ ਜੀ ਨੇ ਜੀਵਨ ਜਿਉਣ ਨਾਲੋਂ ਸਿੱਖੀ ਅਸੂਲਾਂ ਨੂੰ ਪਹਿਲ ਦਿੱਤੀ। ਇਕ ਵਾਰ 1991 ਈਸਵੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਹਾਰਟ ਦੀ ਸਮੱਸਿਆ ਆ ਗਈ, ਉਸ ਲਈ ਬਾਈਪਾਸ ਸਰਜਰੀ ਦੀ ਲੋੜ ਸੀ। ਬਾਈਪਾਸ ਸਰਜਰੀ ਲਈ ਸ੍ਰੀ ਸਤਿਗੁਰੂ ਜੀ ਦੀਆਂ ਹਦਾਇਤਾਂ ਸਨ ਕਿ "ਸਿੱਖੀ ਨਿਸ਼ਾਨ ਦੇ ਮੇਰੇ ਪੰਜ ਕਕਾਰਾਂ ਨੂੰ ਆਂਚ ਨਹੀਂ ਆਉਣੀ ਚਾਹੀਦੀ, ਮੇਰੀ ਦਸਤਾਰ ਸਿਰ ਤੋਂ ਨਹੀਂ ਲਹਿਣੀ ਚਾਹੀਦੀ, ਕਛਿਹਰੇ ਦਾ ਬੰਨ੍ਹ ਬੱਝਿਆ ਰਹੇ, ਛਾਤੀ ਤੋਂ ਇਕ ਵੀ ਰੋਮ ਨਹੀਂ ਕੱਟਿਆ ਜਾਣਾ ਚਾਹੀਦਾ, ਮੈਨੂੰ ਖੂਨ ਨਾ ਚੜ੍ਹਾਇਆ ਜਾਵੇ, ਮੇਰੇ ਅਪ੍ਰੇਸ਼ਨ ਸਮੇਂ ਕੋਈ ਨਰਸ ਕੋਲ ਨਾ ਆਵੇ ਅਤੇ ਮੇਰੇ ਸਰੀਰ ਤੇ ਜ਼ਖ਼ਮਾਂ ਤੇ ਜਾਂ ਬੇਹੋਸ਼ੀ ਲਈ ਅਲਕੋਹਲ ਜਾਂ ਸ਼ਰਾਬ ਦੇ ਨਸ਼ੇ ਵਰਗੀ ਕੋਈ ਵੀ ਚੀਜ਼ (medicine) ਨਾ ਵਰਤੀ ਜਾਵੇ।" ਤਾਂ ਇਹ ਹਦਾਇਤਾਂ ਸੁਣਕੇ ਹਿੰਦੋਸਤਾਨ ਦੇ ਵੱਡੇ-ਵੱਡੇ ਡਾਕਟਰਾਂ ਨੇ ਹੱਥ ਖੜ੍ਹੇ ਕਰ ਦਿੱਤੇ, ਅਮਰੀਕਾ ਦੇ ਡਾਕਟਰਾਂ ਨੇ ਵੀ ਨਾਂਹ ਕਰ ਦਿੱਤੀ। ਆਸਟਰੇਲੀਆ ਦੇ ਇਕ ਰੋਇਲ ਐਡੀਲੇਡ ਹਸਪਤਾਲ ਦੇ ਡਾ. ਆਈ.ਕੇ. ਰੌਸ ਨੇ ਅਪ੍ਰੇਸ਼ਨ ਲਈ ਹਾਂ ਕਰ ਦਿੱਤੀ ਅਤੇ 16 ਜੁਲਾਈ 1991 ਈਸਵੀ ਨੂੰ ਸਫ਼ਲ ਅਪ੍ਰੇਸ਼ਨ ਹੋਇਆ। ਇਸ ਸਮੇਂ ਥਾਈਲੈਂਡ ਤੋਂ ਸਤਿਗੁਰੂ ਜੀ ਦੇ ਨਿੱਜੀ ਡਾਕਟਰ ਨਰਿੰਦਰਪਾਲ ਸਿੰਘ ਜੀ ਵੀ ਨਾਲ ਰਹੇ। ਅਪ੍ਰੇਸ਼ਨ ਤੋਂ ਬਾਅਦ ਡਾਕਟਰਾਂ ਵੱਲੋਂ ਜਦੋਂ ਸ੍ਰੀ ਸਤਿਗੁਰੂ ਜੀ ਨੂੰ ਪੁਛਿਆ ਗਿਆ ਕਿ ਇਨ੍ਹਾਂ ਸ਼ਰਤਾਂ ਨਾਲ ਅਪ੍ਰੇਸ਼ਨ ਕਰਨ ਸਮੇਂ ਆਪ ਜੀ ਦੀ ਜਾਨ ਨੂੰ ਵੀ ਖ਼ਤਰਾ ਹੋ ਸਕਦਾ ਸੀ, ਤੁਸੀਂ ਆਪਣੀ ਜ਼ਿੰਦਗੀ ਦਾ ਇਨ੍ਹਾਂ ਅਸੂਲਾਂ ਲਈ ਏਡਾ ਵੱਡਾ ਰਿਸਕ ਕਿਉਂ ਲਿਆ ਤਾਂ ਸਤਿਗੁਰੂ ਜੀ ਨੇ ਫਰਮਾਇਆ- "ਸਿੱਖ ਨੂੰ ਆਪਣੀ ਜ਼ਿੰਦਗੀ ਨਾਲੋਂ ਅਸੂਲ ਜ਼ਿਆਦਾ ਪਿਆਰੇ ਹੁੰਦੇ ਹਨ।"

ਸੰਗੀਤ ਦੇ ਖੇਤਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਵੱਡਮੁੱਲਾ ਯੋਗਦਾਨ ਹੀ ਨਹੀਂ ਸਗੋਂ ਸਤਿਗੁਰੂ ਜੀ ਪੂਰਬੀ ਸੰਗੀਤ ਦਾ ਇਕ ਧੁਰਾ ਸਨ। ਸੰਗੀਤ ਆਦਿ ਕਾਲ ਦੀ ਪ੍ਰੰਪਰਾ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਸਾਹਿਬਾਨ ਨੇ ਗੁਰਬਾਣੀ ਨੂੰ ਰਾਗਾਂ ਵਿਚ ਲਿਖਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਬਾਣੀ ਦੇ ਰਾਗਾਂ ਨੂੰ ਤੰਤੀ ਸਾਜਾਂ ਨਾਲ

ਗਾਇਆ। ਸਤਿਗੁਰੂ ਜੀ ਸ਼ਾਸ਼ਤਰੀ ਅਤੇ ਗੁਰਮਤਿ ਸੰਗੀਤ ਦੇ ਖੋਜਕਾਰ ਵਜੋਂ ਇਕਲੌਤੇ ਥੰਮ ਸਨ। ਉਹ ਆਪਣੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਹਿਨੁਮਾਈ ਹੇਠ 4½ ਸਾਲ ਦੀ ਉਮਰ ਤੋਂ ਹੀ ਸੰਗੀਤ ਸਿੱਖਣ ਲੱਗ ਗਏ ਸਨ। ਸਤਿਗੁਰੂ ਜੀ ਦੀ ਸੰਗੀਤ ਨੂੰ ਦੇਣ ਸਦਕਾ ਹੀ ਭੈਣੀ ਸਾਹਿਬ ਨੂੰ ਅੱਜ ਸੰਗੀਤ ਦੀ ਯੂਨੀਵਰਸਿਟੀ ਆਖਿਆ ਜਾਂਦਾ ਹੈ। ਸਤਿਗੁਰੂ ਜੀ ਭਾਵੇਂ ਸਾਰੇ ਇੰਸਟਰੂਮੈਂਟਸ ਅਤੇ ਵੋਕਲ ਦੇ ਧਨੰਤਰ ਮਾਹਰ ਸਨ ਪਰ ਉਨ੍ਹਾਂ ਦਾ ਮੁੱਖ ਪਸੰਦੀਦਾ ਸਾਜ਼ ਦਿਲਰੁਬਾ ਹੈ। ਉਨ੍ਹਾਂ ਸੰਗੀਤ ਖੇਤਰ ਵਿਚ ਨਵੀਆਂ ਖੋਜਾਂ ਕਰਕੇ ਸੰਗੀਤ ਖੇਤਰ ਨੂੰ ਹੋਰ ਅਮੀਰ ਬਣਾਇਆ। ਸ੍ਰੀ ਸਤਿਗੁਰੂ ਜੀ ਨੇ ਭਾਰਤੀ ਘਰਾਣਿਆਂ ਤੋਂ ਆਪਣੇ ਨਾਮਧਾਰੀ ਬੱਚਿਆਂ ਰਾਹੀਂ ਸੰਗੀਤ ਦੀਆਂ ਕਲਾਵਾਂ ਭੈਣੀ ਸਾਹਿਬ ਘਰਾਣੇ ਵਿਚ ਲਿਆਂਦੀਆਂ। ਸ੍ਰੀ ਸਤਿਗੁਰੂ ਜੀ ਦੀ ਸੰਗਤ ਵਿਚ ਉਸਤਾਦ ਵਲਾਇਤ ਖਾਂ, ਉਸਤਾਦ ਇਮਰਿਤ ਖਾਂ, ਉਸਤਾਦ ਅਮਜਦ ਅਲੀ ਖਾਂ, ਰਾਜਨ ਸਾਜਨ ਮਿਸ਼ਰਾ, ਪੰਡਿਤ ਰਵੀ ਸ਼ੰਕਰ, ਪੰਡਿਤ ਕਿਸ਼ਨ ਮਹਾਰਾਜ, ਉਸਤਾਦ ਸਲਾਮਤੀ ਅਲੀ, ਬਿਰਜੂ ਮਹਾਰਾਜ, ਪੰਡਿਤ ਸ਼ਿਵ ਕੁਮਾਰ ਵਰਗੇ ਕਲਾਕਾਰ ਆ ਕੇ ਨਤਮਸਤਕ ਹੁੰਦੇ ਸਨ। ਉਸਤਾਦ ਅਮਜਦ ਅਲੀ ਖਾਂ ਸ੍ਰੀ ਸਤਿਗੁਰੂ ਜੀ ਪ੍ਰਤੀ ਲਿਖਦੇ ਹਨ-

"ਹਮਾਰੇ ਪਿਤਾ ਜੀ ਹਮੇਸ਼ਾ ਕਹਿਤੇ ਥੇ ਕਿ ਸ਼ਾਸ਼ਤਰੀ ਸੰਗੀਤ ਕੀ ਸੇਵਾ ਹਰ ਇਨਸਾਨ ਨਹੀਂ ਕਰ ਸਕਦਾ। ਯਾਂ ਤੋ ਇਸੇ ਕਰਨੇ ਵਾਲਾ ਬਾਦਸ਼ਾਹ ਹੋ ਜਾਂ ਫਕੀਰ ਹੋ। ਬਾਦਸ਼ਾਹ ਔਰ ਫਕੀਰ ਕੇ ਬੀਚ ਵਾਲੇ ਕਾ ਯੇਹ ਕਾਮ ਨਹੀਂ। ਸਤਿਗੁਰੂ ਜਗਜੀਤ ਸਿੰਘ ਜੀ ਬਾਦਸ਼ਾਹ ਭੀ ਹੈਂ ਔਰ ਫਕੀਰ ਭੀ। ਆਪ ਏਕ ਐਸੀ ਰੌਸ਼ਨੀ ਹੈਂ ਜੋ ਪੂਰੇ ਹਿੰਦੋਸਤਾਨ ਕੋ ਰਾਸਤਾ ਦਿਖਾ ਰਹੇਂ ਹੈ।"

ਸਤਿਗੁਰੂ ਜਗਜੀਤ ਸਿੰਘ ਜੀ ਮਨੁੱਖਤਾ ਦੇ ਨਾਲ-ਨਾਲ ਪਸ਼ੂ, ਪੰਛੀਆਂ ਅਤੇ ਜੀਵ ਜੰਤੂਆਂ ਨਾਲ ਡਾਢਾ ਮੋਹ ਕਰਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦਾ ਮੋਰਾਂ ਨਾਲ ਬਹੁਤ ਪਿਆਰ ਸੀ ਜਦੋਂ ਸ੍ਰੀ ਸਤਿਗੁਰੂ ਜੀ ਭੈਣੀ ਸਾਹਿਬ ਪਾਰਕ ਵਿਚ ਬੈਠਦੇ ਤਾਂ ਮੋਰ ਉਨ੍ਹਾਂ ਦੇ ਹੱਥੋਂ ਸੁੱਕੇ ਮੇਵੇ ਅਤੇ ਪਸੰਦੀ ਦੀਆਂ ਚੀਜ਼ਾਂ ਛਕਦੇ। ਸਤਿਗੁਰੂ ਜੀ ਉਂਗਲਾਂ ਦੇ ਪੋਟਿਆਂ ਨਾਲ ਮੋਰਾਂ ਲਈ ਲਾਹੇਵੰਦ ਫਲ ਉਨ੍ਹਾਂ ਨੂੰ ਚੁੰਝ ਰਾਹੀਂ ਖਵਾਉਂਦੇ। ਅਮ੍ਰਿਤਾ ਪ੍ਰੀਤਮ ਨੇ ਸ੍ਰੀ ਸਤਿਗੁਰੂ ਜੀ ਨੂੰ 'ਮੋਰਾਂ ਵਾਲੇ ਪਾਤਸ਼ਾਹ' ਆਖਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਉਗ੍ਰ ਦੰਤੀ ਵਿਚ ਲਿਖੇ ਸ਼ਬਦ-

ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ।

ਮੁਤਾਬਕ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਗਊਆਂ ਦੀ ਰੱਖਿਆ ਅਤੇ ਸਾਂਭ-ਸੰਭਾਲ ਹੋ ਰਹੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਨੇ ਗਊਆਂ ਤੋਂ ਦੁੱਧ ਅਤੇ ਘਿਉ ਦੀ ਰਿਕਾਰਡ ਪੈਦਾਵਾਰ ਕਰਕੇ ਅਚੰਭਿਤ ਪ੍ਰਾਪਤੀਆਂ ਕੀਤੀਆਂ ਹਨ। ਸ੍ਰੀ ਸਤਿਗੁਰੂ ਜੀ ਗਊਆਂ ਨੂੰ ਬਹੁਤ ਪਿਆਰ ਕਰਦੇ ਸਨ। ਉਹ ਹੱਥੀਂ ਗਊਆਂ ਨੂੰ ਗੁੜ ਚਾਰਦੇ, ਵੰਡ ਪਾਉਂਦੇ, ਥਾਪੜੇ ਦੇ ਕੇ ਪਿਆਰ ਕਰਦੇ ਅਤੇ ਖੁਦ ਕਈ ਵਾਰ ਧਾਰਾਂ ਵੀ ਕੱਢਦੇ। ਸ੍ਰੀ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਸਦਕਾ ਭੈਣੀ ਸਾਹਿਬ ਦੀਆਂ ਗਊਆਂ ਨੇ ਹਿੰਦੋਸਤਾਨ ਪੱਧਰ ਦੇ ਮੁਕਾਬਲਿਆਂ ਵਿਚ ਸਰਵੋਤਮ ਇਨਾਮ ਪ੍ਰਾਪਤ ਕੀਤੇ ਤੇ ਕਰ ਰਹੀਆਂ ਹਨ। ਭੈਣੀ ਸਾਹਿਬ ਵਿਚ ਸਾਹੀਵਾਲ, ਥਾਰਪਾਰਕਰ ਅਤੇ ਐਚ.ਐਫ. ਨਸਲ ਦੀਆਂ 250 ਦੇ ਕਰੀਬ ਗਊਆਂ ਹਨ। ਇਥੇ ਗਊਆਂ ਦੇ ਵੱਛਰੇ ਵੱਛਰੀਆਂ ਰੱਸਿਆਂ ਨਾਲ ਬੰਨ੍ਹੇ ਹੋਏ ਨਹੀਂ ਹੁੰਦੇ ਸਗੋਂ ਇਕ ਖੁੱਲ੍ਹੀ 4 ਕੁ ਫੁਟ ਦੀ ਚਾਰ ਦਿਵਾਰੀ ਅੰਦਰ ਆਜ਼ਾਦ ਹੁੰਦੇ ਹਨ। ਭੈਣੀ ਸਾਹਿਬ ਵਿਚ ਹਰ ਗਊ ਦਾ ਨਾਂਅ ਰੱਖਿਆ ਹੋਇਆ ਹੈ ਜਿਸ ਗਊ ਦਾ ਨਾਂਅ ਲੈ ਕੇ ਬੱਚੇ (ਵੱਛਰੇ) ਨੂੰ ਆਵਾਜ਼ ਮਾਰੀ ਜਾਂਦੀ ਹੈ ਸਿਰਫ ਉਸੇ ਗਊ ਦਾ ਬੱਚਾ ਆਉਂਦਾ ਹੈ ਅਤੇ ਹਦਾਇਤ ਮੁਤਾਬਕ ਆਪਣੀ ਮਾਂ ਦਾ ਦੁੱਧ ਚੁੰਘਣਾ ਸ਼ੁਰੂ ਕਰ ਦਿੰਦਾ ਹੈ। ਭੈਣੀ ਸਾਹਿਬ ਦੀਆਂ ਗਊਆਂ ਦੀਆਂ ਵੱਡੀਆਂ ਪ੍ਰਾਪਤੀਆਂ ਵੱਲ ਨਜ਼ਰ ਮਾਰੀਏ ਤਾਂ ਉਹ ਸੈਂਕੜੇ ਹਨ। ਉਦਾਹਰਣ ਪੱਖੋਂ-

"ਡੰਗੋ" ਨਾਂਅ ਦੀ ਗਊ ਨੇ- 64 ਪੌਂਡ ਦੁੱਧ ਦਿੱਤਾ।

"ਪੁਤਲੀ" ਨਾਮਕ ਗਊ ਨੇ- 63 ਪੌਂਡ ਦੁੱਧ ਦਿੱਤਾ।

"ਨੌ ਲੱਖੀ" ਗਊ ਨੇ- 74 ਪੌਂਡ ਦੁੱਧ ਦੇ ਕੇ ਭਾਰਤ ਦੀ ਨੰਬਰ ਇਕ ਗਊ ਹੋਣ ਦਾ ਰੁਤਬਾ ਹਾਸਲ ਕੀਤਾ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਗਊਆਂ ਨਾਲ ਪਿਆਰ ਅਤੇ ਗਊਆਂ ਦੀ ਸਾਂਭ-ਸੰਭਾਲ ਦੇਖਦੇ ਹੋਏ ਸ੍ਰੀ ਸਤਿਗੁਰੂ ਜੀ ਨੂੰ ਗੋਵਰਧਨ ਸੰਮਤੀ ਵੱਲੋਂ 23 ਮਾਰਚ 1965 ਈਸਵੀ ਨੂੰ ਹੈਦਰਾਬਾਦ ਵਿਖੇ "ਗੋਪਾਲ ਰਤਨ" ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਹਾਨੀ ਵਿਅਕਤਿਤਵ ਨੇ ਮਨੁੱਖ ਨੂੰ ਸਰੀਰਕ ਤੌਰ ਤੇ ਬਲਵਾਨ ਬਣਣ ਦੀ ਵੀ ਪ੍ਰੇਰਣਾ ਦਿੱਤੀ। ਜਿਥੇ ਸਤਿਗੁਰੂ ਜੀ ਖੁਦ ਘੋੜ ਸਵਾਰੀ, ਬੈਡਮਿੰਟਨ, ਤੈਰਾਕੀ ਦੇ ਕਮਾਲ ਦੇ ਮਾਹਰ ਸਨ, ਉਥੇ

ਨਾਮਧਾਰੀਆਂ ਨੇ ਰੱਸਾਕਸੀ, ਬੈਡਮਿੰਟਨ ਅਤੇ ਹਾਕੀ ਵਿਚ (ਖਾਸ ਤੌਰ ਤੇ ਸਿੱਖੀ ਪਹਿਰਾਵੇ ਵਿਚ) ਅੰਤਰਰਾਸ਼ਟਰੀ ਪੱਧਰ ਦੀਆਂ ਪ੍ਰਾਪਤੀਆਂ ਕੀਤੀਆਂ ਹਨ। 1974 ਈਸਵੀ ਵਿਚ ਸ੍ਰੀ ਸਤਿਗੁਰੂ ਜੀ ਨੇ ਆਪਣੀ ਹਾਕੀ ਟੀਮ ਦੇ ਖਿਡਾਰੀ ਗੁਰਮੁਖੀ ਪਹਿਰਾਵੇ ਵਿਚ ਟਰਾਇਲ ਦੇਣ ਲਈ ਪਟਿਆਲੇ ਭੇਜੇ। ਉਸ ਸਮੇਂ ਦੇ ਕੋਚ ਨੇ ਟਰਾਇਲ ਲੈਣ ਤੋਂ ਇਹ ਆਖ ਕੇ ਨਾਂਹ ਕਰ ਦਿੱਤੀ ਕਿ ਕਛਿਹਰੇ ਬੁਨੈਣਾ ਬਦਲ ਕੇ ਟਰੈਕ ਸੂਟ ਪਾ ਕੇ ਆਉ। ਫਿਰ ਸਤਿਗੁਰੂ ਜੀ ਨੇ ਆਪਣੇ ਖਿਡਾਰੀ ਗੁਰਸਿੱਖੀ ਪਹਿਰਾਵੇ ਕਛਿਹਰੇ, ਬੁਨੈਣ ਅਤੇ ਸਿਰ ਤੇ ਦਸਤਾਰ ਬੰਨ੍ਹ ਕੇ ਖਿਡਾਏ। ਨਾਮਧਾਰੀ ਖਿਡਾਰੀਆਂ ਨੇ ਮੁਕਾਬਲਿਆਂ ਵਿਚ ਦੇਸ਼ ਦੀਆਂ ਪ੍ਰਮੁੱਖ ਟੀਮਾਂ ਦੇ ਨੱਕ ਮੋੜ ਦਿੱਤੇ। ਇਨ੍ਹਾਂ ਖਿਡਾਰੀਆਂ ਨੇ ਅੰਤਰਰਾਸ਼ਟਰੀ ਪੱਧਰ ਦੀਆਂ ਪ੍ਰਾਪਤੀਆਂ ਕੀਤੀਆਂ ਅਤੇ ਅੱਜ ਵੀ ਕਰ ਰਹੇ ਹਨ। ਅੱਜ ਭਾਰਤੀ ਹਾਕੀ ਟੀਮ ਦਾ ਕਪਤਾਨ ਸਰਦਾਰ ਸਿੰਘ, ਨਾਮਧਾਰੀ ਹਾਕੀ ਟੀਮ ਦੀ ਹੀ ਪ੍ਰਾਪਤੀ ਹੈ। ਪੰਜਾਬ ਵਿਚ ਅਸਟਰੋਟਰਫ ਗਰਾਊਂਡ ਬਨਣ ਦਾ ਸਭ ਤੋਂ ਪਹਿਲਾ ਮਾਣ ਵੀ ਭੈਣੀ ਸਾਹਿਬ ਦੀ ਝੋਲੀ ਵਿਚ ਜਾਂਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਖੇਤੀਬਾੜੀ ਖੇਤਰ ਨੂੰ ਦੇਣ ਵੱਲ ਨਜ਼ਰ ਮਾਰੀਏ ਤਾਂ ਜੀਵਨ ਨਗਰ ਇਲਾਕੇ ਵਾਲੀ ਟਿੱਬੇ ਵਾਲੀ ਜ਼ਮੀਨ ਪ੍ਰਤੀ ਪੰਜਾਬ ਐਗ੍ਰੀਕਲਚਰ ਯੂਨੀਵਰਸਿਟੀ ਅਤੇ ਹਰਿਆਣਾ ਐਗਰੀਕਲਚਰ ਯੂਨੀਵਰਸਿਟੀ ਨੇ ਖੋਜ ਕਾਰਜਾਂ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੂੰ ਇਹ ਆਖ ਦਿੱਤਾ ਸੀ ਕਿ ਇਸ ਜ਼ਮੀਨ ਵਿਚ ਕੁਝ ਵੀ ਨਹੀਂ ਉਗਾਇਆ ਜਾ ਸਕਦਾ। ਪਰ ਸਰਬ ਕਲਾ ਸਮਰਥ ਸਤਿਗੁਰੂ ਜੀ ਨੇ ਟਰੈਕਟਰਾਂ ਨਾਲ ਮਿੱਟੀ ਉਪਰੋ ਥਲੀ ਪਲਟੀ ਕਰਵਾ ਕੇ ਇਸ ਜ਼ਮੀਨ ਵਿਚ 32 ਪ੍ਰਤੀਸ਼ਤ ਸ਼ੂਗਰ ਵਾਲੇ ਅੰਗੂਰ, ਦਰਜ਼ਨਾਂ ਕਿਸਮ ਦੇ ਪੇਂਦੂ ਬੇਰ, ਕਿੰਨੂੰ ਅਤੇ ਫੁੱਲਾਂ ਦੀਆਂ ਕਿਸਮਾਂ ਪੈਦਾ ਕਰਕੇ ਇਕ ਸਫਲ ਖੋਜੀ ਕਿਸਾਨ ਹੋਣ ਦਾ ਸਬੂਤ ਦਿੱਤਾ। ਉਨ੍ਹਾਂ ਸਰਦ ਪਹਾੜੀ ਇਲਾਕਿਆਂ ਵਿਚ ਹੋਣ ਵਾਲਾ ਪਿਸਤਾ ਵੀ ਟਿੱਬਿਆਂ ਤੇ ਉਗਾ ਕੇ ਦਿਖਾ ਦਿੱਤਾ। ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਹੀ ਨਾਮਧਾਰੀ ਸੀਡਜ਼ ਕੰਪਨੀ ਨੇ ਆਰਗੈਨਿਕ ਖੇਤੀ ਦੀਆਂ ਨਵੀਨਤਮ ਖੋਜਾਂ ਦੇ ਤੌਰ 'ਤੇ ਅੰਤਰਰਾਸ਼ਟਰੀ ਪ੍ਰਸਿਧੀ ਹਾਸਲ ਕੀਤੀ ਹੈ। ਨਾਮਧਾਰੀ ਸੀਡਜ਼ ਕੰਪਨੀ ਦੇ ਖਰਬੂਜੇ, ਸ਼ਿਮਲਾ ਮਿਰਚ, ਭਿੰਡੀ, ਮਟਰ, ਗਾਜਰ, ਤਰਬੂਜ, ਗੋਭੀ, ਲੌਕੀ, ਕਰੇਲਾ, ਟਮਾਟਰ ਅਤੇ ਫੁੱਲਾਂ ਦੀ ਖੇਤੀ ਨੇ ਪ੍ਰਮੁੱਖ ਮਾਨ ਸਨਮਾਨ ਹੀ ਪ੍ਰਾਪਤ ਨਹੀਂ ਕੀਤੇ ਸਗੋਂ ਅੱਜ ਵੀ ਨਵੀਆਂ ਖੋਜਾਂ ਰਾਹੀਂ ਨਵੇਂ ਰਹੱਸ ਸਾਹਮਣੇ ਲਿਆ ਕੇ ਹੈਰਾਨੀਜਨਕ ਪ੍ਰਾਪਤੀਆਂ ਹੋ ਰਹੀਆਂ ਹਨ। ਬੰਗਲੌਰ ਦੇ 6½ ਕਿਲੋਮੀਟਰ ਵਿਚ ਫੈਲੇ ਖੇਤੀਬਾੜੀ ਫਾਰਮ ਵਿਚ 40 ਕਿਸਮ ਦਾ ਅੰਬ ਉਗਾਇਆ ਜਾ ਰਿਹਾ ਹੈ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਨਾਮਧਾਰੀ ਫਾਰਮ ਵਿਚ ਹੁਣ ਅਕਤੂਬਰ ਮਹੀਨੇ ਵਿਚ ਪੈਦਾ ਹੋਣ ਵਾਲੇ ਅੰਬ ਦੀ ਕਿਸਮ ਖੋਜ ਲਈ ਗਈ ਹੈ। ਜਦੋਂ ਕਿ ਭਾਰਤ ਵਿਚ ਅਗਸਤ ਦੇ ਅੱਧ ਤੱਕ ਅੰਬ ਦੀ ਫਸਲ ਬਾਜ਼ਾਰਾਂ ਵਿਚ ਆਉਣੋ ਵੀ ਬੰਦ ਹੋ ਜਾਂਦੀ ਹੈ। ਸਤਿਗੁਰੂ ਜੀ ਦੀਆਂ ਕੋਸ਼ਿਸ਼ਾਂ ਸਦਕਾ ਭੈਣੀ ਸਾਹਿਬ ਵਿਚ ਅਨੇਕਾਂ ਰੁੱਖ ਦੇਸ਼ੋ-ਵਿਦੇਸ਼ੋ ਲਿਆ ਕੇ ਇਥੇ ਉਗਾਏ ਗਏ ਹਨ। ਚੰਦਨ ਦੀ ਮਹਿਕ ਵੀ ਭੈਣੀ ਸਾਹਿਬ ਦੀ ਧਰਤੀ ਤੋਂ ਲਈ ਜਾ ਸਕਦੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਸਰਬ ਕਲਾਵਾਂ ਦੇ ਸੁਆਮੀ ਸਨ। ਸਤਿਗੁਰੂ ਜੀ ਦੀ ਸਮਾਜਿਕ ਖੇਤਰ ਨੂੰ ਦੇਣ ਸਬੰਧੀ ਘੋਖੀਏ ਤਾਂ ਉਨ੍ਹਾਂ ਦੁਨਿਆਵੀ ਤੌਰ 'ਤੇ ਬੱਚੇ ਦੇ ਜਨਮ ਤੋ ਲੈ ਕੇ ਬਿਰਧ ਹੋਣ ਤੱਕ ਦੇ ਮਨੁੱਖਤਾ ਦੇ ਹਰ ਪੜਾਅ ਦਾ ਬਹੁਤ ਹੀ ਸਹਜਤਾ ਨਾਲ ਖਿਆਲ ਰੱਖਿਆ। ਉਨ੍ਹਾਂ ਬੱਚਿਆਂ ਦੀ ਮੁੱਢਲੀ ਪੜ੍ਹਾਈ ਤੋਂ ਲੈ ਕੇ ਸਮਾਜਿਕ ਵਿਕਾਸ, ਸਮਾਜਿਕ ਬਰਾਬਰਤਾ, ਰੁਜ਼ਗਾਰ, ਕਾਰੋਬਾਰ, ਆਰਥਿਕ ਖੁਸ਼ਹਾਲੀ, ਤੰਦਰੁਸਤ ਜੀਵਨ ਜਿਉਣ ਲਈ ਢੇਰ ਉਪਰਾਲੇ ਕੀਤੇ। ਉਨ੍ਹਾਂ ਫੋਕੀਆਂ ਸਮਾਜਿਕ ਰਸਮਾਂ, ਵਿਆਹ ਰਸਮਾਂ, ਦਾਜ ਦਹੇਜ, ਮੰਗਣਾ, ਠਾਕਾ, ਮੁਕਲਾਵਾ, ਮਰਨਾ, ਲੈਣ ਦੇਣ ਤੋਂ ਛੁਟਕਾਰਾ ਦੁਆ ਕੇ ਅਸਾਨ ਜੀਵਨ ਦੀ ਨਾਮਧਾਰੀਆਂ ਰਾਹੀਂ ਇਕ ਉਦਾਹਰਣ ਪੇਸ਼ ਕਰ ਦਿੱਤੀ। ਉਨ੍ਹਾਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਚਲਾਈ ਅਨੰਦ ਮਰਯਾਦਾ ਨੂੰ ਕਲਯੁੱਗ ਵਿਚ ਇਕ ਸਤਿਜੁਗੀ ਉਦਾਹਰਣ ਵਜੋਂ ਪੇਸ਼ ਕਰ ਦਿੱਤਾ। ਨਾਮਧਾਰੀਆਂ ਵਿਚ ਲੜਕੀ ਨਾ ਮਾਰਨ ਦੀ ਪਾਬੰਦੀ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਤਿਗੁਰੂ ਰਾਮ ਸਿੰਘ ਚੇਅਰ ਦੇ ਮੁਖੀ ਡਾ. ਜੋਗਿੰਦਰ ਸਿੰਘ ਨੇ ਨਾਮਧਾਰੀ ਸਮਾਜ ਦੀ ਮਰਦਮ ਸ਼ੁਮਾਰੀ ਕਰਵਾ ਕੇ ਇਹ ਖੁਲਾਸਾ ਕਰ ਦਿੱਤਾ ਹੈ ਕਿ ਜਿੱਥੇ ਪੰਜਾਬ ਵਿਚ ਲੜਕੇ ਲੜਕੀਆਂ ਦੀ ਗਿਣਤੀ 1000 ਲੜਕੇ ਪਿੱਛੇ 780 ਲੜਕੀਆਂ ਹਨ, ਉਥੇ ਨਾਮਧਾਰੀ ਸਮਾਜ ਵਿਚ 1000 ਲੜਕੇ ਪਿੱਛੇ 992 ਲੜਕੀਆਂ ਹਨ। ਸਤਿਗੁਰੂ ਜੀ ਨੇ ਪੰਜਾਬੀ ਮਾਂ ਬੋਲੀ, ਗੁਰਬਾਣੀ, ਸੰਗੀਤ ਅਤੇ ਨਵੀਂ ਵਿਗਿਆਨਕ ਤਕਨਾਲੋਜੀ ਨਾਲ ਲਬਰੇਜ਼ ਸਕੂਲ ਖੋਲ੍ਹ, ਅਕੈਡਮੀਆਂ ਦੀ ਸਥਾਪਨਾ ਕੀਤੀ। ਇਨ੍ਹਾਂ ਸਕੂਲਾਂ ਕਾਲਜਾਂ ਵਿਚ ਬੱਚੇ ਆਪਣੇ ਧਰਮ, ਵਿਰਸੇ, ਸੱਭਿਆਚਾਰ, ਸੰਸਕ੍ਰਿਤੀ ਨਾਲ ਜੁੜ ਕੇ ਆਪਣੇ ਗੁਰਮੁਖੀ ਪਹਿਰਾਵੇ ਵਿਚ ਪੜ੍ਹਦੇ ਹਨ। ਪਾਠਸ਼ਾਲਾਵਾਂ ਦੇ ਮੁਖ ਨਾਂਅ ਅਤੇ ਵਿਦਿਅਕ ਖੇਤਰ ਵਿਚ ਹੇਠ ਲਿਖੀਆਂ ਮੁੱਖ

ਪ੍ਰਾਪਤੀਆਂ ਹਨ-

1. ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਸ੍ਰੀ ਭੈਣੀ ਸਾਹਿਬ।

2. ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ, ਨਵੀਂ ਦਿੱਲੀ।

3. ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ, ਜੀਵਨ ਨਗਰ

4. ਗੁਰੂ ਹਰੀ ਸਿੰਘ ਮਹਾਂ ਵਿਦਿਆਲਾ, ਜੀਵਨ ਨਗਰ, ਹਰਿਆਣਾ

5. ਗੁਰੂ ਹਰੀ ਸਿੰਘ ਕਾਲਜ, ਜੀਵਨ ਨਗਰ

6. ਸ੍ਰੀ ਸਤਿਗੁਰੂ ਜੀ ਦੀ ਮਿਹਨਤ ਸਦਕਾ ਮੰਡੀ ਹਿਮਾਚਲ ਪ੍ਰਦੇਸ, ਸਰਸਾ ਅਤੇ ਬੈਂਕਾਕ ਵਿਚ ਵੀ ਵਿਦਿਅਕ ਸੰਸਥਾਵਾਂ ਚੱਲ ਰਹੀਆਂ ਹਨ।

7. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਗੁਰੂ ਰਾਮ ਸਿੰਘ ਚੇਅਰ ਦੀ ਸਥਾਪਨਾ ਹੋਈ। ਖੋਜ ਕਾਰਜ ਚਾਲੂ ਹਨ।

8. ਵਾਰਾਨਸੀ ਯੂਨੀਵਰਸਿਟੀ ਬਨਾਰਸ ਵਿਚ ਵੀ ਸਤਿਗੁਰੂ ਰਾਮ ਸਿੰਘ ਚੇਅਰ ਹੈ ਅਤੇ ਖੋਜ ਕਾਰਜ ਚਾਲੂ ਹਨ।

9. ਸਤਿਗੁਰੂ ਜੀ ਨੇ ਨਾਮਧਾਰੀ ਲੜਕੇ ਲੜਕੀਆਂ ਦੇ ਸੁਨਹਿਰੇ ਭਵਿੱਖ ਲਈ 1962 ਈਸਵੀ ਵਿਚ ਨਾਮਧਾਰੀ ਵਿਦਿਅਕ ਜਥੇ ਦੀ ਸਥਾਪਨਾ ਕੀਤੀ ਜਿਸ ਵਿਚੋਂ ਵਿਸ਼ਵ ਭਰ ਵਿਚੋਂ 4 ਸਾਲ ਤੋਂ ਲੈ ਕੇ 35 ਸਾਲ ਤੱਕ ਦੇ ਨੌਜਵਾਨ ਲੜਕੇ ਲੜਕੀਆਂ ਅਰਦਾਸ, ਗੁਰਬਾਣੀ ਕੰਠ, ਸੰਗੀਤ, ਭਾਸ਼ਣ, ਲਿਖਤੀ ਇਤਿਹਾਸਕ ਪ੍ਰਤੀਯੋਗਤਾਵਾਂ, ਖੇਡ ਮੁਕਾਬਲੇ, ਪੇਂਟਿੰਗ ਮੁਕਾਬਲੇ, ਨਾਮ ਸਿਮਰਨ ਪ੍ਰਤੀਯੋਗਤਾਵਾਂ ਵਿਚ ਭਾਗ ਲੈਂਦੇ ਹਨ। ਜੇਤੂਆਂ ਨੂੰ ਇਨਾਮਾ ਸਨਮਾਨਾ ਨਾਲ ਨਿਵਾਜਿਆ ਜਾਂਦਾ ਹੈ। ਨਾਮਧਾਰੀ ਵਿਦਿਅਕ ਜਥੇ ਵੱਲੋਂ ਭਾਰਤ ਦੇ ਵੱਖ-ਵੱਖ ਕੋਨਿਆਂ ਵਿਚ ਜਿਥੇ ਨਾਮਧਾਰੀ ਪਰਿਵਾਰਾਂ ਦੀ ਕਾਫੀ ਗਿਣਤੀ ਹੈ, ਉਥੇ ਗੁਰਮਤਿ ਸਿਖਲਾਈ ਸਮਾਗਮ ਦੇ ਕੈਂਪ ਲਾ ਕੇ ਬੱਚਿਆਂ ਨੂੰ ਗੁਰਸਿੱਖੀ ਜੀਵਨ ਜਾਚ ਦੀ ਸਿੱਖਿਆ ਦਿੱਤੀ ਜਾਂਦੀ ਹੈ।

10. ਸਿਹਤ ਸਹੂਲਤਾਂ ਪੱਖੋਂ ਨਜ਼ਰ ਮਾਰੀਏ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਦੁਨੀਆਂ ਪੱਧਰ ਦੀਆਂ ਸਿਹਤ ਸਹੂਲਤਾਂ ਨਾਲ ਲੈਸ ਲੁਧਿਆਣਾ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਖੋਲ੍ਹਿਆ ਗਿਆ ਹੈ, ਜਿਸ ਵਿਚ ਅਤੀ ਗਰੀਬ ਪਰਿਵਾਰਾਂ ਦਾ ਖਰਚ ਭੈਣੀ ਸਾਹਿਬ ਵੱਲੋਂ ਦਿੱਤਾ ਜਾਂਦਾ ਹੈ।

11. ਭੈਣੀ ਸਾਹਿਬ ਵਿਚ ਕੁਦਰਤੀ ਇਲਾਜ ਕੇਂਦਰ ਅਤੇ ਅਯੁਰਵੈਦਿਕ ਦਵਾਖਾਨਾ ਵੀ ਖੋਲ੍ਹਿਆ ਹੋਇਆ ਹੈ।

12. ਸਤਿਗੁਰੂ ਜੀ ਨੇ ਮਨੁੱਖਾ ਜ਼ਿੰਦਗੀ ਦੇ ਹਰ ਪੜਾਅ ਸਬੰਧੀ ਸਹਿਜਤਾ ਅਤੇ ਗੰਭੀਰਤਾ ਨਾਲ ਸੋਚਿਆ ਅਤੇ ਅਮਲ ਵਿਚ ਲਿਆਂਦਾ ਜਿਸਦੀ ਉਦਾਹਰਣ ਭੈਣੀ ਸਾਹਿਬ ਦੀ ਬਿਰਧਸ਼ਾਲਾ ਤੋਂ ਮਿਲਦੀ ਹੈ। ਭੈਣੀ ਸਾਹਿਬ ਬਿਰਧਸ਼ਾਲਾ ਵਿਚ ਸੈਂਕੜੇ ਬਜ਼ੁਰਗ ਹਨ ਜਿਨ੍ਹਾਂ ਨੂੰ ਏ.ਸੀ. ਤੋਂ ਲੈ ਕੇ ਹੀਟਰ ਤੱਕ ਦੀਆਂ ਸਹੂਲਤਾਂ ਦਿੱਤੀਆਂ ਹੋਈਆਂ ਹਨ। ਸਤਿਗੁਰੂ ਜੀ ਖੁਦ ਜਾ ਕੇ ਇਨ੍ਹਾਂ ਬਜ਼ੁਰਗਾਂ ਦਾ ਹਾਲ ਚਾਲ ਪੁਛਦੇ ਸਨ, ਪਿਆਰ ਕਰਦੇ ਅਤੇ ਉਨ੍ਹਾਂ ਨੂੰ ਹੱਥੀਂ ਫਲ ਅਤੇ ਮੇਵੇ ਵੰਡਦੇ ਸਨ।

ਕੂਕਾ ਅੰਦੋਲਨ ਆਜ਼ਾਦੀ ਸੰਘਰਸ਼ ਦਾ ਪ੍ਰਥਮ ਅੰਦੋਲਨ ਹੈ। ਇਸ ਅੰਦੋਲਨ ਵਿਚ ਪੂਰੇ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚੋਂ ਸੈਂਕੜੇ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ। ਇਨ੍ਹਾਂ ਯੋਧਿਆਂ ਸੂਰਬੀਰਾਂ ਦੀਆਂ ਯਾਦਗਾਰਾਂ ਵੱਲ ਵੀ ਸਤਿਗੁਰੂ ਜੀ ਨੇ ਉਚੇਚਾ ਧਿਆਨ ਦਿੱਤਾ। ਅੱਜ ਲੁਧਿਆਣਾ, ਰਾਏਕੋਟ, ਮਲੇਰਕੋਟਲਾ, ਅੰਮ੍ਰਿਤਸਰ ਵਿਖੇ ਸੁੰਦਰ ਬਾਗ ਬਗੀਚਿਆਂ ਅਤੇ ਉਸਾਰੀਆਂ ਨਾਲ ਇਹ ਅਸਥਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਦੀ ਯਾਦ ਤਾਜਾ ਕਰਵਾਉਂਦੇ ਹਨ।

ਤਪੋ ਭੂਮੀ ਭੈਣੀ ਸਾਹਿਬ ਵੱਲ ਨਜ਼ਰ ਮਾਰੀਏ ਤਾਂ ਭਾਰਤ ਦਾ ਸਭ ਤੋਂ ਵੱਡਾ ਬਿਨਾ ਥਮਲਿਆਂ ਵਾਲਾ ਹਾਲ, ਪਾਤਾਲ ਵਿਚੋਂ ਪਾਣੀ ਤੱਕ ਬਣਿਆ ਹੋਇਆ ਸਰੋਵਰ, ਖੇਡ ਸਟੇਡੀਅਮ, ਇੰਨਡੋਰ ਸਟੇਡੀਅਮ, ਐਸਟਰੋਟਰਫ ਹਾਕੀ ਗਰਾਊਂਡ, ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਅਸਥਾਨ ਰਾਈਆਂ, ਹਰੀ ਮੰਦਰ, ਹਿੰਦੋਸਤਾਨ ਦਾ ਪਹਿਲਾ ਮਿਨੀਏਚਰ ਪਾਰਕ, ਲੰਗਰ ਹਾਲ, ਸੰਗੀਤ ਹਾਲ, ਬਾਗ ਵਾਲੀ ਕੋਠੀ, ਲਾਇਬਰੇਰੀ, ਬਿਰਧਸ਼ਾਲਾ, ਭੈਣੀ ਸਾਹਿਬ ਦਾ ਸੁੰਦਰ ਹਰਿਆਵਲ ਭਰਿਆ ਟਹਿਕਦਾ ਚਾਰ ਚੁਫੇਰਾ ਸਤਿਗੁਰੂ ਜੀ ਦੀ ਲਗਨ, ਮਿਹਨਤ ਅਤੇ ਸਮਰਪਣ ਭਾਵਨਾ ਦਾ ਨਤੀਜਾ ਹੈ।

ਅੱਜ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਦਿਲੀ ਇਛਾਵਾਂ ਮੁਤਾਬਕ ਪੰਜਾਬ ਵਿਚ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਥਾਂ-ਥਾਂ ਸੈਮੀਨਾਰ ਹੋ ਰਹੇ ਹਨ। ਪਾਰਕਾਂ, ਸਟੇਡੀਅਮਾਂ, ਸਕੂਲਾਂ, ਬੱਸ ਅੱਡਿਆਂ, ਲਾਇਬਰੇਰੀਆਂ ਦੇ ਨਾਂਅ ਸ਼ਹੀਦਾਂ ਦੇ ਨਾਂਵਾਂ ਉੱਤੇ ਰੱਖੇ ਜਾਂ ਰਹੇ ਹਨ। ਪੰਜਾਬ ਸਰਕਾਰ ਵੱਲੋਂ ਜਿਥੇ ਸੜਕਾਂ ਦੇ ਨਾਂਅ ਸਤਿਗੁਰੂ ਰਾਮ ਸਿੰਘ ਮਾਰਗ ਅਤੇ ਨਾਮਧਾਰੀ ਸ਼ਹੀਦੀ ਮਾਰਗ ਰੱਖੇ ਹੋਏ ਹਨ ਉਥੇ ਕੂਕਾ

ਅੰਦੋਲਨ ਦੇ 150 ਵਰ੍ਹੇ ਤੇ ਕੂਕਾ ਅੰਦੋਲਨ ਸਬੰਧੀ ਸਿੱਕਾ ਵੀ ਜਾਰੀ ਹੋ ਗਿਆ ਹੈ ਅਤੇ ਪਾਤਸ਼ਾਹ ਜੀ ਦੀ ਤਮੰਨਾ ਮੁਤਾਬਕ ਪਾਰਲੀਮੈਂਟ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਵੱਡੀ ਤਸਵੀਰ ਨਾਮਧਾਰੀ ਸੰਪਰਦਾਇ ਦੇ ਵਿਕਾਸ ਦੀ ਮੂੰਹੋਂ ਬੋਲਦੀ ਤਸਵੀਰ ਹੈ।

ਸਰਬ ਗੁਣੀ ਨਿਧਾਨ ਬੇਅੰਤ ਪਾਤਸ਼ਾਹ ਜੀ ਸਾਹਿਤਕਾਰਾਂ ਨਾਲ ਵੀ ਉਚੇਚੇ ਤੌਰ ਤੇ ਜੁੜੇ ਹੋਏ ਸਨ। ਉਨ੍ਹਾਂ ਜਿੱਥੇ ਵਿਸ਼ਵ ਪੰਜਾਬੀ ਕਾਨਫਰੰਸਾਂ ਵਿਚ ਦੇਸ਼ਾਂ-ਵਿਦੇਸ਼ਾਂ ਵਿਚ ਸ਼ਮੂਲੀਅਤ ਕੀਤੀ, ਉਥੇ ਵਿਸ਼ਵ ਪੰਜਾਬੀ ਕਾਨਫਰੰਸਾਂ ਲਈ ਵੱਡੇ ਆਰਥਿਕ ਯੋਗਦਾਨ ਵੀ ਦਿੱਤੇ। ਸਤਿਗੁਰੂ ਜੀ ਦਾ ਗੁਰਗੱਦੀ ਤੇ ਬੈਠਣ ਉਪਰੰਤ ਪਹਿਲਾ ਪ੍ਰਵਚਨ ਪੰਜਾਬੀ ਬੋਲੀ, ਗੁਰਮੁਖੀ ਲਿੱਪੀ, ਸਾਹਿਤ ਅਤੇ ਸਾਹਿਤਕਾਰਾਂ ਸਬੰਧੀ ਹੀ ਸੀ। ਪ੍ਰਥਮ ਲੋਕ ਭਾਸ਼ਣ ਵਿਚ ਉਨ੍ਹਾਂ ਆਖਿਆ-

"ਵਿਦਵਾਨਾਂ ਅਤੇ ਸਾਹਿਤਕਾਰਾਂ ਦੀ ਦੁਨੀਆਂ ਨਿਆਰੀ ਹੁੰਦੀ ਹੈ। ਉਨ੍ਹਾਂ ਨੂੰ ਮਿਲ ਕੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਚਾਨਣ ਮਿਲਦਾ ਹੈ ਅਤੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਅੱਜ ਦੇ ਸੰਸਾਰ ਵਿਚ ਵਿਦਵਾਨਾਂ ਤੇ ਸਾਹਿਤਕਾਰਾਂ ਦੀ ਕਦਰ ਕਰਨ ਦੀ ਡਾਢੀ ਲੋੜ ਹੈ। ਉਨ੍ਹਾਂ ਦੇ ਯਤਨਾਂ ਰਾਹੀਂ ਦੁਨੀਆਂ ਵਿਚ ਅਮਨ ਸਥਾਪਤ ਹੋ ਸਕਦਾ ਹੈ, ਖੁਸ਼ਹਾਲੀ ਆ ਸਕਦੀ ਹੈ। ਮਨੁੱਖਤਾ ਦਾ ਵਿਕਾਸ ਹੋ ਸਕਦਾ ਹੈ।"

ਸਤਿਗੁਰੂ ਜੀ ਨੇ ਪੁਰਾਤਨ ਇਤਿਹਾਸ ਨੂੰ ਸੰਭਾਲਿਆ, ਖੋਜਕਾਰਾਂ ਤੋਂ ਵਿਸ਼ੇ ਦੱਸ ਕੇ ਖੋਜਾਂ ਕਰਵਾਈਆਂ, ਖੋਜਕਾਰਾਂ ਨੂੰ ਖੋਜਾਂ ਕਰਨ ਲਈ ਦੇਸ਼ਾਂ-ਵਿਦੇਸ਼ਾਂ ਵਿਚ ਭੇਜਿਆ। ਸੈਂਕੜੇ ਇਤਿਹਾਸਕ, ਸਾਹਿਤਕ, ਕਵਿਤਾ ਅਤੇ ਵਾਰਤਕ ਦੀਆਂ ਪੁਸਤਕਾਂ ਛਪਵਾਈਆਂ। 1920 ਈਸਵੀ ਤੋਂ ਚਲਦੇ ਸਤਿਜੁਗ ਨੂੰ ਨਿਰੰਤਰ ਜਾਰੀ ਰੱਖਿਆ, ਵਰਿਆਮ ਅਤੇ ਵਰਤਮਾਨ ਹਿੰਦੋਸਤਾਨ ਦੇ ਸੰਪਾਦਕਾਂ ਨੂੰ ਬਖਸ਼ਿਸ਼ਾਂ ਦਾ ਥਾਪੜਾ ਦੇਈ ਰੱਖਿਆ। ਸਾਹਿਤਕਾਰਾਂ ਨੂੰ ਵੱਡੇ ਵੱਡੇ ਸਨਮਾਨ ਦਿੱਤੇ, ਬੁੜੇ ਸਾਹਿਤਕਾਰਾਂ ਦੀਆਂ ਵੱਡੀਆਂ ਆਰਥਿਕ ਮੱਦਦਾਂ ਕੀਤੀਆਂ, ਆਪਣੇ ਕੋਲ ਬਿਠਾ ਕੇ ਵਿਚਾਰਾਂ ਕੀਤੀਆਂ, ਹੌਸਲੇ ਬਖਸ਼ੇ ਅਤੇ ਥਾਪੜੇ ਦਿੱਤੇ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਜਿੱਥੇ "ਗੋਪਾਲ ਰਤਨ" ਦੀ ਉਪਾਧੀ ਨਾਲ ਸਨਮਾਨਿਆ ਗਿਆ, ਉਥੇ ਉਨ੍ਹਾਂ ਦੇ ਪਾਵਨ ਪਵਿੱਤਰ ਵਿਅਕਤਿਤਵ ਨੂੰ ਦੁਨਿਆਵੀ ਪੱਧਰ ਦੀ ਪੜਚੋਲ ਵਿੱਚੋਂ "ਧਰਮ ਰੱਖਿਅਕ ਪੁਰਸਕਾਰ", "ਸੰਗੀਚਾਰਯ ਪੁਰਸਕਾਰ", "ਸ਼ਾਂਤੀ ਦੂਤ ਪੁਰਸਕਾਰ", "ਜੀਵ ਰੱਖਿਅਕ ਪੁਰਸਕਾਰ" ਅਤੇ "ਧਰਮ ਰਤਨ" ਵਰਗੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ। ਇੰਗਲੈਂਡ ਨਿਵਾਸੀਆਂ ਨੇ ਸ੍ਰੀ ਸਤਿਗੁਰੂ ਜੀ ਨੂੰ "ਮੀਂਹ ਦਾ ਦੇਵਤਾ" ਮੰਨ ਕੇ ਨਤਮਸਤਕ ਕੀਤੀ। ਜੇਕਰ ਖੋਜੀ ਨਜ਼ਰ ਨਾਲ ਵਿਸ਼ਵ ਭਰ ਅੰਦਰ ਝਾਤੀ ਮਾਰੀਏ ਤਾਂ ਸਤਿਗੁਰੂ ਜੀ ਜਿੱਥੇ ਮਨੁੱਖਤਾ ਵਿਚੋਂ ਮਹਾਂ ਮਨੁੱਖ ਸਨ, ਉਥੇ ਉਹ ਇਸ ਸਦੀ ਦੇ ਯੁਗ ਪੁਰਸ਼ ਵੀ ਸਨ।

ਅੱਜ ਬੇਅੰਤ ਪਾਤਸ਼ਾਹ ਜੀ ਭਾਵੇਂ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਜ਼ਰ ਨਹੀਂ ਆਉਂਦੇ ਪਰ ਹਰ ਖੋਜੀ, ਅਧਿਆਤਮਕ ਅਤੇ ਸੂਖਸ਼ਮ ਰੂਹਾਂ ਅੰਦਰ ਉਨ੍ਹਾਂ ਪ੍ਰਤੀ ਵਿਚਾਰਾਂ ਦਾ ਪ੍ਰਵਾਹ ਚੱਲ ਰਿਹਾ ਹੈ, ਵਿਚਾਰਾਂ ਦਾ ਵਹਿਣ ਦਰਿਆ ਵਾਂਗ ਵਹਿ ਰਿਹਾ ਹੈ। ਪਾਤਸ਼ਾਹ ਜੀ ਪੰਜ ਤੱਤਾਂ ਵਿਚ ਵਿਲੀਨ ਹੋ ਗਏ ਹਨ। ਅਸੀਂ ਵੀ ਪੰਜ ਤੱਤਾਂ ਦੇ ਹੀ ਬਣੇ ਹੋਏ ਹਾਂ। ਸਾਰਾ ਬ੍ਰਹਿਮੰਡ ਹੀ ਪੰਜ ਤੱਤਾਂ ਦਾ ਹੈ ਇਸ ਲਈ ਉਹ ਸਾਡੇ ਵਿਚਕਾਰ ਹੀ ਹਨ, ਸਾਡੇ ਕੋਲ ਹੀ ਹਨ। ਅੰਦਰ ਝਾਤੀ ਮਾਰ ਕੇ ਵੇਖੀਏ ਤਾਂ ਉਹ ਸਾਡੇ ਹਿਰਦੇ ਵਿਚ ਵੱਸਦੇ ਹਨ। ਸੌਂ ਜਾਈਏ ਤਾਂ ਉਹ ਸਾਨੂੰ ਸੁਪਨਿਆਂ ਵਿਚ ਨਿਵਾਜ਼ਦੇ ਹਨ। ਉਹ ਬਖਸ਼ਿਸ਼ਾਂ ਵੰਡਦੇ ਹਨ ਅਤੇ ਹੁਣ ਉਹ "ਨਾਨਕ", "ਗੋਬਿੰਦ" ਵਾਂਗ ਬਖਸ਼ਿਸ਼ਾਂ ਵੰਡਦੇ ਰਹਿਣਗੇ। ਸੱਚੇ ਦਿਲ ਨਾਲ ਕੀਤੀਆਂ ਅਰਜਾਂ ਲਈ ਉਹ ਸਾਡੀਆਂ ਝੋਲੀਆਂ ਭਰਦੇ ਰਹਿਣਗੇ ਕਿਉਂਕਿ ਉਹ ਪਾਰਬ੍ਰਹਮ, ਪ੍ਰਮਾਤਮਾ, ਪ੍ਰਮੇਸ਼ਵਰ ਵਿਚ ਹੀ ਤਾਂ ਅਭੇਦ ਹੋਏ ਹਨ। ਅੱਜ ਸਾਡਾ ਮੁੱਢਲਾ ਫਰਜ਼ ਬਣਦਾ ਹੈ ਕਿ ਸਤਿਗੁਰੂ ਜੀ ਵੱਲੋਂ ਦਿਖਾਏ "ਗੁਰੂ ਨਾਨਕ" ਦੇ ਮਾਰਗ ਤੇ ਚੱਲ ਕੇ ਆਓ ਸਰਬੱਤ ਦਾ ਭਲਾ ਮੰਗੀਏ।

ਅੱਜ ਸਤਿਗੁਰੂ ਜਗਜੀਤ ਸਿੰਘ ਜੀ ਅੱਗੇ ਮਨੁੱਖਤਾ ਦੀ ਜੋਦੜੀ ਹੈ, ਮਨੁੱਖਤਾ ਦਾ ਨਮਨ ਹੈ, ਮਨੁੱਖਤਾ ਦੀ ਅਰਜ਼ੋਈ ਹੈ ਕਿ ਗੁਰਬਾਣੀ ਵਿਚ ਲਿਖੇ ਸ਼ਬਦ ਅਨੁਸਾਰ ਅਸੀਂ ਤੁਹਾਨੂੰ ਇਕ ਪਲ ਵੀ ਨਹੀਂ ਭੁੱਲ ਸਕਦੇ ਅਤੇ ਤੁਸੀਂ ਵੀ ਹਰ ਪਲ ਸਾਡੀ ਰੂਹ ਵਿਚ ਵੱਸਦੇ ਰਹਿਉ।

ਤੂੰ ਅਥਾਹ ਅਪਾਰ ਅਤਿ ਊਚਾ ਕੋਈ ਅਵਰੁ ਨਾ ਤੇਰੀ ਭਾਤੇ।

ਇਹ ਅਰਦਾਸ ਹਮਾਰੀ ਸੁਆਮੀ ਵਿਸਰੁ ਨਾਹੀ ਸੁਖ ਦਾਤੇ।

ਮੁਖੀ ਮਲਵਈ ਪੰਜਾਬੀ ਸੱਥ,

ਰਾਮਪੁਰਾ ਫੂਲ, ਬਠਿੰਡਾ

ਮੋਬਾ: 98768-50680



ਉਹ ਦਿਨ ਬਹਾਰ ਦੇ



-ਅਜੀਤ ਸਿੰਘ ਲਾਇਲ

ਗਹਿਰ-ਗੰਭੀਰ ਸਿੱਖੀ ਪ੍ਰੰਪਰਾਵਾਂ ਨਾਲ ਓਤਪੋਤ, ਬ੍ਰਹਿਮੰਡ ਜੇਡੀ ਵਿਸ਼ਾਲ ਸੋਚ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਮ ਲੈਂਦਿਆਂ ਹੀ, ਸਾਡਾ ਮਨ-ਮਸਤਕ ਸ਼ਰਧਾ ਤੇ ਸਤਿਕਾਰ ਨਾਲ ਆਪਣੇ ਆਪ ਉਸ ਰੂਹਾਨੀ-ਰਹਿਬਰ ਦੇ ਚਰਨਾਂ ਵਿਚ ਝੁਕ ਜਾਂਦਾ ਹੈ ਜਿਸਦੀ ਦੂਰ ਅੰਦੇਸ਼ੀ ਨੇ ਨਾਮਧਾਰੀ ਪੰਥ ਨੂੰ ਵਰ੍ਹੇ ਬਾਅਦ ਹੀ ਨਾਮਧਾਰੀ ਸਮਾਜ ਦੀ ਪੁੰਗਰ ਰਹੀ ਜਵਾਨੀ ਨੂੰ ਆਪਣੀ ਬੁੱਕਲ ਵਿਚ ਲੈਂਦਿਆਂ ਇਹ ਅਹਿਸਾਸ ਕਰਵਾ ਦਿੱਤਾ ਕਿ ਖੁੱਲਾ ਆਸਮਾਨ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਪਣੀਆਂ ਬਾਹਾਂ ਅੱਡੀ ਖਲੋਤਾ ਹੈ। ਜ਼ਿੰਦਗੀ ਦੀ ਹਰ ਔਖੀ ਘੜੀ ਮੇਰਾ ਸਾਥ ਤੁਹਾਡੇ ਨਾਲ ਹੋਵੇਗਾ। ਓਝੜ ਉਜਾੜਾਂ 'ਚ ਪੱਗ-ਡੰਡੀਆਂ ਬਨਾਉਣ ਲਈ ਮੇਰੇ ਕਦਮ ਤੁਹਾਡੇ ਸਭਨਾ ਤੋਂ ਅੱਗੇ ਹੋਣਗੇ। ਤੁਸਾਂ ਕੇਵਲ ਤੇ ਕੇਵਲ ਇਕ ਗੱਲ ਦਾ ਧਿਆਨ ਰੱਖਣਾ ਹੈ ਕਿ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਗੁਰੂ ਰਾਮ ਸਿੰਘ ਜੀ ਦੀਆਂ ਪਾਈਆਂ ਪ੍ਰੰਪਰਾਵਾਂ ਨੂੰ ਨਿਭਾਉਂਦਿਆਂ, ਸਿੱਖੀ ਦੀ ਆਨ ਤੇ ਸ਼ਾਨ ਨੂੰ ਬਰਕਰਾਰ ਰੱਖਦਿਆਂ ਸੰਸਾਰ ਵਿਚ ਸਿਰ ਉੱਚਾ ਕਰਕੇ ਸਭਨਾ ਤੋਂ ਅੱਗੇ ਹੋ ਵਿਚਰਨਾ ਹੈ।

ਈਸਵੀਂ ਸੰਨ 1965, ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਹੋਣ ਦਾ ਐਲਾਨ ਹੋ ਚੁੱਕਾ ਹੈ, ਕਾਲਜਾਂ ਵਿਚ ਸਾਲਾਨਾ ਇਮਤਿਹਾਨ ਹੋ ਜਾਣ ਉਪਰੰਤ ਨਤੀਜਿਆਂ ਦੀ ਉਡੀਕ ਕੀਤੀ ਜਾ ਰਹੀ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਗਭਰੂਆਂ ਦੇ ਦਿਲ ਦਰਵਾਜ਼ਿਆਂ ਤੇ ਬੜੀ ਪਿਆਰੀ ਦਸਤਕ ਦਿੱਤੀ ਕਿ ਜੂਨ ਦੇ ਪਹਿਲੇ ਹਫਤੇ ਤੁਸੀਂ ਸਾਰੇ ਸ੍ਰੀ ਭੈਣੀ ਸਾਹਿਬ ਆਓ, ਮੈਂ ਆਪਣੇ ਰੁਝੇਵਿਆਂ ਨੂੰ ਸੰਕੋਚ ਕੇ ਤੁਹਾਡੀ ਇੰਤਜਾਰ ਕਰਾਗੇ। ਸ੍ਰੀ ਭੈਣੀ ਸਾਹਿਬ ਦਾ ਰਿਸ਼ੀ-ਆਸ਼ਰਮ ਤੁਹਾਡੀ ਉਡੀਕ ਕਰ ਰਿਹਾ ਹੈ। ਜੂਨ ਦੀ ਗਰਮ ਦੁਪਹਿਰ ਦੀ ਤਪਸ਼ ਨੂੰ ਹਰੀ-ਮੰਦਰ ਦਾ ਠੰਢਾ ਛੱਪਰ ਤੁਹਾਡੇ ਤੱਕ ਪਹੁੰਚਣ ਨਹੀਂ ਦੇਵੇਗਾ। ਸਤਿਗੁਰੂ ਰਾਮ ਸਿੰਘ ਜੀ ਦੀ ਲੋਹ ਦਾ ਪ੍ਰਸ਼ਾਦਾ ਤੁਹਾਡੇ ਤਨ ਤੇ ਮਨ ਨੂੰ ਤਸਕੀਨ ਦਏਗਾ। ਬਦਾਮਾਂ ਦੀ ਗਾਹੜੀ ਸ਼ਰਦਾਈ ਤੁਹਾਡੀ ਪਿਆਸ ਬੁਝਾਏਗੀ ਤੇ ਮੈਨੂੰ ਆਪਣੇ ਪਰਿਵਾਰ ਦੇ ਨਾਲ ਮਿਲ ਬੈਠਣ ਦਾ, ਮੁਹੱਬਤਾਂ ਵੰਡਣ ਦਾ ਇਕ ਅਨੋਖਾ ਸੁਆਦ ਆਏਗਾ।

ਸੁਭਾਗਾ ਜੂਨ ਚੜ੍ਹਿਆ, ਇਕ-ਇਕ, ਦੋ-ਦੋ, ਤਿੰਨ-ਤਿੰਨ ਕਰਕੇ ਨੌਜਵਾਨ ਸ੍ਰੀ ਭੈਣੀ ਸਾਹਿਬ ਪਹੁੰਚ ਰਹੇ ਹਨ-ਇਸ ਸੁਭਾਗੇ ਸਪਤਾਹ ਵਿਚ ਹਜ਼ੂਰੀ ਦਾ ਆਨੰਦ ਮਾਨਣ ਲਈ। ਅੱਜ ਦਸ, ਕੱਲ ਪੰਦਰਾਂ, ਪਰਸੋਂ ਵੀਹ ਤੇ ਇਵੇਂ ਹੀ ਆ ਰਹੇ ਨੌਜਵਾਨਾਂ ਦੀ ਸੀਮਤ ਜਿਹੀ ਗਿਣਤੀ ਨੂੰ ਪਾਤਸ਼ਾਹ ਜੀ ਦੀ ਨਿਕਟਤਾ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ, ਪਾਸ ਬੈਠ ਗੱਲਬਾਤ ਕਰਨ ਦਾ, ਆਪਣੇ ਦਿਲਾਂ ਦੀ ਗੱਲ ਕਹਿਣ ਦਾ, ਸ਼ੰਕੇ ਨਵਿਰਤ ਕਰਨ ਦਾ, ਨਾਲ ਬੈਠ ਤਸਵੀਰਾਂ ਖਿਚਵਾਣ ਦਾ, ਨਾਲ ਖੇਡਣ ਦਾ ਅਤੇ ਗੁਰੂ ਘਰ ਦੀ ਪ੍ਰਾਹੁਣਾਚਾਰੀ ਮਾਨਣ ਦਾ। ਪਤਾ ਹੀ ਨਹੀਂ ਲੱਗਾ ਕਿ ਵਿਦਾਇਗੀ ਦਾ ਦਿਨ ਕਦੋਂ ਆ ਪਹੁੰਚਾ। ਵਿਦਾਇਗੀ ਸਮਾਗਮ ਚਲ ਰਿਹਾ ਹੈ ਨੌਜਵਾਨ ਪਾਤਸ਼ਾਹ ਜੀ ਦੇ ਸਨਮੁੱਖ ਆ

ਇਕੱਠੇ ਹੋਣ ਲੱਗੇ, ਹੱਥ ਜੋੜ ਲਏ ਅੱਖਾਂ ਵਿਚ ਅੱਥਰੂ ਕਿਸੇ ਇਕ ਮਨੋਵੇਗ ਸੰਭਾਲ ਬੇਨਤੀ ਕੀਤੀ ਗਰੀਬ ਨਿਵਾਜ ਆਉਂਦੇ ਵਰ੍ਹੇ ਵੀ ਅਜਿਹਾ ਸੁਭਾਗ ਸਮਾਂ ਬਖਸ਼ਿਓ, ਪਾਤਸ਼ਾਹ ਜੀ ਮੁਸਕਰਾਉਂਦਿਆਂ ਪ੍ਰਵਾਨਗੀ ਦਿੱਤੀ- ਜੈਕਾਰੇ- ਇਕ- ਦੋ- ਤਿੰਨ- ਅਨੰਦਮਈ ਅਵਸਥਾ ਦੀ ਸਿਖਰ ਤੇ ਅਗਲੇ ਗਿਆਰਾਂ ਮਹੀਨੇ ਇਸ ਪ੍ਰੀਤ ਮਿਲਣੀ ਲਈ ਬੇਹਬਲਤਾ ਵੱਧਦੀ ਹੀ ਗਈ। ਸਤਿਗੁਰੂ ਜੀ ਦੀ ਹਜ਼ੂਰੀ ਤੇ ਸੰਗ-ਸਾਥ ਵਿਚ ਬਿਤਾਏ ਇਕ ਹਫ਼ਤੇ ਦੀ ਦਾਸਤਾਨ ਕਿਸੇ ਪਰੀ-ਕਹਾਣੀ ਤੋਂ ਘੱਟ ਨਹੀਂ ਸੀ- ਸੁਣਣ ਵਾਲਾ ਮੰਤਰ ਮੁਘਦ ਹੋਇਆ ਵਿਸਮਾਦ ਦੀ ਅਵਸਥਾ ਦਾ ਆਨੰਦ ਮਾਣਦਾ ਤੇ ਨਾਲ ਹੀ ਕਹਿੰਦਾ ਅਗਲੇ ਵਰ੍ਹੇ ਮੈਂ ਵੀ ਜ਼ਰੂਰ ਚੱਲਾਂਗਾ- ਮੇਰਾ ਵੀ ਨਾਮ ਲਿਖ ਲਓ ਕਿਤੇ ਭੁੱਲ ਨਾ ਜਾਇਓ। ਪਰ ਪਰੌੜ ਤੇ ਬਜ਼ੁਰਗ ਮੁਕਤਾ ਵਿਚ ਵਿਚਰ ਰਹੇ ਸਨ ਕਿਉਂਕਿ ਇਹ ਸੱਦਾ ਕੇਵਲ ਨੌਜਵਾਨਾਂ, ਵਿਦਿਆਰਥੀਆਂ ਅਤੇ ਗਭਰੇਟਾਂ ਲਈ ਹੀ ਸੀ।

ਹਰ ਵਰ੍ਹੇ ਵਿਦਿਅਕ ਸੰਮੇਲਨਾਂ ਵਿਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਵਧਦੀ ਜਾਂਦੀ-ਡਿਓਢੀ-ਦੁੱਗਣੀ- ਤਿਗਣੀ- ਤੇ ਫਿਰ ਹੋਰ ਹੋਰ-ਹੋਰ-ਭਰਪੂਰ ਹਾਜ਼ਰੀ। ਪਾਤਸ਼ਾਹ ਜੀ ਸਾਰੇ ਦਿਨ ਵਿਚੋਂ ਕੇਵਲ ਦੋ ਕੁ ਘੰਟੇ ਹੀ ਨੌਜਵਾਨਾਂ ਤੋਂ ਪਰੇਹ ਰਹਿੰਦੇ ਉਹ ਵੀ ਸੋਧ ਦੇ ਇਸ਼ਨਾਨ, ਪ੍ਰਸ਼ਾਦਾ ਪਾਣੀ ਜਾਂ ਥੋੜੇ ਕੁ ਅਰਾਮ ਲਈ। ਇਕੱਲੇ-ਇਕੱਲੇ ਨੌਜਵਾਨ ਨੂੰ ਪਾਤਸ਼ਾਹ ਜੀ ਕੋਲ ਬੁਲਾਉਂਦੇ। ਨਾਮ-ਪਿਤਾ-ਮਾਤਾ-ਪਿੰਡ-ਸ਼ਹਿਰ-ਪੜ੍ਹਾਈ ਬਾਰੇ ਜਾਣਕਾਰੀ ਲੈਂਦੇ-ਪੁੱਛਦੇ-ਫਿਰ ਪ੍ਰੇਰਦੇ ਅੰਮ੍ਰਿਤ ਵੇਲੇ ਉੱਠਣ ਲਈ-ਸਣੇ ਕੇਸੀ ਇਸ਼ਨਾਨ ਲਈ, ਨਾਮ ਸਿਮਰਨ ਲਈ-ਗੁਰਬਾਣੀ ਪੜ੍ਹਨ ਲਈ। ਨਾਮਧਾਰੀ ਪਹਿਰਾਵਾ ਪਾਣ ਲਈ। ਪਤਾ ਹੀ ਨਹੀਂ ਲੱਗਾ ਕਦੋਂ ਪੈਂਟਾਂ ਸ਼ਰਟਾਂ ਲਹਿ ਕੇ ਕੁੜਤੇ ਪਜਾਮੇ ਪੈ ਗਏ। ਕਦੋਂ ਦਸਤਾਰਾਂ ਟੇਢੀਆਂ ਤੋਂ ਸਿੱਧੀਆਂ ਹੋ ਗਈਆਂ। ਕਦੋਂ ਦਾਹੜੇ ਬੰਨਣ ਵਾਲਿਆਂ ਖੋਹਲ ਲਏ।

ਸਤਿਗੁਰੂ ਜੀ ਨੇ ਨੌਜਵਾਨਾਂ ਨੂੰ ਚਾਹ, ਕੌਫੀ, ਕੋਕਾ-ਕੋਲਾ ਤੇ ਬਾਹਰ ਹੋਟਲਾਂ ਤੇ ਬੈਠ ਕੇ ਖਾਣ-ਪੀਣ ਦੀਆਂ ਆਦਤਾਂ ਨੂੰ ਘੱਟ ਕਰਨ ਲਈ ਪਰੇਰਨਾ, ਸਿਨਮਾ ਵੇਖਣ ਤੋਂ ਵਰਜਣਾ। ਪਾਤਸ਼ਾਹ ਜੀ ਦੇ ਪ੍ਰੇਮ-ਪਾਸ਼ ਦੀ ਕਰਾਮਾਤ ਹੀ ਸੀ ਕਿ ਇਹ ਸਭੋ ਕੁਝ ਘਟਦਿਆਂ-ਘਟਦਿਆਂ ਨੌਜਵਾਨ ਇਨ੍ਹਾਂ ਚੀਜ਼ਾਂ ਦੇ ਪ੍ਰਹੇਜਗਾਰ ਹੀ ਬਣ ਗਏ।

ਵਿਦਿਅਕ ਸੰਮੇਲਨਾਂ ਵਿਚ ਦੋ ਸ਼ੈਸ਼ਨ ਹੋਇਆ ਕਰਦੇ ਸਨ। ਇਕ ਦੁਪਹਿਰ ਤੋਂ ਪਹਿਲਾਂ ਇਕ ਦੁਪਹਿਰ ਤੋਂ ਬਾਅਦ। ਇਨ੍ਹਾਂ ਸ਼ੈਸਨਾਂ ਵਿਚ ਧਾਰਮਿਕ ਇਤਿਹਾਸਕ ਅਤੇ ਸਮਾਜਿਕ ਵਿਸ਼ਿਆਂ ਤੇ ਵਿਦਵਾਨਾਂ ਦੀਆਂ ਤਕਰੀਰਾਂ ਹੁੰਦੀਆਂ। ਅਕਸਰ ਬਾਹਰੋਂ ਨਾਮਬਰ ਵਿਦਵਾਨਾਂ ਨੂੰ ਅਮੰਤ੍ਰਿਤ ਵੀ ਕੀਤਾ ਜਾਂਦਾ। ਨੌਜਵਾਨਾਂ ਨੂੰ ਵੱਖ-ਵੱਖ ਵਿਸ਼ਿਆ 'ਤੇ ਬੋਲਣ ਵਾਸਤੇ ਉਤਸ਼ਾਹਿਤ ਕੀਤਾ ਜਾਂਦਾ। ਵਿਚਾਰ ਪ੍ਰਗਟ ਕਰਨ ਦੀ ਖੁੱਲ੍ਹ ਹੁੰਦੀ। ਧਾਰਮਿਕ ਮਰਿਯਾਦਾ ਦੀ ਜਾਣਕਾਰੀ ਲਈ ਵਿਸਤ੍ਰਿਤ ਵਿਖਿਆਨ ਹੁੰਦੇ। ਸੋਧ-ਮਰਿਆਦਾ, ਅਖੰਡ ਪਾਠ, ਹਵਨ, ਵਰਨੀਂ, ਅੰਮ੍ਰਿਤ ਬਨਾਉਣ, ਛਕਾਉਣ ਲਈ ਨੌਜਵਾਨਾਂ ਨੂੰ ਸ਼ਾਮਲ ਕੀਤਾ ਜਾਂਦਾ ਅਤੇ ਸਿਖਾਇਆ ਜਾਂਦਾ।

ਸ਼ਾਮ ਦੇ ਸ਼ੈਸ਼ਨ ਦੀ ਸਮਾਪਤੀ ਉਪਰੰਤ ਬਦਾਮਾਂ ਦੀ ਗਾਹੜੀ ਸ਼ਰਦਾਈ ਫਿਰ ਖੇਡਣ ਮੱਲਣ ਦਾ ਵਕਤ। ਕਈ ਵਾਰ ਸ਼ੈਸ਼ਨ ਖਤਮ ਹੁੰਦਿਆਂ ਹੀ ਹਰੀਮੰਦਰ ਵਿਚ ਪੰਗਤਾਂ ਲਗਾਉਣ ਦਾ ਹੁਕਮ ਹੋ ਜਾਣਾ ਤਦੇ ਪਤਾ ਲੱਗਣਾ ਹਜ਼ੂਰ ਨੇ ਅਲੀਚੀਆਂ ਨਾਲ ਪੱਲੇ ਭਰ ਦੇਣੇ। ਕਦੇ ਦੁਸਿਹਰੀ ਅੰਬ ਜੋ ਚੂਪਦਿਆਂ ਥੱਕ ਜਾਣਾ। ਦੇਸੀ ਘਿਓ ਦੀ ਬੂੰਦੀ, ਸਾਰਾ ਵਰਤਾਰਾ ਖਾਧਾ ਨਾ ਜਾਣਾ। ਗਰਮ ਗਰਮ ਜਲੇਬ ਜੋੜ-ਜੋੜ ਕੇ ਜਦੋਂ ਪਾਤਸ਼ਾਹ ਜੀ ਨੇ ਥਾਲੇ ਵਿਚ ਰੱਖਣਾ ਤਾਂ ਮਨ ਖਿੜ ਜਾਣਾ ਕਿ ਵਾਹ ਪਾਤਸ਼ਾਹ ਏਡਾ ਖੁੱਲਾ ਹੱਥ। ਜਲੇਬ ਖਾਂਦਿਆਂ ਮੂੰਹ ਭੁਗਲ ਜਾਣੇ ਤੇ ਫਿਰ ਦਾਲੇ 'ਚ ਡਬੋ-ਡਬੋ ਜਲੇਬ ਖਾਣੇ। ਤੇ ਪਾਤਸ਼ਾਹ ਜੀ ਨੇ ਇਨ੍ਹਾਂ ਪਲਾਂ ਨੂੰ ਸੰਭਾਲਣ ਲਈ ਮੂਵੀ ਕੈਮਰਾ ਫੜ ਲੈਣਾ। ਪੰਗਤਾਂ ਵਿਚ ਵਿਚਰਦਿਆਂ ਕਿਸੇ ਨੂੰ ਦਸਤਾਰ, ਦਰੁਸਤਗੀ ਨਾਲ ਬੰਨਣ ਦੀ ਜਾਚ ਸਮਝਾ ਦੇਣੀ। ਕਿਸੇ ਦਾ ਧਿਆਨ ਦਸਤਾਰ ਵਿਚਲੇ ਨੀਲੇ ਡੋਰਿਆਂ ਵੱਲ ਦੁਆ ਕੱਢਣ ਦਾ ਤਰੀਕਾ ਦੱਸ ਦੇਣਾ। ਕਿਸੇ ਦਾ ਪਹਿਨਿਆਂ ਕੁੜਤਾ ਪਜਾਮਾ ਵੇਖ ਉਸਨੂੰ ਨਾਮਧਾਰੀ ਕਾਟ ਦਾ ਗਿਆਨ ਕਰਵਾਉਣਾ। ਕਿਸੇ ਨੂੰ ਹੁਲਾਰਾ ਦੇਣ ਲਈ ਕੋਈ ਹਾਸ-ਵਿਨੋਦ ਕਰ ਦੇਣਾ। ਕਿਸੇ ਲਈ ਕੋਈ ਕਵਿਤਾ ਦੀ ਸਤਰ ਬਣਾ ਬੋਲ ਦੇਣਾ। ਕਿਸੇ ਨੂੰ ਸਮਝਾਉਣੀ ਦੇਣ ਲਈ ਗੁਰਬਾਣੀ ਦੀ ਕੋਈ ਤੁਕ ਬੋਲ ਦੇਣੀ-ਕਿਹੜੇ ਕਿਹੜੇ ਰੰਗ ਦਾ ਜਿਕਰ ਕਰੀਏ ਉਸ ਸਰਬੰਗੀ ਸ਼ਖ਼ਸ਼ੀਅਤ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਦਾ ਜਿਸ ਨੂੰ ਨੀਝ ਨਾਲ ਵੇਖਦਿਆਂ ਉਹ ਬੇਅੰਤ-ਹੋਰ ਬੇਅੰਤ ਤੇ ਹੋਰ ਵੀ ਵੱਡ ਬੇਅੰਤ-ਪਾਤਸ਼ਾਹ-ਪਾਤਸ਼ਾਹਾਂ ਦਾ ਪਾਤਸ਼ਾਹ ਜਾਪਿਆ ਕਰਦਾ ਸੀ।

ਜਲੇਬੀਆਂ ਦਾ ਲੰਗਰ ਕਦੇ ਲੀਚੀਆਂ ਖੁਆਣਾ
ਭਰ ਭਰ ਕੇ ਬੁੱਕ ਬੂੰਦੀ ਸਾਡੇ ਥਾਲਿਆਂ 'ਚ ਪਾਣਾ
ਬੋਲਾਂ ਨਾਲ ਠੰਢ ਪਾਉਣੀ ਨਦਰੀ ਨਿਹਾਰਦੇ
ਕਦੇ ਮੁੜ ਜੇ ਆਵਣ ਉਹ ਦਿਨ ਬਹਾਰ ਦੇ
ਬੈਠ ਉਹਦੀ ਬੁਕਲ ਸਾਂ ਜ਼ਿੰਦਗੀ ਸੁਆਰਦੇ

-98786-11958

***



ਪ੍ਰੇਤਹੁ ਕੀਤੋਨ ਦੇਵਤਾ ਤਿਨ ਕਰਨੇ ਹਾਰੇ

-ਬਲਦੇਵ ਸਿੰਘ ਪ੍ਰੇਮੀ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਸਾਧਪੁਰਾ ਚੋਗਾਵਾਂ, ਜੋ ਅੰਮ੍ਰਿਤਸਰ ਤੋਂ ਮਹਿਤਾ ਚੌਂਕ ਵਾਲੀ ਸੜਕ ਤੇ 25 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ, ਉਥੋਂ ਦਾ ਜੰਮਪਲ ਅਜੀਤ ਸਿੰਘ (ਫਸਟੂ) ਮਧਰੇ ਜਿਹੇ ਕੱਦ ਦਾ ਪਿਤਾ ਸਾਧਾ ਸਿੰਘ ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁਖ ਤੋਂ ਪੈਦਾ ਹੋਇਆ।। ਜੋ ਦਿਲ ਦਾ ਚਾਹੇ ਸੱਚਾ ਸੁੱਚਾ ਸੀ, ਪਰ ਸੁਭਾਵ ਦਾ ਕਾਫੀ ਕੌੜਾ ਸੀ॥ ਮੁੰਡੀਰ ਨਾਲ ਖੇਡਣਾ ਮਲੱਣਾ (ਜੈਸੀ ਸੰਗਤ ਤੈਸੀ ਰੰਗਤ) ਅਨੁਸਾਰ ਇਹ ਭੀੜੇ ਕੰਮਾਂ, ਸ਼ਰਾਬ ਆਦਿਕ ਦਾ ਆਦੀ ਹੋ ਗਿਆ॥ ਘਰ ਵਿਚ ਅਕਸਰ ਕਲੇਸ਼ ਰਹਿਣ ਲੱਗਾ॥ ਪਿਤਾ ਨੇ ਮਾਰਿਆ ਕੁਟਿਆ ਤੇ ਘਰੋ ਨਰਾਜ਼ ਹੋ ਕੇ ਨਿਕਲ ਤੁਰਿਆ॥ ਜਿਲਾ ਹਿਸਾਰ ਦੇ ਇਲਾਕਾ ਜੀਵਨ ਨਗਰ ਦੇ ਪਿੰਡ (ਹਾਲ ਜਿਲਾ ਸਿਰਸਾ) ਨਕੌੜਾ ਵਿਚ ਆਪਣੀ ਮਾਸੀ ਦੇ ਘਰ (ਜੋ ਲਿਖਾਰੀ ਦੀ ਸਕੀ ਭੂਆ ਹੈ) ਆ ਠਹਿਰਿਆ॥ "ਵਾਦੜੀਆ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ" ਅਨੁਸਾਰ ਸੁਭਾਵ ਦਾ ਫਰਕ ਨ ਪਿਆ॥ ਉਥੋ ਵੀ ਮਾਸੜ ਦੇ ਕਪੜੇ ਪਾੜਕੇ ਲੜਕੇ ਸਿਰਸੇ ਟਰੱਕ ਯੂਨੀਅਨ ਵਿਚ ਜਾ ਕੰਡਕਟਰੀ ਕੀਤੀ॥ ਕੰਡਕਟਰਾਂ ਡਰਾਇਵਰਾਂ ਦਾ ਤਾਂ ਕਿੱਤਾ ਹੀ ਸਿਰਫ ਲੜਾਈ ਝਗੜਾ ਤੇ ਮਾਵਾਂ ਭੈਣਾਂ ਦੀਆਂ ਗਾਲ੍ਹਾ ਕੱਡਣੀਆ ਹੀ ਹੁੰਦਾ ਹੈ॥ ਬਸ ਫਿਰ ਕੀ ਸੀ ਮਿਲ ਗਈ ਮਨ ਪਸੰਦ ਜੀ ਸੰਗਤ॥ ਲੱਗਾ ਚੱਲਣ ਕੋਰਸ, ਸਰਾਬਾਂ ਪੀਣੀਆ, ਲੜਾਈ ਝਗੜੇ ਤੇ ਗਾਲ੍ਹਾਂ ਰੋਜ ਦਾ ਕਿੱਤਾ ਬਣ ਗਿਆ॥ ਸਭ ਕੁਝ ਦੇ ਬਾਵਜੂਦ ਵੀ ਗੁਰੂ ਘਰ ਤੇ ਸ਼ਰਧਾ ਪੂਰੀ॥ ਜਿਥੇ ਕਿਥੇ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਗੱਡੀ ਨਜਰੇ ਪਈ, ਟਰੱਕ ਅਗੇ ਕਰਕੇ ਗੱਡੀ ਰੋਕ ਲੈਣੀ, ਜੋ ਕੁਝ ਜੇਬ ਵਿਚ ਹੋਣਾ ਮੱਥਾ ਟੇਕ ਦੇਣਾ॥ ਜੇ ਕਰ ਸਤਿਗੁਰਾਂ ਕਹਿਣਾ ਕਿ ਸ਼ਰਾਬ ਛੱਡ ਦੇ ਤਾਂ ਅਗੋਂ ਸ਼ਰਾਬ ਦੀ ਬੋਤਲ ਹੱਥ ਵਿਚ ਫੜਕੇ (ਉਸਦੀ ਜਬਾਨੀ) ਜਵਾਬ ਦੇਣਾ ਲੈ ਤੂੰ ਵੀ ਘੁੱਟ ਪੀਣੀ ਹੈ ਤਾਂ ਪੀ ਲੈ॥ ਸਤਿਗੁਰਾਂ ਇਹ ਕਹਿਕੇ ਕਿ ਪੀ ਜਾਹ ਨਲਕੇ ਦਾ ਪਾਣੀ ਜਿਨਾ ਪੀਣਾ ਈ ਤੇ ਉਥੋ ਪ੍ਰਸਥਾਨ ਕਰ ਜਾਣਾ॥

ਆਖਿਰਕਾਰ ਉਹ ਸਮਾ ਵੀ ਨੇੜੇ ਆ ਪਹੁੰਚਾ, ਜਦੋਂ ਇਸਦੇ ਭਾਗ ਜਾਗਣੇ ਸਨ॥ ਸਤਿਗੁਰੂ ਜੀ ਦਿਵਾਲੀ ਦੇ ਮੇਲੇ ਤੇ ਨਾਮਧਾਰੀ ਧਰਮਸਾਲਾ ਅੰਮ੍ਰਿਤਸਰ ਵਿਚ ਚਰਨ ਪਾਏ॥ ਫਸਟੂ ਦਾ ਪਿਤਾ ਸਾਧਾ ਸਿੰਘ ਦੀਵਾਲੀ ਤੇ ਦਰਸਨ ਕਰਨ ਆਇਆ॥ ਇਧਰੋਂ ਫਸਟੂ ਵੀ ਟਰੱਕ ਲੈਕੇ ਅੰਮ੍ਰਿਤਸਰ ਮੇਲੇ ਤੇ ਪੁੱਜਾ॥ ਪਿਤਾ ਪੁੱਤਰ ਸਤਿਗੁਰਾਂ ਨੂੰ ਨਮਸਕਾਰ ਕਰਨ ਗਏ ਤਾਂ ਸਤਿਗੁਰਾਂ ਬਚਨ ਕੀਤਾ ਸਾਧਾ ਸਿੰਘ ਤੇਰਾ ਮੁੰਡਾ ਸ਼ਰਾਬ ਨਹੀਂ ਛਡਦਾ॥ ਸਾਧਾ ਸਿੰਘ ਕਿਹਾ ਕਿ ਸਚੇ ਪਾਤਸ਼ਾਹ ਜਦੋਂ ਤੁਹਾਡੀ ਰਜ਼ਾ ਹੋਈ ਤਾਂ ਸਭ ਕੁਝ ਹੀ ਹੋ ਜਾਊ॥ ਸਤਿਗੁਰਾਂ ਫਸਟੂ ਨੂੰ ਇਸ਼ਨਾਨ ਕਰਕੇ ਔਣ ਲਈ ਕਿਹਾ (ਫਸਟੂ ਦੀ ਜਬਾਨੀ) ਮੈਂ ਇਸ਼ਨਾਨ ਕਰਕੇ ਆਇਆ ਮੈਨੂੰ ਸਤਿਗੁਰਾਂ ਨੇ ਜੋੜਿਆਂ ਵਿਚ ਖਲੋਣ ਦਾ ਹੁਕਮ ਕੀਤਾ॥ ਜਦੋਂ ਮੈਂ ਹੁਕਮ ਮੰਨ ਕੇ ਖਲੋਤਾ ਤਾਂ ਸਤਿਗੁਰਾਂ ਨੇ ਨਿਗਾਹ ਭਰਕੇ ਵੇਖਿਆ ਤੇ ਕਿਹਾ ਕਿ ਪੀਣੀਉ ਸ਼ਰਾਬ॥ ਐਸੀ ਤਕਣੀ ਜਿਸ ਨਾਲ ਮੇਰੇ ਸਰੀਰ ਨੂੰ ਇਕ ਵਾਰ ਕੰਬਣੀ ਆ ਗਈ॥ ਮੇਰੇ ਅੰਦਰੋ ਜਨਮਾਂ ਜਨਮਾਂ ਦੇ ਐਬ ਕਢਕੇ ਮੈਨੂੰ ਪ੍ਰਤੇਹੁ ਦੇਵਤਾ ਬਣਾ ਦਿੱਤਾ॥ ਉਸਤੋਂ ਬਾਦ ਮੇਰਾ ਸ਼ਰਾਬ ਨੂੰ ਵੇਖਣ ਨੂੰ ਵੀ ਜੀ ਨਹੀਂ ਕੀਤਾ॥ ਵਾਹ ਮੇਰੇ ਸਤਿਗੁਰ ਵਾਹ॥ -ਇਤੀ-

(ਮੈਂ ਮੂਰਖ ਜਾਨਿਆ ਦੂਰੀ ਰੇ)

ਮੇਰਾ ਸਹੁਰਾ ਸੰਤ ਗੁਰਦਿਆਲ ਸਿੰਘ ਜੀ ਨਿਹੰਗ ਜਿਨਾਂ ਦਾ ਪਿਛਲਾ ਪਿੰਡ ਮਾਲੂਵਾਲ ਨਜਦੀਕ (ਸੁਰ ਸਿੰਘ ਝਬਾਲ)

ਜਿਲਾ ਅੰਮ੍ਰਿਤਸਰ ਸੀ॥ ਅਜਕਲ ਉਨ੍ਹਾ ਦਾ ਪ੍ਰਵਾਰ ਇਲਾਕਾ ਜੀਵਨ ਨਗਰ ਦੇ ਪਿੰਡ ਸੰਤਨਗਰ ਵਿਚ ਰਹਿੰਦਾ ਹੈ॥ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸੱਜੇ ਸਨ॥ ਪਹਿਲਾਂ ਸੁਰ ਸਿੰਘੀਏ ਬਾਬਾ ਦਇਆ ਸਿੰਘ ਦੇ ਦਲ ਵਿਚ ਰਹਿਣ ਕਰਕੇ ਬਾਣਾ ਨਿਹੰਗਾ ਸਿੰਘਾਂ ਵਾਲਾ ਹੀ ਰਖਦੇ ਸਨ॥ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਇਨ੍ਹਾਂ ਨੇ 24-25 ਸਾਲ ਬੈਂਗਲੌਰ ਫਾਰਮ ਵਿਚ ਨਿਸ਼ਕਾਮ ਸੇਵਾ ਕਰਕੇ ਨਾਮਧਾਰੀ ਪੰਥ ਵਿਚ ਕਾਫੀ ਨਾਮਨਾ ਖੱਟਿਆ॥

ਇਕ ਦਿਨ ਦਾ ਜਿਕਰ ਕਰਦਿਆਂ ਹੋਇਆਂ ਉਨ੍ਹਾਂ ਮੈਨੂੰ ਇਹ ਸਾਖੀ ਸੁਣਾਈ ਕਿ ਸਤਿਗੁਰੂ ਜਗਜੀਤ ਸਿੰਘ ਨੇ ਬੰਗਲੌਰ ਦਰਸ਼ਨ ਦਿਤੇ ਤਾਂ ਅਰਜ ਕੀਤੀ ਕਿ ਪਾਤਸ਼ਾਹ ਆਪ ਸਾਨੂੰ ਇਥੇ ਇਕਲਿਆਂ ਨੂੰ ਛਡਕੇ ਫੇਰ ਛੇਤੀ ਦਰਸ਼ਨ ਨਹੀਂ ਦਿੰਦੇ॥ ਸਤਿਗੁਰੂ ਜੀ ਅਗੋਂ ਉਤਰ ਦਿਤਾ ਕਿ "ਨਿਹੰਗ ਸਿੰਘਾ ਦੇਵਾਂਗੇ ਦਰਸਨ" ਤੇ ਪੰਜਾਬ ਵਲ ਵਾਪਿਸ ਪਰਤ ਆਏ॥ ਸਮਾਂ ਬੀਤਦਾ ਗਿਆ ਤੇ ਮੈਨੂੰ ਇਹ ਬਚਨ ਵਿਸਰ ਗਿਆ॥ (ਭੁਲਣ ਵਿਚ ਕੀਆ ਸਭ ਕੋਈ ਕਰਤਾ ਆਪਿ ਨ ਭੁੱਲੇ) ਇਕ ਦਿਨ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਲੱਗੀ ਹੋਈ ਸੀ॥ ਸੰਗਤ ਅਨੰਦ ਮਗਨ ਕੀਰਤਨ ਕਰ ਰਹੀ ਸੀ॥ ਜਦੋਂ ਕਿ ਸਾਖਿਆਤ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਣਕੇ ਦਰਸ਼ਨ ਦਿੱਤੇ॥ ਕੋਈ ਸਿੱਖ ਸੇਵਕ ਨਾਲ ਨਹੀਂ ਸੀ।। ਮੈਂ ਸਤਿਕਾਰ ਵਜੋਂ ਉਠਕੇ ਜੈਕਾਰਾ ਬੁਲੌਣ ਲੱਗਾ ਤਾਂ ਸਤਿਗੁਰਾਂ ਮੈਨੂੰ ਬੈਠਣ ਲਈ ਇਸ਼ਾਰਾ ਕਰ ਦਿੱਤਾ॥ ਸੋ ਮੈਂ ਜੈਕਾਰਾ ਨ ਬੁਲਾਇਆ॥ ਭੋਗ ਤੋਂ ਉਪਰਾਂਤ ਸਤਿਗੁਰੂ ਜੀ ਉਠ ਕੇ ਚਲੇ ਗਏ॥ ਮੈਂ ਕੁਝ ਸਰੀਰਾਂ ਨਾਲ ਗੱਲ ਕੀਤੀ ਕਿ ਅਜ ਸਤਿਗੁਰੂ ਜੀ ਇਕਲੇ ਕਿਸ ਤਰ੍ਹਾਂ ਆਏ ਸਨ, ਨਾਹੀ ਕੋਈ ਸਿਖ ਸੇਵਕ ਨਾਲ ਨਾਹੀਂ ਕੋਈ ਗੱਡੀ ਹੀ ਆਈ ਵੇਖੀ॥ ਅਗੋ ਉਤਰ ਮਿਲਿਆ ਕਿ ਸਤਿਗੁਰੂ ਜੀ ਕਦੋਂ ਆਏ ਸਨ? ਅਸੀਂ ਤਾਂ ਵੇਖੇ ਨਾਹੀਂ॥ ਓਸ ਵਕਤ ਮੈਨੂੰ ਉਹ ਬਚਨ ਯਾਦ ਆਇਆ ਕਿ ਸਤਿਗੁਰਾਂ ਕਿਹਾ ਸੀ ਕਿ ਨਿਹੰਗ ਸਿੰਘਾ ਦੇਵਾਂਗੇ ਦਰਸ਼ਨ॥ ਮਨ ਨੂੰ ਨਿਸਚਾ ਹੋ ਗਿਆ ਕਿ ਇਹ ਤਾਂ ਗੁਰੂ ਨਾਨਕ ਦੀ ਹੀ ਜੋਤ ਹਨ ਤੇ ਸਦਾ ਹੀ ਸਾਡੇ ਅੰਗ ਸੰਗ ਹਨ॥ -ਇਤਿ-

-(ਹੁਕਮ ਮੰਨਿਐ ਹੋਵੈ ਪ੍ਰਵਾਨ)-

ਗੱਜਣ ਰਾਮ ਪੁੱਤਰ ਫੱਤਾ ਰਾਮ ਜਾਤੀ ਕੰਬੋਜ ਨਿਵਾਸੀ ਪਿੰਡ ਕੋਟਲੀ ਇਲਾਕਾ ਸ੍ਰੀ ਜੀਵਨ ਨਗਰ ਜਿਲਾ ਸਿਰਸਾ ਦਾ ਰਹਿਣ ਵਾਲਾ ਸੀ॥ ਇਹ 35-40 ਸਾਲ ਦਾਸ ਦੇ ਗਵਾਂਢ ਵਿਚ ਰਹੇ ਸਨ॥ ਇਹ ਗੈਰ ਨਾਮਧਾਰੀ ਪ੍ਰਵਾਰ ਵਿਚੋਂ ਸਹਿਜਧਾਰੀ ਜਿਮੀਂਦਾਰ ਸਿਖ ਸੀ॥ ਇਸਦੇ ਘਰ ਵਾਲੀ ਮਾਲ ਦੇਵੀ ਵੀ ਰੱਬ ਦੇ ਨਾਮ ਵਾਲੀ ਬਾਣੀ ਦੀ ਰਸਕ ਸੀ॥ ਧਰਮ ਦੀ ਕਿਰਤ ਕਰਕੇ ਖਾਣ ਵਾਲਾ ਪ੍ਰਵਾਰ ਸੀ॥ ਇਕ ਵਾਰ (ਦਾਸ ਨੂੰ ਸਨ ਯਾਦ ਨਹੀਂ) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਿੰਡ-ਪਿੰਡ ਦੇ ਦੌਰੇ ਰਖਕੇ ਸੰਗਤਾਂ ਨੂੰ ਤਾਰਨ ਦਾ ਉਪਰਾਲਾ ਕੀਤਾ॥ ਸਾਡੇ ਪਿੰਡ ਨੂੰ ਵੀ ਇਹ ਸੁਭਾਗ ਪ੍ਰਾਪਤ ਹੋਇਆ॥ ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ ਤੇ ਹੋਰ ਜਥੇਦਾਰ, ਰਾਗੀ ਆਦਿਕ ਵੀ ਨਾਲ ਸਨ॥ ਮਨ ਚਾਉ ਭਇਆ ਪ੍ਰਭੁ ਅਗਮ ਸੁਣਿਆ ਦੇ ਗੁਰੂ ਵਾਕ ਮੁਤਾਬਿਕ ਪਿੰਡ ਵਾਸੀਆਂ ਦੇ ਹਿਰਦੇ ਖੁਸ਼ੀ ਨਾਲ ਗਦਗਦ ਸਨ। ਪ੍ਰਵਚਨ ਕਰਦਿਆ ਸਤਿਗੁਰਾਂ ਨੇ ਨਲਕੇ ਦਾ ਪਾਣੀ, ਚਾਹ, ਕੋਈ ਚੀਜ ਛੱਡਣ ਲਈ ਕਿਹਾ, ਤਾਂ ਗੱਜਣ ਰਾਮ ਨੇ ਹੁਕਮੁ ਮੰਨਕੇ ਚਾਹ ਛੱਡ ਦਿੱਤੀ। ਕੁਝ ਸਮੇਂ ਬਾਦ ਗਜਣ ਰਾਮ ਪਿੰਡ ਕੋਟਲੀ ਛਡਕੇ 5-6 ਕਿਲੋਮੀਟਰ ਦੀ ਦੂਰੀ ਤੇ ਪਿੰਡ ਮਹਿਣਾ ਖੇੜਾ ਵਿਚ ਜਾ ਵੱਸਿਆ ਜੋ ਬਾਗੜੀਆਂ ਦਾ ਪਿੰਡ ਹੈ। ਉਥੇ ਜਾ ਕੇ ਵੀ ਚਾਹ ਨਹੀ ਪੀਤੀ॥ "ਸਭਨਾ ਸਹੁਰੇ ਵੰਞਣਾ ਸਭ ਮੁਕਲਾਵ ਹਾਰ" ਦੇ ਗੁਰਵਾਕ ਮੁਤਾਬਿਕ ਅੰਤ ਸਮਾਂ ਵੀ ਨੇੜੇ ਆ ਗਿਆ॥ ਘਰ ਦੇ ਸਾਕ ਸਰਬੰਧੀ ਕਹਿਣ ਲਗੇ ਕਿ ਤੈਨੂੰ ਪਿਛਲੇ ਮਰਿਆ ਵਿਚੋ ਕੋਈ ਨਜਰ ਤਾਂ ਨਹੀਂ ਆ ਰਿਹਾ? ਜਾਂ ਕਿਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਤਾਂ ਗੱਜਣ ਰਾਮ ਨੇ ਕਿਹਾ ਕਿ ਮੈਂ ਸਤਿਗੁਰਾਂ ਦਾ ਹੁਕਮ ਦਾ ਹੁਕਮ ਮੰਨਕੇ ਚਾਹ ਛੱਡੀ ਸੀ। ਮੈਨੂੰ ਇਸ ਵਕਤ ਸਤਿਗੁਰਾਂ ਦੇ ਦਰਸਨ ਹੋ ਰਹੇ ਹਨ ਹੋਰ ਕੁਝ ਨਹੀ ਦਿਸਦਾ, ਤੇ ਪ੍ਰਾਣ ਤਿਆਗ ਦਿਤੇ॥ ਇਹ ਸਾਖੀ ਉਸਦੇ ਲੜਕੇ ਬਖਸ਼ੀਸ ਨੇ ਦਾਸ ਨੂੰ ਸੁਣਾਈ॥

-ਸਤਿਗੁਰ ਸਿੱਖ ਕੀ ਦੁਰਮਤ ਮਲ ਹਰੇ-

ਜਿਸ ਵਕਤ ਪੰਜਾਬ ਵਿਚ ਅਤੰਕਵਾਦ ਦਾ ਪੂਰਾ ਜੋਰ ਸ਼ੋਰ ਸੀ, ਉਸ ਵਕਤ ਦੀ ਸਾਖੀ (ਸੰਤ ਬਲਵੰਤ ਸਿੰਘ) ਨਿਵਾਸੀ ਪਿੰਡ ਕਰੀਵਾਲਾ ਜਿਲਾ ਸਿਰਸਾ ਨੇ ਮੈਨੂੰ (ਬਲਦੇਵ ਸਿੰਘ ਪ੍ਰੇਮੀ") ਪਿੰਡ ਕੋਟਲੀ ਕੇਸੁਪੁਰਾ ਜਿਲਾ ਸਿਰਸਾ ਨੂੰ ਜਿਸ ਤਰ੍ਹਾਂ ਸੁਣਾਈ ਉਹ ਮੈਂ ਸਾਧ ਸੰਗਤ ਦੀ ਸੇਵਾ ਵਿਚ ਭੇਟ ਕਰਨ ਦਾ ਨਿਮਾਣਾ ਜਿਹਾ ਜਤਨ ਕਰ ਰਿਹਾ ਹਾਂ॥

ਜਿਨ੍ਹਾਂ ਨੇ ਉਹ ਸਮਾਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਉਨ੍ਹਾਂ ਨੂੰ ਉਹ ਸਮਾ ਸਾਰੀ ਜਿੰਦਗੀ ਭਰ ਨਹੀਂ ਭੁਲ ਸਕਦਾ।। ਕਿਸ ਤਰ੍ਹਾਂ ਕਰਕੇ ਕਈਆਂ ਨੇ ਅਤੰਕਵਾਦ ਦੀ ਆੜ ਵਿਚ ਆਪਣੇ ਵੈਰ ਕੱਢੇ, ਕਿਸ ਤਰ੍ਹਾਂ ਸਰਕਾਰ ਨੇ ਤਸ਼ਦਦ ਕਰਕੇ ਨਿਰਦੋਸ਼ ਭੈਣਾਂ ਦੇ ਭਰਾ, ਮਾਪਿਆਂ ਦੇ ਪੁੱਤ, ਸੁਹਾਗਣਾਂ ਦੇ ਵੇਲੇ ਮੁਹਾਰਾਂ, ਘਰਾਂ ਚੋਂ ਫੜ-ਫੜਕੇ ਲਿਜਾਕੇ ਆਪਣੇ ਅਹੁਦਿਆਂ ਖਾਤਰ ਝੂਠੇ ਪੁਲਸ ਮੁਕਾਬਲੇ ਬਣਾ ਕੇ ਗੋਲੀਆਂ ਦੇ ਸ਼ਿਕਾਰ ਬਣਾਏ॥ ਅਨੇਕਾਂ ਨੂੰ ਨਿਰਦੋਸ਼ ਹੀ ਸਾਲਾਂ ਦੇ ਸਾਲ ਜੇਲਾਂ ਦੀਆਂ

ਕਾਲ ਕੋਠੜੀਆਂ ਵਿਚ ਜੀਵਨ ਗੁਜਾਰਨ ਲਈ ਮਜਬੂਰ ਕੀਤਾ॥ ਕਈਆਂ ਦੀ ਅਜ ਤੱਕ ਕੋਈ ਉਘ ਸੁਘ ਨਹੀਂ ਨਿਕਲੀ॥ ਭਰਾਵਾਂ ਦੇ ਵਿਯੋਗ ਵਿਚ ਕਈ ਭੈਣਾਂ, ਪੁੱਤਾਂ ਦੇ ਵਿਯੋਗ ਮਾਵਾਂ, ਸੁਹਾਗਾਂ ਦੇ ਵਿਯੋਗ ਵਿਚ ਅਨੇਕਾਂ ਸੁਹਾਗ ਰੋ ਰੋ ਕੇ ਰਾਹਵਾਂ ਉਡੀਕਦੀਆਂ ਹੋਈਆਂ ਆਪਣੇ ਨੇਤਰਾਂ ਦੀ ਜੋਤ ਵੀ ਖੋ ਬੈਠੀਆਂ॥ ਲਖਾਂ ਹੀ ਮਸੂਮ ਇਸ ਜਬਰ ਦੀ ਮਾਰ ਝਲਦੇ ਹੋਏ ਗੁਰ ਨਾਨਕ ਦੇਵ ਜੀ ਦੇ ਇਸ ਸਬਦ "ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨ ਆਇਆ" ਨੂੰ ਯਾਦ ਕਰ ਕਰ ਸਿਸਕੀਆਂ ਦਿਲਾਂ ਵਿਚ ਸਮੋਈ ਬੇਬਸ ਹੋਏ ਰਹਿ ਗਏ॥ ਘਰਾਂ ਦੇ ਘਰ ਮਾਤਮ ਦੀ ਸਫਾ ਵਿਛਾਈ ਹੋਈ ਅਣਦਿਖ ਪ੍ਰਮਾਤਮਾ ਨੂੰ ਕੋਸਦੇ ਹੋਏ ਹਾੜੇ ਪਾ ਰਹੇ ਸਨ॥ ਕੋਈ ਕਿਸੇ ਦਾ ਦੁਖ ਨਹੀ ਸੀ ਵੰਡਾ ਸਕਦਾ॥ ਇਹੋ ਜਿਹੇ ਕਠਿਨ ਸਮੇਂ ਵਿਚ ਦਾਸ ਨੂੰ ਕਈ ਵਾਰ ਪੰਜਾਬ ਵਿਚ ਜਾਣ ਦਾ ਮੌਕਾ ਮਿਲਿਆ, ਜਦੋਂ ਸੁਬਹ 6 ਤੋਂ ਸ਼ਾਮ 6 ਵਜੇ ਤਕ ਕੁਝ ਕੰਮ ਦੀ ਢਿਲ ਮਿਲਦੀ ਇਸ ਤੋਂ ਮਗਰੋ ਮੌਤ ਨੂੰ ਮਾਸੀ ਕਹਿਣ ਵਾਲੀ ਗੱਲ ਸੀ॥

ਸਤਿਗੁਰੂ ਕਿਸੇ ਜਾਤ, ਧਰਮ, ਫਿਰਕੇ ਦੇ ਬੰਧਨ ਵਿਚ ਨਹੀਂ ਆਉਦਾ॥ ਉਹ ਸਭਦਾ ਸਾਂਝਾ ਹੁੰਦਾ ਹੈ। ਇਸ ਕਰਕੇ "ਸਤਿਗੁਰ ਸਭਦਾ ਭਲਾ ਮਨਾਇਦਾ"॥ ਸੰਤ ਜੀ ਦਸਦੇ ਹਨ ਕਿਸੇ ਜਰੂਰੀ ਕੰਮ ਕਰਕੇ ਮੈਨੂੰ ਪੰਜਾਬ ਵਿਚ ਪਿੰਡ ਦੋਸਤਪੁਰਾ ਨਜਦੀਕ (ਡੇਰਾ ਬਾਬਾ ਨਾਨਕ) ਜਾਣਾ ਪਿਆ॥ ਜਦੋਂ ਮੈਂ ਫਤਹਿਗੜ੍ਹ ਚੂੜੀਆਂ (ਜਿਲਾ ਅੰਮ੍ਰਿਤਸਰ) ਪਹੁੰਚਿਆ ਤਾਂ ਮੈਨੂੰ ਤਕਰੀਬਨ ਸ਼ਾਮ ਦੇ 6 ਵਜੇ ਟਾਇਮ ਹੋ ਚੁੱਕਾ ਸੀ॥ ਦੋਸਤਪੁਰਾ ਫਤਹਿਗੜ੍ਹ ਚੂੜੀਆਂ ਤੋਂ ਅਜੇ ਕਾਫੀ ਅਗੇ ਸੀ॥ ਨੇੜੇ ਤੇੜੇ ਮੇਰੀ ਠਾਹਰ ਵੀ ਕੋਈ ਨਹੀਂ ਸੀ ਜਿਥੇ ਮੈਂ ਰਾਤ ਕਟ ਸਕਦਾ॥ ਕੁਦਰਤੀ ਮੈਨੂੰ ਇਕ ਸਕੂਟਰ ਵਾਲਾ ਮਿਲਿਆ॥ ਪੁੱਛਣ ਤੇ ਉਸ ਨੇ ਕਿਹਾ ਕਿ ਮੈਂ ਦੋਸਤਪੁਰ ਤੋਂ ਉਰੇ ਕਿਸੇ ਪਿੰਡ ਜਾਣਾ ਹੈ। ਉਥੋਂ ਤਕ ਉਸਦਾ ਸਾਥ ਕੀਤਾ॥ ਅਗੇ ਮੈਨੂੰ ਪੈਦਲ ਚਲਣਾ ਪੈਣਾ ਸੀ॥ ਉਸ ਰਸਤੇ ਵਿਚ ਮੈਨੂੰ ਇਕ ਜੀਪ ਜਿਸ ਵਿਚ ਏ-ਕੇ 47 ਰਾਇਫਲਾਂ ਨਾਲ ਲੈਸ 6-7 ਗਭਰੂ ਸਨ ਮਗਰੋਂ ਆਕੇ ਮਿਲੀ॥ ਉਸਨੇ ਜੀਪ ਮੇਰੇ ਕੋਲ ਖੜੀ ਕਰਕੇ ਮੈਨੂੰ ਵਿਚ ਚੜ੍ਹਨ ਲਈ ਕਿਹਾ॥ ਮੇਰੇ ਹੱਥਾਂ ਦੇ ਤੋਤੇ ਉਡ ਗਏ। ਮੇਰੇ ਸਵਾਸਾਂ ਦੀ ਗਤੀ ਤੇਜ ਹੋ ਗਈ॥ ਮੈਂ ਜਾਣਿਆ ਕਿ ਮੈ ਹੁਣ ਕੁਝ ਹੀ ਪਲਾਂ ਦਾ ਪ੍ਰਾਹੁਣਾ ਹਾਂ॥ ਭਗਤ ਕਬੀਰ ਜੀ ਦੇ ਕਹਿਣ ਮੁਤਾਬਿਕ "ਨ ਜਾਨਾ ਕਿਆ ਕਰ ਸੀ ਪੀਉ॥" ਜੀਪ ਚਲ ਪਈ, ਮੈਨੂੰ ਮੌਤ ਨੇੜੇ ਦਿਸਨ ਲੱਗੀ॥ ਚੁੱਪੀ ਤੋੜਦਿਆ ਇਕ ਗਭਰੂ ਨੇ ਮੈਨੂੰ ਕਿਹਾ ਕਿ ਤੂੰ ਭੈਣੀ ਸਾਹਿਬ ਤੋਂ ਆਇਆਂ ਹੈ? ਮੈਂ ਕਿਹਾ ਕਿ ਮੈਂ ਹੈ ਤਾਂ ਸੇਵਕ ਉਨ੍ਹਾਂ ਦਾ ਹੀ ਪਰ ਆਇਆ ਸਰਸੇ ਤੋਂ ਹਾਂ॥ ਭੈਣੀ ਸਾਹਿਬ ਦਾ ਨਾ ਸੁਣਕੇ ਜਿਵੇਂ ਮੇਰੇ ਸਰੀਰ ਵਿਚ ਜਾਨ ਜਿਹੀ ਪੈ ਗਈ ਹੋਵੇ॥ ਮੈਂ ਹਿੰਮਤ ਕਰਕੇ ਉਨ੍ਹਾਂ ਨੂੰ ਪੁਛ ਹੀ ਲਿਆ ਕਿ ਤੁਸੀਂ ਭੈਣੀ ਸਾਹਿਬ ਵਾਲਿਆਂ ਨੂੰ ਕਿਸ ਤਰ੍ਹਾਂ ਜਾਣਦੇ ਹੋ? ਹੁਣ ਉਨ੍ਹਾਂ ਦੀ ਵਿਥਿਆ ਵੀ ਬਿਆਨ ਕਰਦਾ ਹਾਂ॥

ਸਮੇਂ ਦੇ ਪ੍ਰਭਾਵ ਕਾਰਣ ਸਾਡੀ ਮੱਤ ਮਲੀਨ ਹੋ ਚੁਕੀ ਸੀ। ਅਸੀਂ ਕਿਹਾ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਗੋਂ ਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਛੱਡੀ ਹੈ ਤਾਂ ਅਸੀਂ ਕੋਈ ਪਖੰਡੀ ਦੇਹਧਾਰੀ ਗੁਰੂ ਨਹੀਂ ਰਹਿਣ ਦੇਣਾ॥ ਸੋ ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮਾਰਨ ਵਾਸਤੇ ਵਿਉਂਤ ਬਣਾਈ॥ ਇਸੇ ਤਰ੍ਹਾਂ ਹਥਿਆਰਾਂ ਨਾਲ ਲੈਸ ਹੋ ਕੇ ਸਾਰੀ ਖੁਫੀਆ ਜਾਣਕਾਰੀ ਲੈ ਕੇ ਜਿਸ ਜਗ੍ਹਾ ਸਤਿਗੁਰੂ ਜੀ ਰੋਜ ਇਸ਼ਨਾਨ ਕਰਨ ਜਾਂਦੇ ਸੀ, ਉਥੇ ਪਹੁੰਚ ਗਏ॥ ਸਤਿਗੁਰੂ ਜੀ ਵੀ ਨੇਮ ਮੁਤਾਬਿਕ ਇਸ਼ਨਾਨ ਕਰਨ ਵਾਸਤੇ ਉਥੇ ਆ ਗਏ॥ ਇਸ਼ਨਾਨ ਕਰਦੇ ਵਕਤ ਸਤਿਗੁਰੂ ਜੀ ਨੇ ਸਾਡੇ ਵਲ ਮੇਹਰ ਭਰੀ ਨਜਰ ਨਾਲ ਤਕਿਆ, ਜਿਸ ਤਕਣੀ ਨੇ ਕੌਡੇ ਵਰਗੇ ਰਾਖਸ਼ਾਂ ਨੂੰ ਵੀ ਦੇਵਤੇ ਬਣਾ ਦਿਤਾ ਸੀ, ਸੱਜਣ ਵਰਗੇ ਠੱਗਾਂ ਨੂੰ ਸੰਤ ਗਿਰੀ ਬਖਸ਼ ਦਿਤੀ,॥ ਸਾਡੇ ਸੁਤੇ ਭਾਗ ਜਾਗ ਪਏ॥ ਸਤਿਗੁਰੂ ਜੀ ਨੇ ਹਜੂਰੀ ਸਿੰਘ ਨੂੰ ਸੱਦਣ ਵਾਸਤੇ ਸਾਡੇ ਵਲ ਭੇਜਿਆ॥ ਜਿਵੇਂ 2 ਉਹ ਸਿੰਘ ਸਾਡੇ ਵਲ ਨੂੰ ਵਧੇ ਤਿਵੇਂ 2 ਸਾਡੇ ਸਰੀਰਾਂ ਚੀ ਸੱਤਿਆ ਖਤਮ ਹੁੰਦੀ ਗਈ॥ ਆਪਣੇ ਆਪ ਨੂੰ ਸੂਰਮੇ ਸਮਝਣ ਵਾਲੇ ਅੱਜ ਸਾਡੇ ਹਥੋਂ ਰਾਇਫਲਾਂ ਵੀ ਡਿਗ ਪਈਆਂ।। ਸਿੰਘ ਨੇ ਆਕੇ ਕਿਹਾ ਸਿੰਘੋ ਤੁਹਾਨੂੰ ਸਤਿਗੁਰੂ ਜੀ ਬਲੌਂਦੇ ਹਨ॥ ਰਾਇਫਲਾਂ ਵੀ ਸਾਡੀਆਂ ਉਸ ਸਿੰਘ ਨੇ ਉਠਾਕੇ ਘੜੀਆਂ॥ ਜਦੋਂ ਅਸੀਂ ਸਤਿਗੁਰੂ ਜੀ ਦੇ ਸਨਮੁਖ ਪਹੁੰਚੇ ਤਾਂ ਸਤਿਗੁਰਾਂ ਕਿਹਾ ਕਿ ਆਉ ਸਿੰਘੋ ਕਿਸ ਕੰਮ ਆਏ ਸੀ। ਕਿਸੇ ਦੇ ਆਖੇ ਲੱਗਕੇ ਇਹੋ ਜਿਹੇ ਕੰਮ ਨਹੀਂ ਕਰੀਦੇ॥ ਨਾਲ ਹੀ ਸਾਨੂੰ ਭੈਣੀ ਸਾਹਿਬ ਚਲਣ ਵਾਸਤੇ ਕਿਹਾ॥ ਉਥੇ ਸਾਨੂੰ 7-8 ਦਿਨ ਤਕ ਰਖਿਆ॥ ਰੋਜ ਬਾਦਾਮਾਂ ਦੀਆਂ ਸਰਦਾਈਆਂ, ਕੜ੍ਹਾਹ ਪ੍ਰਸਾਦਿ ਦੇ ਗੱਫੇ, ਦੇਸੀ ਘਿਓ ਨਾਲ ਚੋਪੜੇ ਪਰਸ਼ਾਦੇ, ਦਾਲੇ, ਭਾਜੇ ਵਿਚ ਘਿਓ ਦੇ ਗੱਫੇ ਤਾਂ ਹੁਕਮ ਕੀਤਾ ਸਿੰਘੋ ਜਦੋਂ ਤੁਹਾਨੂੰ ਲੋੜ ਪਏ ਤਾਂ ਭੈਣੀ ਸਾਹਿਬ ਆ ਜਾਇਆ ਕਰੋ॥ ਸੰਤ ਜੀ ਬਾਣੀ ਵਿਚ ਸੱਚ ਹੀ ਲਿਖਿਆ ਹੈ "ਐਸੇ ਗੁਰ ਕੌ ਬਲ ਬਲ ਜਾਈਐ ਆਪਿ ਮੁਕਤੁ ਮੋਹਿ ਤਾਰੈ"॥ ਕਬੀਰ ਜੀ ਵੀ ਫੁਰਮਾਨ ਕਰਦੇ ਹਨ "ਬੁਧ ਬਦਲੀ ਸਿਧਿ ਪਾਈ" ਵਾਲੀ ਅਵਸਥਾ ਬਖਸ਼ਕੇ ਸਾਡਾ ਜੀਵਨ ਹੀ ਬਦਲ ਦਿਤਾ॥

ਸੋ ਉਨ੍ਹਾਂ ਮੈਨੂੰ ਦੋਸਤਪੁਰੇ ਪਿੰਡ ਪਹੁੰਚਾਕੇ, ਨਾਲੇ ਕਿਹਾ ਕਿ ਅਗੋ ਤੋਂ ਤੁਸੀਂ ਵੇਲੇ ਕੁਵੇਲੇ ਨਹੀਂ ਔਣਾ, ਸਮਾ ਬੜਾ ਭਿਆਨਕ ਹੈ॥ -ਇਤੀ-

***

ਸਤਿਗੁਰੂ ਉਦੈ ਸਿੰਘ ਜੀ-ਇਕ ਮਸੀਹਾ



-ਬਲਬੀਰ ਸਿੰਘ

ਇਕ ਸੱਚਾ ਗੁਰੂ ਉਹ ਹੁੰਦਾ ਹੈ ਜਿਹੜਾ ਸਾਰਿਆ ਨੂੰ ਇਕੋ ਜਿਹੀ ਉਦਾਰਤਾ ਨਾਲ ਗੱਲ ਲਾਉਂਦਾ ਹੈ। ਸਾਡੇ ਵਰਤਮਾਨ ਗੁਰੂ, ਸ੍ਰੀ ਸਤਿਗੁਰੂ ਉਦੈ ਸਿੰਘ ਜੀ ਸੰਗਤ ਨੂੰ ਬਹੁਤ ਪਿਆਰ ਅਤੇ ਸਨੇਹ ਕਰਦੇ ਹਨ।

ਮੇਰਾ ਇਕ ਮਾਸੀ ਦਾ ਪੁੱਤ ਭਰਾ ਹੈ ਜੋ ਕਿ ਦਿੱਲੀ ਦੇ ਇਕ ਬਹੁਤ ਖੁਸ਼ਹਾਲ ਪਰਿਵਾਰ ਦਾ ਬੱਚਾ ਹੈ। ਬਚਪਨ ਵਿਚ ਪਰਿਵਾਰਕ ਅਸ਼ਾਂਤੀ ਕਰਕੇ ਉਸਦੇ ਪਿਤਾ ਜੀ ਨੇ ਇਕ ਦੋ ਵਾਰ ਘਰ ਛੱਡ ਦਿੱਤਾ ਅਤੇ ਫੇਰ ਕਦੇ ਘਰ ਪਰਤ ਕੇ ਨਹੀਂ ਆਏ। ਉਨ੍ਹਾਂ ਨੂੰ ਇਕੱਲੇ ਛੱਡ ਦਿੱਤਾ। ਹਾਲਾਤ ਹੋਰ ਬੁਰੇ ਹੋ ਗਏ ਅਤੇ ਉਹ ਘਰ ਨਾਲੋਂ ਜਿਆਦਾ ਗਲੀਆਂ ਵਿਚ ਸਮਾਂ ਗੁਜਾਰਨ ਲਗ ਗਿਆ। ਇਸ ਤੋਂ ਬਾਅਦ ਉਹ ਦਿੱਲੀ ਦੇ ਚੋਕਾਂ ਵਿਚ ਅਤੇ ਬਾਅਦ ਵਿਚ ਜਵਾਨੀ ਵੇਲੇ ਹਾਈਵੇਅ (ਵੱਡੀ ਸੜਕ) ਤੇ ਦਿਖਣ ਲੱਗ ਗਿਆ। ਜ਼ਿਆਦਾ ਉਹ ਆਮ ਤੌਰ ਤੇ ਪਾਟੇ ਕਪੜਿਆਂ ਵਿੱਚ ਮੁਖ ਸੜਕ ਤੇ ਟਰੱਕ ਡਰਾਈਵਰਾਂ ਨੂੰ ਹੱਥ ਦੇ ਕੇ ਰੋਕਦੇ ਹੋਏ ਅਤੇ ਦੂਜੇ ਹੱਥ ਵਿੱਚ ਤੂੰਬੀ ਫੜੀ ਵੇਖਿਆ ਜਾਂਦਾ। ਸਾਰੇ ਟਰੱਕ ਵਾਲੇ ਉਥੇ ਖੁਸ਼ੀ ਖੁਸ਼ੀ ਰੁੱਕ ਜਾਂਦੇ ਕਿਉਂਕਿ ਉਹ ਉਨਾਂ ਵਾਸਤੇ ਇਕ ਮੁਫਤ ਦਾ ਮਨੋਰੰਜਨ ਸੀ। ਮੈਨੂੰ ਨਹੀਂ ਪਤਾ ਕਿ ਉਸਨੇ ਕਿਥੋ ਗਾਣਾ ਅਤੇ ਇਹ ਵਧੀਆ ਸਾਜ ਵਜਾਉਣਾ ਸਿੱਖ ਲਿਆ। ਉਸਦੀ ਕੋਈ ਮੰਜਿਲ ਨਹੀਂ ਸੀ ਅਤੇ ਉਹ ਅਵਾਰਾਪਣ ਦਾ ਜ਼ਿੰਦਗੀ ਜੀਉ ਰਿਹਾ ਸੀ। ਤਕਰੀਬਨ ਸਾਰਾ ਦਿੱਲੀ, ਪੰਜਾਬ ਅਤੇ ਨਾਲ ਲਗਦਾ ਯੂ ਪੀ ਉਸ ਦਾ ਘਰ ਸੀ ਪਰ ਬਦ-ਕਿਸਮਤੀ ਨਾਲ ਕੋਈ ਵੀ ਰਿਸ਼ਤੇਦਾਰ ਉਸ ਨੂੰ ਇਕ ਦਿਨ ਲਈ ਵੀ ਆਪਣੇ ਘਰ ਰੱਖਣ ਨੂੰ ਤਿਆਰ ਨਹੀਂ ਸੀ ਅਤੇ ਅਜੇ ਵੀ ਇਹੀ ਸਥਿਤੀ ਹੈ। ਉਹ ਕਿਸੇ ਵੀ ਰਿਸ਼ਤੇਦਾਰਾਂ ਨੂੰ ਪ੍ਰਵਾਨ ਨਹੀਂ ਸੀ। ਉਸਦੇ ਮਾੜੇ ਕਰਮਾਂ ਉਤੇ ਇਕ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ। ਹੁਣ ਇਹ ਸੁਨਣ ਵਿੱਚ ਆਇਆ ਹੈ ਕਿ ਉਸਨੇ ਹਰਿਆਣਾ ਵਿਚ ਕਿਤੇ ਟਿਕਾਣਾ ਬਣਾ ਲਿਆ ਹੈ ਤੇ ਤੂੰਬੀਆਂ ਬਣਾ ਕੇ ਆਪਣੀ ਰੋਟੀ ਕਮਾਉਂਦਾ ਹੈ ਅਤੇ ਸਾਜਾਂ ਦੀਆਂ ਦੁਕਾਨਾਂ ਤੇ ਤੂੰਬੀਆਂ ਵੇਚਦਾ ਹੈ। ਉਸਨੂੰ ਵਿਦੇਸ਼ ਤੋਂ ਵੀ ਥੋੜਾ ਬਹੁਤ ਕੰਮ ਮਿਲ ਜਾਂਦਾ ਹੈ। ਇਕ ਕਰਮਾਂ ਵਾਲੇ ਦਿਨ ਉਸ ਨੂੰ ਆਪਣੇ ਘਰ ਤੋਂ ਦੋ ਤਿੰਨ ਕਿਲੋਮੀਟਰ ਦੂਰ ਸੰਤ ਨਗਰ ਵਿਖੇ ਸਤਿਗੁਰੂ ਜੀ ਦੀ ਆਮਦ ਦਾ ਪਤਾ ਲਗ ਗਿਆ। ਉਹ ਵੀ ਨਾਮਧਾਰੀ ਬਾਣੇ ਵਿਚ ਸਤਿਗੁਰੂ ਜੀ ਦੇ ਪਵਿੱਤਰ ਦਰਸ਼ਨ ਕਰਨ ਲਈ ਪਹੁੰਚ ਗਿਆ। ਇਥੇ ਵੀ ਉਸਦੀ ਤਕਦੀਰ ਨੇ ਉਸਦਾ ਪਿੱਛਾ ਨਹੀਂ ਛੱਡਿਆ। ਉਸਦੇ ਚਿੱਟੇ ਕਪੜੇ ਵੀ ਉਸਨੂੰ ਛੁਪਾਉਣ ਲਈ ਕਾਫੀ ਨਹੀਂ ਸਨ। ਗੇਟ ਤੇ ਖੜ੍ਹੇ ਆਦਮੀ ਨੂੰ ਉਸਦੇ ਪੁਰਾਣੇ ਦਿਨਾਂ ਬਾਰੇ ਪਤਾ ਲਗ ਗਿਆ ਅਤੇ ਉਸਨੇ ਉਸਨੂੰ ਜਾਣ ਤੋਂ ਮਨਾ ਕਰ ਦਿੱਤਾ। ਘਰ ਵਿੱਚ ਜਿਥੇ ਸੱਚੇ ਪਾਤਸ਼ਾਹ ਜੀ ਚਰਣ ਪਾਉਣ ਆਏ ਸਨ, ਉਸਨੇ ਅੰਦਰ ਜਾਣ ਦੀ ਜਿੱਦ ਕੀਤੀ ਪਰ ਉਸਨੂੰ ਹਰ ਵਾਰੀ ਰੋਕ ਦਿੱਤਾ ਗਿਆ। ਉਸਨੂੰ ਗੁੱਸਾ ਆ ਗਿਆ ਅਤੇ ਉਸਨੇ ਉਸ ਆਦਮੀ ਤੇ ਚੀਕਣਾ ਸ਼ੁਰੂ ਕਰ ਦਿੱਤਾ ਜੋ ਉਸਨੂੰ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਕਰਨ ਦੇ ਰਿਹਾ ਸੀ। ਉਥੇ ਬੰਦੂਕ ਧਾਰੀ ਵਿਅਕਤੀ ਵੀ ਸਨ ਅਤੇ ਆਮ ਸੰਗਤ ਵੀ ਸੀ ਹੱਫੜਾ-ਦੱਫੜੀ ਮਚ ਗਈ। ਇਹ ਰੌਲਾ ਸੁਣ ਕੇ ਇਕ ਭਲਾ ਵਿਅਕਤੀ ਅੰਦਰੋ ਆਇਆ ਅਤੇ ਉਸਨੇ ਮੇਰੇ ਭਰਾ ਨੂੰ ਸ਼ਾਂਤ ਕੀਤਾ ਤੇ ਉਸਨੂੰ ਵਿਸ਼ਵਾਸ ਦਵਾਇਆ ਕਿ ਉਹ ਇਥੇ ਹੀ ਰੁਕੇ, ਸਤਿਗੁਰੂ ਜੀ ਆਪ ਉਸ ਨੂੰ ਦਰਸ਼ਨ ਦੇਣਗੇ। ਉਸੇ ਸਮੇਂ ਸਤਿਗੁਰੂ ਜੀ ਉਸਦੇ ਕੋਲ ਆਉਂਦੇ ਦਿਖਾਈ ਦਿੱਤੇ। ਕਿਸੇ ਦੀ ਪਰਵਾਹ ਕੀਤੇ ਬਿਨਾਂ ਉਹ ਉਦਾਸ ਰੂਹ ਸਿੱਧਾ ਸਤਿਗੁਰੂ ਜੀ ਦੇ ਚਰਣੀ ਡਿੱਗ ਪਈ। ਉਸਦੇ ਹੰਝੂ ਨਹੀਂ ਰੁਕ ਰਹੇ ਸਨ। ਸਤਿਗੁਰੂ ਜੀ ਨੇ ਉਸ ਨੂੰ ਮੋਢਿਆਂ ਤੋਂ ਚੁਕਿਆ। ਹੱਥ ਜੋੜ ਕੇ ਉਹ ਸਤਿਗੁਰੂ ਜੀ ਅਗੇ ਝੁਕਿਆ ਰਿਹਾ ਅਤੇ ਭਰੀ ਹੋਈ ਆਵਾਜ਼ ਵਿੱਚ ਸਤਿਗੁਰੂ ਜੀ ਦੇ ਅੱਗੇ ਅਰਜ ਕੀਤੀ, 'ਹੇ ਸੱਚੇ ਪਾਤਸ਼ਾਹ ਮੈਂ ਕਦੋਂ ਸੈਟ ਹੋਵਾਂਗਾ ਅਤੇ ਮੇਰਾ ਕੰਮ ਕਦੋਂ ਵਧੇਗਾ। ਮੇਰਾ ਪਰੀਵਾਰ ਮੈਨੂੰ ਕਦੋਂ ਸਵੀਕਾਰ ਕਰੇਗਾ। "ਏਨਾ ਕਹਿ ਕੇ ਉਸ ਨੇ ਸਤਿਗੁਰੂ ਜੀ ਨੂੰ ਇਕ ਤੂੰਬੀ ਭੇਂਟ ਕੀਤੀ। ਸਤਿਗੁਰੂ ਜੀ ਨੇ ਉਸਨੂੰ ਅਸ਼ੀਰਵਾਦ ਦਿੱਤਾ ਤੇ ਕਿਹਾ, "ਤੇਰੀਆਂ ਤੂੰਬੀਆਂ ਤੇ ਕੈਨੇਡਾ ਤੇ ਅਮਰੀਕਾ ਪਹੁੰਚ ਗਈਆਂ ਨੇ, ਹੋਰ ਤੈਨੂੰ ਕੀ ਚਾਹੀਦਾ? ਤੇਰੇ ਉੱਤੇ ਸਤਿਗੁਰੂ ਜੀ ਦੀ ਕਿਰਪਾ ਹੈ। ਸਤਿਗੁਰੂ ਭਲੀ ਕਰਨਗੇ। ਬਸ ਨਾਮ ਜਪਿਆ ਕਰ, ਤੇਰੇ ਸਾਰੇ ਕਾਜ ਸਿੱਧ ਹੋਣਗੇ।" ਸਤਿਗੁਰੂ ਜੀ ਨੇ ਉਸਨੂੰ ਆਪਣੇ ਕੋਲੋਂ ਮਾਇਆ ਅਤੇ ਮੁੱਠੀ ਭਰ ਕੇ ਮੇਵੇ ਦਿੱਤੇ ਤੇ ਨਾਲ ਕੁਝ ਸੇਬ ਵੀ ਦਿੱਤੇ। ਇਹ ਸਾਰਾ ਕੁਝ ਮੇਰੇ ਭਰਾ ਨੇ ਝੋਲੀ ਵਿਚ ਪੁਆ ਲਿਆ। ਇਸ ਤੋਂ ਬਾਅਦ ਉਹ ਖੁਸ਼ੀ ਖੁਸ਼ੀ, ਪੂਰੇ ਸੰਤੋਖ ਸਬਰ ਨਾਲ ਅਤੇ ਸ਼ਾਂਤੀ ਨਾਲ ਰਹਿ ਰਿਹਾ ਹੈ

ਸਤਿਗੁਰੂ ਉਦੈ ਸਿੰਘ ਜੀ ਵਰਗਾ ਸੱਚਾ ਗੁਰੂ ਹੀ ਬਿਰਾਦਰੀ ਵਲੋਂ ਨਕਾਰੇ ਗਏ ਅਤੇ ਘਿਰਣਾ ਦੇ ਪਾਤਰਾਂ ਨੂੰ ਆਪਣੇ ਗਲ ਨਾਲ ਲਾਉਂਦਾ ਅਤੇ ਅਸ਼ੀਰਵਾਦ ਦੇਂਦਾ ਹੈ। ਉਹ ਸੱਚ ਹੀ ਇਕ ਮਸੀਹਾ ਹਨ।

***

ਤੇਰੀਆਂ ਨੇ ਉਚੀਆਂ ਸ਼ਾਨਾਂ

ਜਗਜੀਤ ਗੁਰੂ ਪਿਆਰੇ, ਤੇਰੀਆਂ ਨੇ ਉਚੀਆਂ ਸ਼ਾਨਾਂ ,
ਤੂੰ ਸਬ ਨੂੰ ਤਾਰਿਆ ਹੈ, ਤੂੰ ਸਬ ਨੂੰ ਤਾਰੀ ਜਾਨੈ।
ਆਪਣੇ ਗੁਨਾਹਾਂ ਦੀ ਮੈਂ ਪੰਡ ਲੈ ਕੇ ਇਥੇ ਆਇਆ,
ਤੇਰਾ ਹੈ ਬਿਰਧ ਜਾਣਾ ਆ ਸਰ ਨੂੰ ਝੁਕਾਇਆ।
ਤੂੰ ਹੀ ਗਲੇ ਲਗਾਵੇਂ ਨ ਸਮਜੇਂ ਕੋਈ ਬੇਗਾਨਾ,
ਤੂੰ ਸਬ ਨੂੰ ਤਾਰਿਆ......
ਹਰ ਥਾਂ ਤੇ ਤੂੰ ਹੀ ਵਸਦੈਂ ਪਲ ਪਲ ਮੈਂ ਤੈਨੂੰ ਧਿਆਵਾਂ।
ਤੂੰ ਹੀ ਏ ਸਭ ਕਿਛ ਮੇਰਾ ਕੁਲ ਦਾਤਾਂ ਇਥੋਂ ਪਾਵਾਂ।
ਨਾਨਕ ਗੁਰੂ ਦਾ ਘਰ ਹੈ ਤੂੰ ਹੀ ਬੀਨਾ ਤੂੰ ਹੀਂ ਦਾਨਾ
ਤੂੰ ਸਬ ਨੂੰ ਤਾਰਿਆ.....
ਤਿੰਨ ਲੋਕ ਦਾ ਤੂੰ ਸੁਆਮੀ ਮੁਕਤੀ ਦਾ ਤੂੰ ਹੀ ਦਾਤਾ।
ਆਵਾ ਗੌਣ ਸਾਰੇ ਕਟਤੇ ਨਿਜ ਰਾਸਤਾ ਦਿਖਾਤਾ।
ਲਿਖ ਤੇ ਤੂੰ ਲੇਖ ਸਾਡੇ ਹਥੀਂ ਆਪਣੇ ਫੜ ਕੇ ਕਾਨਾ,
ਤੂੰ ਸਬ ਨੂੰ ਤਾਰਿਆ......
ਤੇਰਾ ਜੋ ਦਰਸ ਕਰਦੇ ਹਿਰਦੇ ਨੇ ਸੀਤ ਠਰਦੇ,।
ਇੱਕ ਧਿਆਨ ਤੇਰਾ ਧਰਲੇ ਸਬ ਦੁੱਖੜੇ ਜਾਦੇ ਹਰਦੇ।
ਅਸਪਾਲ ਨੂੰ ਵੀ ਬਖਸ਼ੇਂ ਦੇ ਕੇ ਨਾਮ ਦਾ ਖ਼ਜਾਨਾ ਤੂੰ ਸਬ ਨੂੰ
ਤਾਰਿਆ........-

-ਕਰਨੈਲ ਸਿੰਘ ਅਸਪਾਲ
ਮੋ-94167-27810

.ਗਜ਼ਲ

-ਨਵਰਾਹੀ ਘੁਗਿਆਣਵੀ

ਆਸ਼ਿਕੀ ਇੱਕ ਉਬਾਲ ਹੁੰਦਾ ਹੈ।
ਸੋਚ ਹੁੰਦੀ ਏ ਖ਼ਿਆਲ ਹੁੰਦਾ ਹੈ।
ਹੁੰਦਾ ਹੈ ਬੜਾ ਗੌਰਵ ਤਸੱਲੀ ਬੜੀ;
ਜਦੋਂ ਕੋਈ ਹਮਦਮ ਨਾਲ ਹੁੰਦਾ ਹੈ।
ਜ਼ਰਦਾਰਾਂ ਨੂੰ ਕਿਵ ਹੋਵੇ ਅਹਿਸਾਸ;
ਬੇਕਸਾਂ ਦਾ ਜੋ ਹਾਲ ਹੁੰਦਾ ਹੈ;
ਆਮੁਹਾਰੇ ਨਿਕਲਦੀ ਵਾਹ ਵਾਹ;
ਕੋਈ ਕੋਈ ਜਲਵਾ ਕਮਾਲ ਹੁੰਦਾ ਹੈ।
'ਹੰਕਾਰ ਦੀ ਹੱਦ ਲੰਘ ਜਾਂਦਾ ਏ ਜੋ;
ਬੇਵਕੂਫ਼ ਆਖਿਰ ਪਾਮਾਲ ਹੁੰਦਾ ਹੈ।
ਸਹਿਜਵੰਤਾ ਆਦਮੀ ਕਰਦਾ ਨਾ ਸ਼ੋਰ;
ਉਸ ਦਾ ਹਿਰਦਾ ਵਿਸ਼ਾਲ ਹੁੰਦਾ ਹੈ।
ਰਹਿੰਦੀ ਨਾ ਤੋਟ ਕਾਈ, ਕਦੇ;
ਸਾਹਿਬ ਜਦੋਂ ਦਿਆਲ ਹੁੰਦਾ ਹੈ।
ਨਵਰਾਹੀਂ ਉਲਝ ਜਾਂਦੇ ਖ਼ੁਦ-ਬਖ਼ੁਦ;
ਹੱਥਾਂ 'ਚ ਜਿਸ ਦੇ ਜਾਲ ਹੁੰਦਾ ਹੈ।

98150-02302

***

ਕਰਮਯੋਗ

ਜੇਕਰ ਤੁਸੀਂ ਸਚਮੁੱਚ ਕਿਸੇ ਮਨੁੱਖ ਦੇ ਚਰਿੱਤਰ ਨੂੰ ਪਰਖਣਾ ਚਾਹੁੰਦੇ ਹੋ ਤਾਂ ਉਸਦੇ ਵੱਡੇ ਕੰਮਾਂ ਦੀ ਜਾਂਚ ਨਾ ਕਰੋ। ਇਕ ਮੂਰਖ ਵੀ ਕਿਸੇ ਵਿਸ਼ੇਸ਼ ਮੌਕੇ ਤੇ ਬਹਾਦਰ ਬਣ ਜਾਂਦਾ ਹੈ। ਮਨੁੱਖ ਦੇ ਅਤਿਅੰਤ ਸਧਾਰਨ ਕੰਮਾਂ ਦੀ ਜਾਂਚ ਕਰੋ ਅਤੇ ਅਸਲ ਵਿੱਚ ਉਹ ਹੀ ਅਜਿਹੀਆਂ ਗੱਲਾਂ ਹਨ ਜਿਹਨਾਂ ਤੋਂ ਮਹਾਨ ਮਨੁੱਖ ਦੇ ਵਾਸਤਵਿਕ ਚਰਿੱਤਰ ਦਾ ਪਤਾ ਲਗਦਾ ਹੈ।

-ਸਵਾਮੀ ਵਿਵੇਕਾਨੰਦ

ਆਚਰਣ

ਬੰਦੇ ਦੇ ਆਚਰਣ ਦੀ ਸਭ ਤੋਂ ਵੱਡੀ ਪਰਖ ਇਹ ਹੁੰਦੀ ਹੈ ਕਿ ਜਦੋਂ ਉਹ ਇਕੱਲਾ ਹੋਵੇ ਅਤੇ ਉਸਨੂੰ ਕੋਈ ਦੇਖ ਨਾ ਰਿਹਾ ਹੋਵੇ ਤਾਂ ਉਸ ਵੇਲੇ ਉਹ ਕੀ ਕਰਦਾ ਹੈ।

-ਐਸ. ਰਾਧਾ ਕ੍ਰਿਸ਼ਨਨ

ਗੀਤ

ਗੁਰੂ ਪ੍ਰਤਾਪ ਦੇ ਦੁਲਾਰੇ ਸੀ
ਸੰਗਤਾਂ ਨੂੰ ਲੱਗਦੇ ਪਿਆਰੇ ਸੀ
ਦੀਨ ਦੁਖੀਆਂ ਦੇ ਸੱਚੇ ਯਾਰ ਸੀ
ਸਭਨਾਂ ਨੂੰ ਕਰਦੇ ਪਿਆਰ ਸੀ
ਜਿੱਤਿਆ ਸੀ ਜੱਗ ਜਗਜੀਤ ਨੇ
ਦਇਆਵਾਨ ਦਾਨੀ ਦਿਲਜੀਤ ਨੂੰ
ਬੰਦਨਾਂ ਏ ਮੇਰੀ ਹੱਥ ਜੋੜ ਕੇ
ਸ੍ਰੀ ਸਤਿਗੁਰੂ ਜਗਜੀਤ ਨੂੰ

ਡਿੱਗਿਆ ਨੂੰ ਚੁੱਕ ਗਲ ਲਾਇਆ ਸੀ
ਰੋਂਦਿਆਂ ਨੂੰ ਉਹਨਾਂ ਨੇ ਹਸਾਇਆ ਸੀ
ਹੋਇਆ ਲਟਬੌਰਾ ਭੌਰਾ ਬਾਵਰਾ
ਦਰ ਉੱਤੇ ਜਿਹੜਾ ਚੱਲ ਆਇਆ ਸੀ
ਚਰਨਾਂ ਦੇ ਨਾਲ ਉਹਨੂੰ ਲਾ ਲਿਆ
ਰੱਖਿਆ ਏ ਸਾਫ਼ ਜਿੰਨੇ ਨੀਤ ਨੂੰ
ਬੰਦਨਾਂ ਏ ਮੇਰੀ ਹੱਥ ਜੋੜ ਕੇ
ਸ੍ਰੀ ਸਤਿਗੁਰੂ ਜਗਜੀਤ ਨੂੰ

ਟੁੱਟਿਆਂ ਨੂੰ ਸਿੱਖੀ ਨਾਲ ਜੋੜਿਆ
ਬੁਰਿਆਂ ਨੂੰ ਬਦੀਆਂ ਤੋਂ ਮੋੜਿਆ
ਦੁਬਿਧਾ ਤੇ ਈਰਖਾ ਮੁਕਾਈ ਸੀ
ਹੰਗਤਾਂ ਦੇ ਜੰਦਰੇ ਨੂੰ ਤੋੜਿਆ
ਕੂੜ ਦੀਆਂ ਰੀਤਾਂ ਸਭ ਤੋੜੀਆਂ
ਕਾਇਮ ਕੀਤਾ ਸੱਚ ਵਾਲੀ ਰੀਤ ਨੂੰ
ਬੰਦਨਾਂ ਏ ਮੇਰੀ ਹੱਥ ਜੋੜ ਕੇ
ਸ੍ਰੀ ਸਤਿਗੁਰੂ ਜਗਜੀਤ ਨੂੰ

ਬਿਰਧਾਂ ਨੂੰ ਆਪ ਸੀ ਸੰਭਾਲ ਦੇ
ਗਊ ਤੇ ਗਰੀਬ ਤਾਂਈ ਪਾਲ ਦੇ
ਕੁਸ਼ਟੀ ਦੇ ਕਸ਼ਟਾ ਨੂੰ ਕੱਟ ਦੇ
ਮੋਇਆਂ ਤਾਂਈ ਆਪ ਸੀ ਜੀਵਾਲ ਦੇ
ਜਨਮ ਮਰਣ ਉਹਦਾ ਕੱਟਤਾ
ਪਾਇਆ ਜਿਸ ਪੱਕੀ ਸੀ ਪਰੀਤ ਨੂੰ
ਬੰਦਨਾਂ ਏ ਮੇਰੀ ਹੱਥ ਜੋੜ ਕੇ
ਸ੍ਰੀ ਸਤਿਗੁਰੂ ਜਗਜੀਤ ਨੂੰ
ਡੁੱਬਿਆਂ ਦੇ ਬੇੜੇ ਝੱਟ ਤਾਰਦੇ
ਜਦੋਂ ਭਰ ਕੇ ਨਜ਼ਰ ਸੀ ਨਿਹਾਰਦੇ
ਗੁਰਬਾਣੀ ਮੁੱਖ ਚੋਂ ਉਚਾਰਦੇ
ਜਦੋਂ ਪੋਟੇ ਦਿਲ ਰੁਬਾ ਉੱਤੇ ਮਾਰਦੇ
ਤੁਰੇ ਜਾਂਦੇ ਰਾਹੀ ਸਾਰੇ ਰੁੱਕਦੇ
ਜਦੋਂ ਸੁਰਾਂ ਵਿੱਚ ਗਾਉਂਦੇ ਸੀ ਸੰਗੀਤ ਨੂੰ
ਬੰਦਨਾਂ ਏ ਮੇਰੀ ਹੱਥ ਜੋੜ ਕੇ
ਸ੍ਰੀ ਸਤਿਗੁਰੂ ਜਗਜੀਤ ਨੂੰ

ਭੇਦ ਭਰੇ ਹਾਸੇ ਜਦੋਂ ਹੱਸਦੇ
ਦਰਮ ਪਰਮ ਦੁੱਖ ਨੱਸਦੇ
ਚੰਗੀ ਮੰਦੀ ਰਮਜ਼ ਪਛਾਣਦੇ
ਪਰ ਭੇਦ ਨਾ ਕਿਸੇ ਦੇ ਤਾਂਈ ਦੱਸਦੇ
ਮਨ ਦੇ ਮੰਦਰ ਵਿੱਚ ਵੱਸਦੇ
ਦਿਲ ਜਾਨੀਦਿਲਬਰਮੀਤ ਨੂੰ
ਬੰਦਨਾਂ ਏ ਮੇਰੀ ਹੱਥ ਜੋੜ ਕੇ
ਸ੍ਰੀ ਸਤਿਗੁਰੂ ਜਗਜੀਤ ਨੂੰ

ਬਾਰਵਾਂ ਮਹੀਨਾਂ ਜਦੋਂ ਆਇਆ ਸੀ
ਚੰਦਰਾਂ ਵਿਛੋੜਾ ਸਾਨੂੰ ਪਾਇਆ ਸੀ
ਹਰ ਦਿਲ ਹਰ ਅੱਖ ਰੋਈ ਸੀ
ਹਰ ਪਾਸੇ ਮਾਤਮ ਹੀ ਛਾਇਆ ਸੀ
ਦਿਨ ਸੀ ਕੁਲ੍ਹੈਹਣਾ ਵੀਰਵਾਰ ਦਾ
ਤੁਰ ਗਏ ਸੀ ਤੇਰਵੀਂ ਤਾਰੀਕ ਨੂੰ
ਬੰਦਨਾਂ ਏ ਮੇਰੀ ਹੱਥ ਜੋੜ ਕੇ
ਸ੍ਰੀ ਸਤਿਗੁਰੂ ਜਗਜੀਤ ਨੂੰ

ਕਵੀਆਂ ਦੀ ਕਦਰ ਸੀ ਕਰ ਦੇ
ਮਿਹਰਾਂ ਵਾਲੇ ਝਰਨੇ ਸੀ ਝਰਦੇ
ਮੱਲ ਗੰਗਾ ਸਿੰਘ ਖਾਲੀ ਝੋਲੀਆਂ
ਦਰ ਉੱਤੇ ਆਣ ਕੇ ਸੀ ਭਰਦੇ
ਅੱਖਾਂ ਨਾਲ ਵੇਖ ਸਾਰੀ ਵਾਰਤਾ
ਗੁਰਸੇਵਕ ਨੇ ਲਿਖਿਆ ਏ ਗੀਤ ਨੂੰ
ਬੰਦਨਾਂ ਏ ਮੇਰੀ ਹੱਥ ਜੋੜ ਕੇ
ਸ੍ਰੀ ਸਤਿਗੁਰੂ ਜਗਜੀਤ ਨੂੰ

-ਗੁਰਸੇਵਕ ਸਿੰਘ ਢਿਲੋਂ

ਦੋ ਗ਼ਜ਼ਲਾਂ

(੧)

ਭਾਗਾਂ ਵਿਚ ਸਤਸੰਗ ਨਾ ਹੋਇਆ।
ਬਣ ਉਸ ਦੀ ਮ੍ਰਿਦੰਗ ਨਾ ਹੋਇਆ।

ਕਿੰਨੇ ਅਮੋਲਕ ਸਾਹ ਹਨ ਤੇਰੇ,
ਲਿਖ ਇਸਦਾ ਪ੍ਰਸੰਗ ਨਾ ਹੋਇਆ।

ਅੰਦਰ ਚੋਰ ਲੁਕੇ ਹਨ ਜਿਹੜੇ,
ਛੇੜ ਉਨ੍ਹਾਂ ਨਾਲ ਜੰਗ ਨਾ ਹੋਇਆ।

ਲੋਭ, ਮੋਹ, ਹੰਕਾਰ ਅਜੇ ਤੱਕ,
ਛਿੱਕੇ ਉੱਪਰ ਟੰਗ ਨਾ ਹੋਇਆ।

ਉੱਪਰੋਂ ਬਾਣਾ ਕਲਗੀਧਰ ਦਾ,
ਅੰਦਰੋਂ ਹੋ ਨਿਹੰਗ ਨਾ ਹੋਇਆ।

ਹੋਰ ਬੜਾ ਕੁਝ ਮੰਗਦਾ ਰਹਿਨੈ,
ਭਲਾ ਕਿਸੇ ਦਾ ਮੰਗ ਨਾ ਹੋਇਆ।

ਹਰ ਥਾਂ ਜਿਹੜਾ ਹੈ ਪ੍ਰਸੰਗਕ
ਲਿਖ ਉਸ ਦਾ ਪ੍ਰਸੰਗ ਨਾ ਹੋਇਆ

ਬੱਦਲਾਂ ਛਮ ਛਮ ਵਰ੍ਹਨਾ ਸੀ ਪਰ,
ਬਣ ਤੈਥੋਂ ਸਾਰੰਗ ਨਾ ਹੋਇਆ।

ਪਰਮਾਨੰਦ ਕਿਵੇਂ ਹੁੰਦਾ ਪ੍ਰਾਪਤ,
'ਚਰਨ' ਸਾਹਿਬ ਦਾ ਸੰਗ ਨਾ ਹੋਇਆ।

(੨)

ਮਿਟ ਗਏ ਹਨ ਸਭ ਝਗੜੇ-ਝੇੜੇ ਜਦ ਦੇ ਤੁਸੀਂ ਮਿਲੇ ਹੋ।
ਲੱਗ ਗਏ ਰੂਹ ਵਿਚ ਰੂਹ-ਕੇੜੇ ਜਦ ਦੇ ਤੁਸੀਂ ਮਿਲੇ ਹੋ।

ਮਾਣ ਰਿਹਾ ਹਾਂ ਜੋ ਇਸ ਵੇਲੇ ਵਰਣਨ ਕਰਨਾ ਔਖਾ ਹੈ,
ਰੂਹ ਵਿਚ ਨਾਦ-ਅਨਾਹਦ ਛੇੜੇ ਜਦ ਦੇ ਤੁਸੀਂ ਮਿਲੇ ਹੋ।

ਜਿਸਨੂੰ ਨਾਮ ਦੇ ਰੰਗ 'ਚ ਰੰਗੋਂ ਓਹੀ ਗੂੰਗਾ ਹੋ ਜਾਂਦੈ,
ਕੀ ਦੱਸਾਂ ਕੀ ਨਾਮ ਦੇ ਪੇੜੇ ਜਦ ਦੇ ਤੁਸੀਂ ਮਿਲੇ ਹੋ।

ਪਹੁੰਚ ਮੇਰੀ ਤੋਂ ਪਰੇ ਸੀ ਜਿਹੜਾ ਜੁਗਾਂ-ਜੁਗਾਂ ਦੀ ਦੂਰੀ ਸੀ,
ਪਰ ਹੁਣ ਸ਼ਾਹਰਗ ਤੋਂ ਵੀ ਨੇੜੇ ਜਦ ਦੇ ਤੁਸੀਂ ਮਿਲੇ ਹੋ।

ਆਦਿ ਕਾਲ ਦੇ ਝਗੜੇ ਸੀ ਜੋ ਮੈਂ ਤੇ ਤੂੰ ਵਿਚਲੇ,
ਉਹ ਵੀ ਆ ਕੇ ਤੁਸੀਂ ਨਬੇੜੇ ਜਦ ਦੇ ਤੁਸੀਂ ਮਿਲੇ ਹੋ।

ਜ਼ਿੰਦਗੀ ਵਿਚ ਸੀ ਕਿੰਨੀ ਉਦਾਸੀ ਕਿੰਨੀ ਪਤਝੜ ਪਤਝੜ ਸੀ,
ਹੁਣ ਰੂਹ ਵਿਚ ਹਨ ਖੇੜੇ ਖੇੜੇ ਜਦ ਦੇ ਤੁਸੀਂ ਮਿਲੇ ਹੋ।

'ਚਰਨ' ਕਹੇ ਕਿ ਨੱਸ ਕੇ ਮੈਥੋਂ ਜਾਓ ਤੇ ਕਿੱਥੇ ਜਾਓਗੇ,
ਪੈ ਗਏ ਹਨ ਹੁਣ ਪੱਕੇ ਜੇੜੇ ਜਦ ਦੇ ਤੁਸੀਂ ਮਿਲੇ ਹੋ।



-ਚਰਨ ਸੋਚੇਵਾਲਵੀ
428. ਗੁਰੂ ਨਾਨਕਪੁਰਾ (ਵੈਸਟ)
ਡਾਕਖਾਨਾ-ਚੁੱਗਿਟੀ, ਜਲੰਧਰ-144009
ਫੋਨ-098888 -02323

***

ਆਧੁਨਿਕ ਦੋਹੇ

ਡਾ. ਹਰਨੇਕ ਸਿੰਘ ਕੋਮਲ

ਹੁੰਦਾ ਚੜ੍ਹਦੀ ਕਲਾ ਸੀ, ਜ਼ਿੰਦਗੀ ਦਾ ਅੰਦਾਜ਼।
ਕਿੱਥੇ ਹੈ ਉਹ ਜ਼ਿੰਦਗੀ, ਮਾਰੋ ਕੋਈ ਆਵਾਜ਼॥

ਦੇਖ ਲਈ ਹੈ ਜ਼ਿੰਦਗੀ, ਚੰਗੇ-ਮੰਦੇ ਰੰਗ।
ਲੜਿਆ ਹਰ ਮੁਹਾਜ਼ 'ਤੇ, ਨਿੱਕੀ ਵੱਡੀ ਜੰਗ॥

ਕਾਲੀ ਸ਼ਾਹ ਹੈ ਮੱਸਿਆ, ਪੁੰਨਿਆ ਨੂਰੋ-ਨੂਰ।
ਕੂੜ ਸੱਚ ਦੇ ਵਾਂਗ ਨੇ, ਇੱਕ ਦੂਜੇ ਤੋਂ ਦੂਰ॥

ਥਾਂ-ਥਾਂ ਰਿਹਾ ਉਹ ਭਟਕਦਾ, ਟਿਕੇ ਨਾ ਕਿਧਰ ਪੈਰ।
ਥਾਂ-ਥਾਂ ਰਿਹਾ ਉਹ ਭਟਕਦਾ, ਪਈ ਨਾ ਕਿਧਰੋਂ ਖ਼ੈਰ॥

ਭਾਂਡੇ ਰਹਿੰਦੇ ਖੜਕਦੇ, ਵਿਹੜਾ ਬਦਤਮੀਜ਼।
ਟੱਪੇ ਰੌਣਕ ਕਦੇ ਨਾ, ਉਸ ਘਰ ਦੀ ਦਹਿਲੀਜ਼॥

ਖ਼ੁਸ਼ੀ ਤਲਾਸ਼ਣ ਸਿਰਜ ਕੇ, ਫਰਜ਼ੀ ਸਭਿਆਚਾਰ।
ਏ ਸੀ. ਹਾਲ 'ਚ ਸੱਜਿਆ, ਤੀਆਂ ਦਾ ਤਿਉਹਾਰ॥

ਰੱਬਾ ਸੁੱਕੇ ਬਿਰਖ ਨੂੰ, ਦੇਈਂ ਸਾਵੇ ਪੱਤ।
ਬੰਦੇ ਬਦਤਮੀਜ਼ ਨੂੰ ਦੇਈ ਚੰਗੀ ਮੱਤ॥

ਬਖ਼ਸ਼ੋ ਸੱਚੇ ਪਾਤਿਸ਼ਾਹ, ਰੱਖੋ ਕ੍ਰਿਪਾ ਧਾਰ।
ਬਖ਼ਸ਼ੋ ਭੁੱਲੇ ਸਿੱਖ ਨੂੰ, ਬਲ, ਬੁਧੀ, ਦਸਤਾਰ॥

ਹੋਇਆ ਬਾਗ਼ ਵੀਰਾਨ ਹੈ, ਗਾਲ੍ਹੜ ਪਹਿਰੇਦਾਰ।
ਸੁੱਕੇ ਰੁੱਖ ਨੇ ਸੋਚਦੇ: ਆਊ ਕਦੋਂ ਬਹਾਰ॥

ਤਿਲ੍ਹਕਣਬਾਜ਼ੀ ਬਹੁਤ ਹੈ, ਰੱਖੀਂ ਕਦਮ ਸੰਭਾਲ।
ਜੁੜੇ ਕੋਈ ਅਪ ਸ਼ਬਦ ਨਾ, ਤੇਰੇ ਨਾਂ ਦੇ ਨਾਲ॥

ਦਿੱਤਾ ਸਭ ਕੁਝ ਰੱਬ ਨੇ, ਭਰੀ ਹੈ ਉਸ ਦੀ ਝੋਲ।
ਇੱਕੋ ਗੱਲ ਦੀ ਘਾਟ ਹੈ, ਅਕਲ ਨਾ ਉਸ ਦੇ ਕੋਲ॥

ਜਾਵੇ ਖੇਡ 'ਚ ਪਰਖਿਆ, ਬੰਦੇ ਦਾ ਕਿਰਦਾਰ।
ਹੇਰਾ ਫੇਰੀ ਨਾਲ ਤਾਂ, ਜਿੱਤ ਕੇ ਜਾਵੇ ਹਾਰ॥

ਤਨ ਮਨ ਮੈਲਾ ਓਸ ਦਾ, ਨੀਅਤ ਹੈ ਨਾਪਾਕ।
ਕਾਬਿਲ ਨਹੀਂ ਯਕੀਨ ਦੇ, ਬੰਦਾ ਬਦਇਖ਼ਲਾਕ॥

ਖਿੜਦੇ ਹੋਏ ਫੁੱਲ ਨੇ, ਕਰਦੇ ਲੋਕ ਪਸੰਦ।
ਬਣਾ ਲੈਂਦੇ ਕੁਝ ਲੋਕ ਨੇ, ਫੁੱਲਾਂ ਤੋਂ ਗੁਲਕੰਦ॥

ਖੇਡ ਨਾ ਪੈਸੇ ਵਾਸਤੇ, ਖੇਡ ਨਹੀਂ ਵਿਉਪਾਰ।
ਖੇਡ ਤਾਂ ਮਨ ਦਾ ਸ਼ੌਕ ਹੈ, ਨਾ ਜਿੱਤ ਨਾ ਹਾਰ॥

ਲੋਕ ਅਧਰਮੀ ਧਰਮ ਦਾ, ਕਰਦੇ ਨੇ ਅਪਮਾਨ।
ਫੱਟਾ ਲਾ ਕੇ ਧਰਮ ਦਾ, ਖੋਲ੍ਹਣ ਨਵੀਂ ਦੁਕਾਨ॥

ਪੱਤਰ ਪੀਲੇ ਹੋ ਗਏ, ਹੋਇਆ ਬਿਰਖ ਉਦਾਸ।
ਹੁਣ ਤਾਂ ਸਬਜ਼ ਬਹਾਰ ਦੀ, ਮੱਧਮ ਪੈ ਗਈ ਆਸ॥

ਵੱਡੇ ਸੁਪਨੇ ਲਏ ਸਨ, ਹੋਏ ਚਕਨਾਚੂਰ।
ਵੱਡੇ ਸੁਪਨੇ ਰਹਿ ਗਏ, ਸਾਥੋਂ ਕੋਹਾਂ ਦੂਰ॥

ਰਹਿੰਦਾ ਪੰਛੀ ਕੂਕਦਾ, ਜਾਗੇ ਅੰਦਰ ਰੋਸ।
ਰਤਾ-ਕੁ ਚੋਗੇ ਨਾਲ ਪਰ, ਜਾਵੇ ਹੋ ਖ਼ਾਮੋਸ਼॥

ਦੇਵੇ ਲੋਕਾਂ ਵਾਸਤੇ, ਖੇਡ-ਖਿਡੌਣੇ ਘੱਲ।
ਲੋਕਾਂ ਨੂੰ ਖ਼ੁਸ਼ ਕਰਨ ਦਾ, ਜਾਣੇ ਨੇਤਾ ਵੱਲ॥

ਹੋਵੇ ਲੋਕ-ਦਰਦ ਦਾ, ਜ਼ਾਲਿਮ ਨੂੰ ਅਹਿਸਾਸ।
ਭਿੱਜੇ ਲਹੂ ਨਾਲ ਨਾ, ਮਾਨਵ ਦਾ ਇਤਿਹਾਸ॥

ਫਿੱਕੀ-ਫਿੱਕੀ ਜ਼ਿੰਦਗੀ, ਨਕਲੀ ਨਕਸ਼-ਨੁਹਾਰ।
ਨਵੀਂ ਤਰਜ ਦੀ ਜ਼ਿੰਦਗੀ, ਖਾ ਗਈ ਸਭਿਆਚਾਰ॥

ਘਰ-ਬਾਰ ਪਰਿਵਾਰ ਦਾ, ਦਿੱਤਾ ਛੱਡ ਖਿਆਲ।
ਹਰਦਮ 'ਕਾਕਾ' ਚਿਪਕਿਆ, ਰਹੇ ਮੁਬਾਇਲ ਨਾਲ॥

ਰੱਖ ਨਾ 'ਕੋਮਲ' ਕਿਸੇ ਤੋਂ, ਐਵੇਂ ਬਹੁਤੀ ਆਸ।
ਟੁੱਟਦਾ ਅਕਸਰ ਦੇਖਿਆ, ਰੱਬ ਵਰਗਾ ਵਿਸ਼ਵਾਸ॥



ਗਲੀ ਵਿਕਾਸ ਪਬਲਿਕ ਸਕੂਲ,
ਮਲੋਟ-152107(ਪੰਜਾਬ)
ਮੋ.93177-61414

ਜੈਸਾ ਅੰਨ ਵੈਸਾ ਮਨ

-ਡਾ. ਨਿਧੀ ਜੈਨ

ਅੰਨ ਅਤੇ ਸਾਡੇ ਸਰੀਰ ਦਾ ਆਪਸ ਵਿੱਚ ਇਕ ਅਟੁੱਟ ਰਿਸ਼ਤਾ ਹੈ। ਸਾਡੇ ਚੇਤਨ ਸਰੀਰ ਤੇ ਅਵਚੇਤਨ ਮਨ ਦੀ ਖੁਰਾਕ ਅੰਨ ਹੀ ਹੈ। ਹਰ ਇਕ ਚੀਜ਼ ਨੂੰ ਠੀਕ ਰੱਖਣ ਲਈ ਜਿਵੇਂ ਹਵਾ, ਪਾਣੀ ਅਤੇ ਊਰਜਾ ਦੀ ਲੋੜ ਹੁੰਦੀ ਹੈ, ਉਸ ਤਰ੍ਹਾਂ ਸਾਡੇ ਸਰੀਰ ਵਾਸਤੇ ਪ੍ਰਾਣ ਆਤਮਾ ਲਈ ਅੰਨ ਦੀ ਲੋੜ ਹੁੰਦੀ ਹੈ। ਬਚਪਨ ਤੋਂ ਹੀ ਅਸੀਂ ਸੁਣਦੇ ਆ ਰਹੇ ਹਾਂ-

-ਅੰਨ ਹੀ ਅਮ੍ਰਿਤ ਹੈ, ਅੰਨ ਦਾ ਸਤਿਕਾਰ ਕਰੋ

-ਜੈਸਾ ਅੰਨ ਵੈਸਾ ਮਨ

ਸਾਡੇ ਧਾਰਮਿਕ ਗ੍ਰੰਥਾਂ ਵਿੱਚ ਅੰਨ ਨੂੰ ਵਧੇਰੇ ਮਾਨਤਾ ਦਿੱਤੀ ਗਈ ਹੈ। ਇਸ ਨੂੰ ਮੁੱਖ ਰਖਿਆ ਗਿਆ ਹੈ। ਸੰਸਕ੍ਰਿਤ ਦੇ ਇਕ ਸ਼ਲੋਕ ਰਾਹੀਂ ਵੀ ਇਹੀ ਦਸਿਆ ਗਿਆ ਹੈ-

"ਦੀਪੋ ਭਕਸ਼ਯਤੇ ਧਵਾਂਤ ਕਜਲੱਮ ਚ ਪ੍ਰਸੂਯਤੇ ਯਦੰਨ ਭਕਸ਼ੇਨਿੰਹਯਮ ਜਾਯਤੇ ਤਾ ਦ੍ਰਸ਼ੀ ਪ੍ਰਜਾ। ਜਿਸ ਤਰ੍ਹਾਂ ਦੀਵਾ ਹਨ੍ਹੇਰੇ ਨੂੰ ਦੂਰ ਕਰਕੇ ਕਜੱਲ ਬਣਾਉਂਦਾ ਹੈ, ਉਸੇ ਤਰ੍ਹਾਂ ਅਸੀਂ ਜਿਵੇਂ ਦਾ ਅੰਨ ਖਾਂਦੇ ਹਾਂ, ਉਵੇਂ ਦਾ ਹੀ ਇਨਸਾਨ ਦਾ ਮਨ ਬਣਦਾ ਹੈ।

ਅੰਨ ਹੀ ਸਾਡੇ ਸਰੀਰ ਦਾ ਆਧਾਰ ਹੈ। ਜੇਕਰ ਅੰਨ ਹੀ ਸਹੀ ਨਹੀਂ ਤੇ ਮਨ ਨੂੰ ਸਹੀ ਰਖਣਾ ਤੇ ਸਰੀਰ ਨੂੰ ਨਿਰੋਗ ਰੱਖਣਾ ਸੰਭਵ ਨਹੀਂ ਹੈ। ਬਦਲਦੀ ਦੁਨੀਆ ਦੇ ਬਦਲਦੇ ਰੰਗ ਵਿੱਚ ਪਛੱਮ ਦੀ ਚਲਦੀ ਹਵਾ ਵਿਚ ਜਿੱਥੇ ਸਾਡੇ ਰਹਿਣ ਸਹਿਣ ਦਾ ਤਰੀਕਾ ਬਦਲ ਗਿਆ ਹੈ, ਉਥੇ ਹੀ ਸਾਡੇ ਖਾਣ ਪੀਣ ਦਾ ਤਰੀਕਾ ਵੀ ਬਦਲ ਰਿਹਾ ਹੈ। ਅਜਕਲ ਦੀਆਂ ਵਧਦੀਆਂ ਆਧੁਨਿਕ ਬੀਮਾਰੀਆਂ ਦਾ ਜਿਵੇਂ ਦਿਲ ਦੇ ਰੋਗ, ਮੋਟਾਪਾ, ਸ਼ੂਗਰ, ਥਾਈਰਾਇਡ, ਐਲਜ਼ਾਈਮਰ ਹੱਥ ਕੰਬਣੇ ਤੇ ਦਿਮਾਗੀ ਕਮਜ਼ੋਰੀ ਦਾ ਮੁੱਖ ਕਾਰਣ ਸਾਡਾ ਗਲਤ ਖਾਣ ਪੀਣ ਹੀ ਹੈ। ਆਉ ਜਾਣੀਏ ਅੰਨ ਤੇ ਮਨ ਦਾ ਕੀ ਸੰਬੰਧ ਹੈ।

ਆਧੁਨਿਕ ਸਾਈਂਸ ਦੇ ਮੁਤਾਬਿਕ ਸਾਡੇ ਦਿਮਾਗ ਕੰਮ ਕਰਨ ਵਾਲੇ ਵੱਖਰੇ ਵੱਖਰੇ ਨਿਊਰੋਟਰਾਂਮਮਿੱਟਰ ਪਾਏ ਜਾਂਦੇ ਹਨ ਜੋ ਸਾਡੀ ਮਨੋਦਸ਼ਾ ਰਵਈਆ ਅਤੇ ਕਿਰਿਆਵਾਂ ਨੂੰ ਕਾਬੂ ਕਰਦੇ ਹਨ। ਜਿਵੇਂ ਕਿ ਵੱਖੋ ਵੱਖ ਨਿਊਰੋਟਰਾਂਸ ਮਿੱਟਰ ਵੱਖਰੇ-ਵੱਖਰੇ ਮੂਡ ਨੂੰ ਕਾਬੂ ਕਰਦੇ ਹਨ।

ਨਿਊਰੋਟਰਾਂਸ ਮਿੱਟਰ:- ਮੁਖ ਰੂਪ ਵਿੱਚ ਤਿੰਨ ਤਰ੍ਹਾਂ ਦੇ ਹੁੰਦੇ ਹਨ।

1) ਪਹਿਲੇ ਜੋ ਅਮੀਨੋ ਐਸਿਡ (Amino acid) ਦੇ ਬਣੇ ਹੁੰਦੇ ਹਨ ਜਿਵੇਂ ਗਲੂਟਾਮਿਨ(, ਗਲਾਈਸ਼ਿਨ

2) ਦੂਸਰੇ ਜੋ ਮੋਨੋਅਮੀਨਸ ਦੇ ਬਣੇ ਹੁੰਦੇ ਹਨ ਜਿਵੇਂ ਸੀਰਾਟੋਨਿਨ (seratonin) ਹਿਸਟਾਮਿਨ (Histamin) ਡੋਪਾਮਿਨ (dopamin), ਐਪਿਨੈਫਰੀਨ (epinephrine) ਨੋਰਐਪਿਨੈਫਰੀਨ (norepinephrine)

3) ਤੀਸਰੇ ਪੈਪਟਾਈਡ (peptides) ਇਸ ਵਿਚ ਔਪਿਅਇਡ (oprioids) ਐਂਡੋਫਿਨ (endophine) ਆਉਂਦੇ ਹਨ।

ਇਨ੍ਹਾਂ ਵਿਚੋਂ ਜੋ ਮੁਖ ਰੂਪ ਵਿਚ ਸਾਡੀਆਂ ਭਾਵਨਾਵਾਂ, ਧਿਆਨ, ਇਕਾਗਰਤਾ, ਸਮਾਜਿਕ ਵਤੀਰਾ, ਮਨੋਦਸ਼ਾ ਨੂੰ ਕਾਬੂ ਕਰਦੇ ਹਨ ਉਹ ਸੀਰੋਟੋਨਿਨ, ਡੋਪਾਮਿਨ, ਐਪਿਨੇਫਰਿਨ ਤੇ ਨੋਰਐਪਿਨੈਫਰੀਨ ਹਨ।

ਸੀਰੋਟੋਨਿਨ (serotonin) ਇਸ ਨੂੰ ਹੈਪੀਨੈਸ ਹੋਰਮੋਨ (Happiness Harmone) ਵੀ ਕਹਿੰਦੇ ਹਨ। ਇਸ ਦਾ ਮੁੱਖ ਕੰਮ ਹੈ, ਆਲੇ ਦੁਆਲੇ ਦੇ ਤਣਾਅ ਤੋਂ ਮੁਕਤ ਕਰਨਾ, ਸਮਾਜਿਕ ਵਤੀਰਾ, ਭੁੱਖ ਤੇ ਯਾਦ ਸ਼ਕਤੀ ਨੂੰ ਠੀਕ ਰੱਖਣਾ। ਅਕਸਰ ਇਹ ਦੇਖਿਆ ਗਿਆ ਹੈ ਕਿ ਜਿਨ੍ਹਾਂ ਮਨੁੱਖਾਂ ਨੂੰ ਡਿਪਰੈਸ਼ਨ ਅਰਥਾਤ ਉਦਾਸੀ ਹੁੰਦੀ ਹੈ, ਉਨ੍ਹਾਂ ਵਿਚ ਸੀਰੋਟੋਨਿਨ ਦੀ ਮਾਤਰਾ ਵਧੇਰੇ ਘਟ ਹੁੰਦੀ ਹੈ। ਸੀਰੋਟੋਨਿਨ ਬਲੱਡ ਬਰੇਨ ਬੈਰੀਅਰ (Blood brain barrier) ਨੂੰ ਪਾਰ ਨਹੀਂ ਕਰਦਾ ਪਰ ਇਸ ਦਾ Precursor (ਜਿਸ ਤੋਂ ਇਹ ਬਣਦਾ ਹੈ) ਬਲੱਡ ਬਰੇਨ ਬੈਰੀਅਰ ਨੂੰ ਪਾਰ ਕਰ ਜਾਂਦਾ ਹੈ ਅਤੇ ਦਿਮਾਗ ਵਿਚ ਇਸ ਦੀ (ਸੀਰੋਟੋਨਿਨ) ਦੀ ਮਾਤਰਾ ਨੂੰ ਵਧਾਅ ਕੇ ਮਨੁੱਖ ਨੂੰ ਡਿਪਰੈਸ਼ਨ ਵਿਚੋਂ ਬਾਹਰ ਲੈ ਆਉਂਦਾ ਹੈ। ਅਨਾਜ, ਸਾਬੁਤ ਦਾਲਾਂ, ਰੰਗਦਾਰ ਤੇ ਹਰੀਆਂ ਸਬਜ਼ੀਆਂ, ਵੱਖਰੇ-ਵੱਖਰੇ ਫਲ, ਸੁੱਕੇ ਮੇਵੇ (ਬਦਾਮ, ਅਖਰੋਟ, ਮਗਜ ਤੇ ਖਸਖਸ ਆਦਿ), ਦੁੱਧ ਪਨੀਰ, ਲੱਸੀ, ਪ੍ਰੋਟੀਨ ਵਾਲੀ ਖੁਰਾਕ ਨਾਲ ਸੀਰੋਨੋਨਿਨ ਦੀ ਮਾਤਰਾ ਨੂੰ ਠੀਕ ਰੱਖਿਆ ਜਾ ਸਕਦਾ ਹੈ। ਇਹ ਸਭ ਚੀਜਾਂ ਮਨ ਨੂੰ ਖੁਸ਼ ਸੰਤੁਸ਼ਟ ਅਤੇ ਤੰਦਰੁਸਤ ਰੱਖਦੀਆਂ ਹਨ। ਹੈਰਾਨੀਜਨਕ ਗੱਲ ਹੈ ਕਿ ਅੱਜ ਦਾ ਵਿਗਿਆਨ ਇਸ

ਹਕੀਕਤ ਤੋਂ ਅੱਜ ਜਾਣੂ ਹੋ ਰਿਹਾ ਹੈ, ਜਦਕਿ ਸਾਡੇ ਆਯੁਰਵੇਦ ਵਿਚ ਇਸ ਦਾ ਆਲੇਖ ਪਹਿਲਾਂ ਤੋਂ ਹੀ ਮਿਲਦਾ ਹੈ।

ਡੋਪਾਮੀਨ (Dopamine) ਇਸ ਨੂੰ ਫੀਲ ਗੁਡ ਹਾਰਮੋਨ (Feel good hormone) ਵੀ ਆਖਦੇ ਹਨ। ਇਸਦਾ ਕੰਮ ਚਾਲ ਨੂੰ ਨਿਯਮਿਤ ਕਰਨਾ, ਧਿਆਨ ਕੇਂਦਰਿਤ ਕਰਨਾ, ਜਨਨ ਸ਼ਕਤੀ ਨੂੰ ਵਧਾਉਣਾ, ਸ਼ਿਲਪਕਾਰੀ, ਚਿੱਤਰਕਾਰੀ ਨੂੰ ਉਜਾਗਰ ਕਰਨਾ ਤੇ ਤਣਾਅ ਨੂੰ ਘਟਾਉਣਾ ਹੈ। ਇਸ ਦਾ Precursor (ਜਿਸ ਤੋਂ ਇਹ ਬਣਦਾ ਹੈ) ਟਾਇਰੋਸਿਨ (Tyrosine) ਹੈ। ਇਹ ਵੱਖ ਵੱਖ ਨਿਊਰੋ ਐਂਡੋਕਰਾਈਨ (Neuro endocrine secretion) ਰਸਾਂ ਨੂੰ ਵੀ ਕਾਬੂ ਕਰਦਾ ਹੈ।

ਟਾਇਰੋਸਿਨ (Tyrosine) ਦੀ ਮਾਤਰਾ ਬਦਾਮ, ਕੇਲਾ, ਚਾਕਲੇਟ, ਗਰੀਨ ਟੀ, ਸੰਗੀਤ ਤੇ ਧਿਆਨ (Meditation) ਨਾਲ ਵਧਦੀ ਹੈ। ਆਯੁਰਵੇਦ ਵਿਚ ਵੀ ਧਿਆਨ ਅਤੇ ਯੋਗ ਨਾਲ ਮਨ ਨੂੰ ਸ਼ਾਂਤ ਰੱਖਣ ਤੇ ਮਾਨਸਿਕ ਸ਼ਕਤੀ ਵਧਾਉਣ ਦੇ ਕਈ ਵਿਵਰਣ ਮਿਲਦੇ ਹਨ। ਡੋਪਾਮਿਨ ਦੀ ਘਾਟ ਡਿਪਰੈਸ਼ਨ, ਸਮਾਜਿਕ ਡਰ ਪਾਰਕਿੰਨਸਨ ਦੀ ਬੀਮਾਰੀ ਲਈ ਜਿੰਮੇਵਾਰ ਹੈ ਅਤੇ ਵਧੇਰੇ ਡੋਪਾਮਿਨ ਕਈ ਮਾਨਸਿਕ ਅਤੇ ਅੱਖਾਂ ਦੇ ਰੋਗਾਂ ਲਈ ਜਿੰਮੇਂਵਾਰ ਹੈ।

ਐਪਿਨੈਫਰੀਨ/ਨੌਰਐਪਿਨੈਫਰੀਨ (Epinephrine/Norepinephrine):- ਇਨ੍ਹਾਂ ਨੂੰ ਤਣਾਅ ਵਾਲਾ ਹਾਰਮੋਨ (stress harmone) ਵੀ ਆਖਦੇ ਹਨ। ਫਾਈਟ ਜਾਂ ਫਲਾਈਟ (Fight or flight response) ਰਿਸਪੌਂਸ ਨੂੰ ਪੈਦਾ ਕਰਦੇ ਹਨ। ਇਹ ਸਾਨੂੰ ਕਿਸੇ ਵੀ ਮੁਸੀਬਤ ਜਾਂ ਆਪਾਤਕਾਲੀਨ ਹਾਲਾਤ ਵਿਚ ਮੁਕਾਬਲਾ ਕਰਨ ਲਈ ਤਿਆਰ ਕਰਦੇ ਹਨ।

ਨੌਰਐਪਿਨਫੇਰੀਨ ਡਿਪਰੈਸ਼ਨ, ਉਤਸੁਕਤਾ, ਨਸਾਂ ਦੀ ਦਰਦ, ਪੁਰਾਣੀ ਦਰਦ ਨੂੰ ਦੂਰ ਕਰਨ ਵਿਚ ਲਾਭਦਾਇਕ ਸਿੱਧ ਹੋਇਆ ਹੈ। ਇਸ ਦੀ ਘਾਟ ਡਿਪਰੈਸ਼ਨ, ਸਾਵਧਾਨੀ ਨਾ ਹੋਣਾ ਜਾਂ ਘਟਨਾ ਅਤੇ ਘਟ ਉਤਸੁਕਤਾ ਲਈ ਜਿੰਮੇਂਵਾਰ ਪਾਈ ਗਈ ਹੈ। ਅੱਜਕਲ ਦੀ ਗਲਤ ਜੀਵਨ ਜਾਚ ਅਤੇ ਗਲਤ ਖਾਣ ਪੀਣ ਨਾਲ ਜਿਵੇਂ ਕਿ ਫਾਸਟ ਫੂਡ, ਜੰਕ ਫੂਡ, ਮਾਸਾਹਾਰੀ ਖਾਣਾ ਅਤੇ ਜ਼ਿਆਦਾ ਕੈਲੋਰੀ ਵਾਲਾ ਖਾਣਾ ਤੇ ਵਧਦੇ ਤਣਾਅ ਕਰਕੇ ਸਾਡੇ ਦਿਮਾਗ ਵਿਚ ਇਨ੍ਹਾਂ ਨਿਊਰੋਟਰਾਂਸਮਿਟਰ ਦਾ ਸੰਤੁਲਨ ਵਿਗੜ ਜਾਂਦਾ ਹੈ, ਜਿਸ ਕਰਕੇ ਅੱਜਕਲ ਬੱਚਿਆਂ ਤੇ ਵੱਡਿਆਂ ਵਿਚ ਗਲਤ ਵਤੀਰਾ, ਡਰ, ਉਤਸੁਕਤਾ, ਇਕੱਲਾਪਣ, ਅਸੁਰੱਖਿਆ ਦੇ ਭਾਵ, ਉਦਾਸੀ, ਖੁਦਕੁਸ਼ੀ ਦੀ ਵਧਦੀ ਗਿਣਤੀ ਨੂੰ ਵੇਖਿਆ ਜਾ ਰਿਹਾ ਹੈ।

ਇਸੇ ਦਾ ਹੀ ਲਾਭ ਚੁੱਕ ਕੇ ਇੰਟਰਨੈੱਟ 'ਤੇ 'ਬਲੂ ਵੇਲ੍ਹ' ਵਰਗੀ ਗੇਮ ਦੇ ਰਾਹੀਂ ਬੱਚਿਆਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਨੂੰ ਮੌਤ ਦੇ ਮੂੰਹ ਵਿਚ ਧਕੇਲਿਆ ਜਾ ਰਿਹਾ ਹੈ। ਜੇਕਰ ਅਸੀਂ ਆਪ ਹੀ ਇਸ ਤੱਥ ਤੋਂ ਜਾਣੂੰ ਨਹੀਂ ਹੋਵਾਂਗੇ ਤਾਂ ਆਪਣੇ ਬੱਚਿਆਂ ਤੇ ਆਉਣ ਵਾਲੀ ਪੀੜ੍ਹੀ ਨੂੰ ਕਿਸ ਤਰ੍ਹਾਂ ਇਸ ਵਿਨਾਸ਼ ਤੋਂ ਬਚਾਅ ਸਕਦੇ ਹਾਂ। ਇਸ ਲਈ ਅੱਜ ਤੋਂ ਸਾਡਾ ਇਕੋ ਮਕਸਦ ਹੋਣਾ ਚਾਹੀਦਾ ਹੈ-

ਸਹੀ ਖਾਓ ਅੰਨ ਤੇ ਤੰਦਰੁਸਤ ਰੱਖੋ ਤਨ ਤੇ ਮਨ

***

ਸਹਾਇਤਾ

ਨਾਮਧਾਰੀ ਸਿੱਖ ਸੰਗਤ ਸਾਊਥਹਾਲ ਯੂ.ਕੇ. ਵਰਿਆਮ ਦੀ ਚੜ੍ਹਦੀ ਕਲਾ ਵਾਸਤੇ	50 ਪੌਂਡ
ਮਨਜੀਤ ਸਿੰਘ ਭੁੱਲਰ ਯੂ.ਕੇ. ਵਰਿਆਮ ਦੀ ਚੜ੍ਹਦੀ ਕਲਾ ਵਾਸਤੇ (ਅਜੀਤ ਸਿੰਘ ਰਾਹੀਂ)	10 ਪੌਂਡ
ਸਹਾਇਤਾ ਵਰਿਆਮ ਦੀ ਚੜ੍ਹਦੀ ਕਲਾ ਵਾਸਤੇ ਸ. ਸੁਵਰਨ ਸਿੰਘ ਵਿਰਕ ਰਾਹੀਂ	1100 ਰੁਪਏ
ਮਾਸਟਰ ਅਮਰੀਕ ਸਿੰਘ	500 ਰੁਪਏ
ਸਾਧੂ ਸਿੰਘ ਸਿੰਘ ਕਿਸਾਨ (ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ 'ਚ)	250 ਰੁਪਏ
ਸੰਤ ਮੋਹਨ ਸਿੰਘ ਉਸਾਹਨ ਜਲੰਧਰ	500 ਰੁਪਏ
ਕਰਨੈਲ ਸਿੰਘ ਅਸਪਾਲ (ਵਰਿਆਮ ਦੀ ਚੜ੍ਹਦੀ ਕਲਾ ਵਾਸਤੇ)	200 ਰੁਪਏ

ਖ਼ਬਰਨਾਮਾ

ਸਾਊਥਾਲ ਵਿਚ ਇਤਿਹਾਸ ਸਿਰਜਿਆ



੧੨ ਅਗਸਤ ਸਾਊਥਾਲ ਯੂਕੇ - ਅੱਜ ਸ਼ਾਮ ਹਫਤਾਵਰੀ ਦੀਵਾਨ ਵਿਚ ਸੂਬਾ ਕੁਲਦੀਪ ਸਿੰਘ ਚਾਨਾ ਨੇ ਕਿਹਾ, " ੧੧ ਸਾਲਾ ਅਰਜਨ ਤਾਰਾ ਸਿੰਘ ਨੇ ਇਤਿਹਾਸ ਸਿਰਜ ਦਿੱਤਾ, ਜਦੋਂ ਇਸ ਨੇ ਨੌਵੇਂ ਮਹੱਲੇ ਦੇ ਸਲੋਕ ਪੜ੍ਹ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਇਆ। ਇਸ ਤੋਂ ਪਹਿਲਾਂ ਇਨੀ ਛੋਟੀ ਉਮਰ ਦੇ ਕਿਸੇ ਯੂਕੇ ਜੰਮਪਲ ਨੇ ਐਸਾ ਨਹੀਂ ਕੀਤਾ"। ਇਸ ਬਾਲਕ ਨੇ ਆਪਣੀ ਸ਼ਾਂਤ ਤੇ ਗੰਭੀਰ ਆਵਾਜ਼ ਵਿਚ ਪਾਠ ਦੇ ਭੋਗ ਦੀ ਅਗਵਾਈ ਕੀਤੀ ; ਔਖੇ ਉੱਚਾਰਣ ਵੀ ਬੜੀ ਸਹਿਜਤਾ ਨਾਲ ਵਗਦੇ ਮਹਿਸੂਸ ਹੋਏ। ਸੂਬਾ ਜੀ ਨੇ ਬੱਚੇ ਨੂੰ ਸ਼ਾਬਾਸ਼ੀ ਦਿੱਤੀ ਅਤੇ ਇਸਦੇ ਪਰਵਾਰ ਬਾਰੇ ਵੀ ਸੰਗਤ ਨਾਲ ਸ਼ਬਦ ਸਾਂਝੇ ਕੀਤੇ। ਅੱਜ ਦੇ ਪ੍ਰੋਗਰਾਮ ਨੂੰ ਸ਼ੁਰੂ ਕਰਨ ਦੀ ਅਰਦਾਸ ਇਸ ਬਾਲਕ ਦੇ ਛੋਟੇ ਭਰਾ, ੯ ਸਾਲਾ ਕ੍ਰਿਸ਼ਨ ਤਾਰਾ ਸਿੰਘ ਨੇ ਕੀਤੀ । ਇਹ ਦੋਨੋਂ ਬਾਲਕ ਉੱਘੇ ਵਿਦਿਆ ਸ਼ਾਸਤਰੀ ਅਤੇ ਲੇਖਕ ਸੰਤ ਤਾਰਾ ਸਿੰਘ ਅਨਜਾਣ ਅਤੇ ਬੀਬੀ ਜਸਪਾਲ ਕੌਰ ਦੇ ਪੋਤਰੇ ਹਨ।

ਪਾਠ ਦਾ ਭੋਗ ਇੱਕ ਘੰਟਾ ਨਾਮ ਸਿਮਰਨ ਦੌਰਾਨ ਪਾਇਆ ਗਿਆ। ਇਹ ਇਤਿਹਾਸਕ ਸਮਾਂ ਬਣ ਗਿਆ ਜਦੋਂ ੧੧ ਸਾਲ ੧੧ ਮਹੀਨੇ ੩ ਦਿਨ ਦੇ ਅਰਜਨ ਤਾਰਾ ਸਿੰਘ ਪਾਠ ਦਾ ਭੋਗ ਪਾਇਆ ਅਤੇ ਇਹ ਕੰਮ ਕਰਨ ਵਾਲਾ ਸਭ ਤੋਂ ਛੋਟਾ (ਯੂਕੇ ਜੰਮਪਲ) ਬਣਿਆ। ਉਪਰੰਤ ਉਸਤਾਦ ਹਰਭਜਨ ਸਿੰਘ ਨੇ ਮਨੋਹਰ ਕੀਰਤਨ ਨਾਲ ਸੰਗਤ ਨੂੰ ਨਿਹਾਲ ਕੀਤਾ। ਤਬਲੇ 'ਤੇ ਉਹਨਾਂ ਦਾ ਸਾਥ ਦੇ ਰਹੇ ਸਨ ਨੌਜਵਾਨ ਅਮਿਤੋਜ ਸਿੰਘ ਹੰਸਪਾਲ। ਉਸਤਾਦ ਜੀ ਨੇ ਸ਼ਬਦ ਪੜ੍ਹੇ -

ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਵਓ

ਅਤੇ

ਸਦਾ ਸਦਾ ਮਨ ਨਾਮੁ ਸਮਾਲਿ

ਪ੍ਰੋਗਰਾਮ ਦੀ ਸਮਾਪਤੀ ਸਮੇਂ ਅਜ਼ਾਦੀ ਦਿਹਾੜੇ ਅਤੇ ਜਨਮ-ਅਸ਼ਟਮੀ ਬਾਰੇ ਸੰਤ ਅਜੀਤ ਸਿੰਘ ਨੇ ਕੁਛ ਸ਼ਬਦ ਸਾਂਝੇ ਕੀਤੇ। ਉਹਨਾਂ ਗੁਰਬਾਣੀ ਦੀਆਂ ਤੁਕਾਂ ਜਿਹਨਾਂ ਵਿਚ ਸ੍ਰੀ ਕ੍ਰਿਸ਼ਨ ਲਈ ਭਗਵਾਨ ਤੇ ਵਾਹਿਗੁਰ ਸ਼ਬਦ ਵਰਤੇ ਹਨ ਨਾਲ ਆਪਣੀ ਗੱਲ ਰੱਖੀ।

ਬੀਬੀ ਕੰਵਲਜੀਤ ਕੌਰ ਚਾਨਾ ਮੀਤ ਪਰਧਾਨ ਨੇ ਸਟੇਜ ਸਕੱਤਰ ਦੀ ਜਿੰਮੇਵਾਰੀ ਬਖ਼ੂਬੀ ਨਿਭਾਈ। ਇਸ ਸਮੇਂ ਸਲੋਹ, ਮੇਡਨਹੈਡ ਅਤੇ ਵਿੰਬਲਡਨ ਗੁਰਦਵਾਰਿਆਂ ਦੇ ਨਾਲ ਨਾਲ ਵਿਸ਼ਕਰਮਾ ਸਭਾ ਦੇ ਕਾਰਕੁੰਨ ਵੀ ਹਾਜਰੀ ਭਰ ਰਹੇ ਸਨ।

ਇੰਟਰਨੈਟ (Youtube) 'ਤੇ ਸ਼ੁਧ ਗੁਰਬਾਣੀ ਪਾਠ

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਅਪਾਰ ਕਿਰਪਾ ਦੁਆਰਾ ਸ੍ਰੀ ਆਦਿ ਗੁਰੂ ਗਰੰਥ ਸਾਹਿਬ ਜੀ ਦਾ ਪੂਰਾ ਪਾਠ ਇੰਟਰਨੈਟ (Youtube) ਤੇ ਉਪਲਬਧ ਹੈ। ਇਸ ਰਾਹੀਂ ਅਸੀਂ ਮੂਲ ਪਾਠ ਸੁਣ ਵੀ ਸਕਦੇ ਹਾਂ ਅਤੇ ਪੜ੍ਹ ਵੀ ਸਕਦੇ ਹਾਂ। ਮੂਲ ਪਾਠ ਦਾ ਉੱਚਾਰਣ ਅਤੇ ਲਿਖਤੀ ਪਾਠ ਇਸ ਤਰ੍ਹਾਂ ਇਕ ਸੁਰ ਕੀਤਾ ਹੈ ਕਿ ਇਸ ਦੁਆਰਾ ਅਸੀਂ ਗੁਰਬਾਣੀ ਦਾ ਸਹੀ ਪਾਠ ਕਰਨਾ ਸਿੱਖ ਸਕਦੇ ਹਾਂ ਅਤੇ ਪਾਠ ਦਾ ਭਾਵ ਸਮਝਣਾ ਵੀ ਸੌਖਾ ਹੋਇਗਾ। ਇਹ ਸ਼ੁਧ, ਸਪੱਸ਼ਟ ਅਤੇ ਰਸ ਭਿੰਨਾ ਪਾਠ ਮਾਸਟਰ ਦਰਸ਼ਨ ਸਿੰਘ ਜੀ ਦੁਆਰਾ ਕੀਤਾ ਗਿਆ ਹੈ। ਇਹ ਸਾਰਾ ਪਾਠ ੫੬ ਹਿੱਸਿਆਂ ਵਿਚ ਹੈ। ਹਰ ਹਿੱਸਾ ਤਕਰੀਬਨ ੧ ਘੰਟੇ ਦਾ ਹੈ।

YouTube ਉੱਤੇ ਇਸ ਨੂੰ ਵੇਖਣ ਲਈ AGGSxx ਦੀ ਖੋਜ ਕਰੋ; ਜਿੱਥੇ xx 00 ਤੋਂ 56 ਤੱਕ ਹੈ। ਉਦਾਹਰਣ ਲਈ, ਜੇ ਆਪ ਨੇ ਪੰਜਵਾਂ ਹਿੱਸਾ ਵੇਖਣਾ ਹੈ ਤਾਂ ਆਪ

AGGS05 ਦੀ ਖੋਜ ਕਰੋ। (Search for AGSS05)

ਨਾਮਧਾਰੀ ਨਿਤਨੇਮ ਦੀਆਂ ਬਾਣੀਆਂ ਵੀ YouTube ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਨ੍ਹਾਂ ਬਾਣੀਆਂ ਵਾਸਤੇ Youtube ਤੇ ਜਾ ਕੇ Namdhari Nitnem ਦੀ ਖੋਜ ਕਰੋ। ਹੇਠ ਲਿਖੀਆਂ ਬਾਣੀਆਂ ਇਸ ਸਮੇਂ ਤਿਆਰ ਹਨ

੧. ਰਹਿਤਨਾਮਾ ਪਾ: ੧੨
੨. ਜਪੁਜੀ ਸਾਹਿਬ
੩. ਸਬਦ ਹਜਾਰੇ
੪. ਜਾਪੁ ਸਹਿਬ
੫. ਸਬਦ ਹਜਾਰੇ ਪਾ: ੧੦
੬. ਚੰਡੀ ਦੀ ਵਾਰ
੭. ਉਗਰਦੰਤੀ
੮. ਅਨੰਦ ਸਾਹਿਬ
੯. ਰਹਿਰਾਸ ਸਾਹਿਬ
੧੦. ਚੌਪਈ ਸਾਹਿਬ
੧੧. ਕੀਰਤਨ ਸੋਹਿਲਾ
੧੨. ਸਵੈਯੇ ਪਾ: ੧੦
੧੩. ਬਾਰਾਮਾਹ
੧੪. ਸੁਖਮਨੀ ਸਾਹਿਬ
੧੫. ਆਸਾ ਦੀ ਵਾਰ (ਕੀਰਤਨੀ)
੧੬. ਬਸੰਤ ਕੀ ਵਾਰ
੧੭. ਰਾਮਕਲੀ ਸਦ
੧੮. ਅਕਾਲ ਉਸਤਤ
੧੯. ਚੰਡੀ ਚਰਿਤ੍ਰ ੨
੨੦. ਵਾਰ ਸਤੇ ਬਲਵੰਡ
੨੧. ਸਲੋਕ ਭਗਤ ਕਬੀਰ ਜੀ
੨੨. ਸਲੋਕ ਭਗਤ ਫਰੀਦ ਜੀ
੨੩. ਕਲਿਕੀ ਅਵਤਾਰ
੨੪. ਸ਼ਸਤ੍ਰ ਨਾਮ ਮਾਲਾ
੨੫. ਭੋਗ ਦੇ ਸਲੋਕ (ਪਾ: ੯)
੨੬. ਹਿਕਾਯਤ ਪਾ: ੧੦

ਸ਼ੁਧ, ਸਪੱਸ਼ਟ ਪਾਠ ਦੇ ਅਭਿਲਾਖੀਆਂ ਆਪਣੇ ਦੋਸਤਾਂ ਮਿੱਤਰਾਂ ਨੂੰ ਇਸ ਬਾਰੇ ਜਰੂਰ ਦੱਸੋ ਅਤੇ ਇਸ ਬਾਰੇ ਹੁੰਗਾਰਾ ਵੀ ਜਰੂਰ ਦੇਵੋ। ਇਨ੍ਹਾਂ ਤੋਂ ਇਲਾਵਾ ਹੋਰ ਬਾਣੀਆਂ ਵੀ ਛੇਤੀ ਹੀ ਇੰਟਰਨੈਟ (Youtube) ਤੇ ਪਾਈਆਂ ਜਾਣਗੀਆਂ। ਆਪ ਦੇ ਕੀਮਤੀ ਸੁਝਾਵਾਂ ਦੀ ਇੰਟਰਨੈਟ (Youtube) ਤੇ ਹੀ ਉਡੀਕ ਕਰਾਂਗੇ।

ਕਿਰਪਾਲ ਸਿੰਘ ਚਾਨਾ (ਯੂ. ਕੇ.)

ਮਾਤਾ ਭੁਪਿੰਦਰ ਕੌਰ ਜੀ ਦੇ ਪੇਕੇ ਪਿੰਡ ਗੁਰੂਸਰ (ਗੱਦਾਂਡੋਬ) ਵਿੱਚ ਪਹਿਲੀ ਵਾਰ ਸਮੂਹਿਕ ਜਪੁ ਪਯੋਗ

ਗੁਰੂਸਰ (ਗੱਦਾਂਡੋਬ): ਹਾਜਰਾ ਹਜੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਸਦਕਾ ਵੱਡ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਮਾਤਾ ਭੁਪਿੰਦਰ ਕੌਰ ਜੀ ਦੇ ਪੇਕੇ ਪਿੰਡ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਨਕੇ ਪਿੰਡ ਪਹਿਲੀ ਵਾਰ ਸਮੂਹਿਕ ਜਪੁ ਪ੍ਰਯੋਗਾਂ ਦਾ ਪ੍ਰਾਰੰਭ ਹੋਇਆ ਹੈ। ਜਿਸ ਸਥਾਨ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾਤਾ ਭੁਪਿੰਦਰ ਕੌਰ ਜੀ ਦਾ ਸ਼ੁੱਭ ਅਨੰਦ ਕਾਰਜ ਹੋਇਆ ਸੀ ਉਹ ਸਥਾਨ ਕਾਫੀ ਸਮੇਂ ਤੋਂ ਬੇਆਬਾਦ ਹੀ ਪਿਆ ਸੀ ਪਰ ਗੁਰੂ ਘਰ ਦੇ ਅਧਿਕਾਰ ਖੇਤਰ ਵਿੱਚ ਨਹੀਂ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਸ ਸਥਾਨ ਤੇ ਮਾਤਾ ਜੀ ਦੀ ਕੋਈ ਯਾਦਗਾਰ ਬਣਾਉਣਾ ਚਾਹੁੰਦੇ ਸਨ ਪਰ ਸਥਾਨ ਦੀ ਪ੍ਰਾਪਤੀ ਦੇ ਅਧਿਕਾਰ ਪ੍ਰਾਪਤ ਕਰਦਿਆਂ ਸਮਾਂ ਲੱਗ ਗਿਆ।

ਹਾਜਰਾ ਹਜੂਰ ਸਤਿਗੁਰੂ ਉਦੇ ਸਿੰਘ ਜੀ ਦੇ ਗੁਰਗੱਦੀ ਤੇ ਬਿਰਾਜਮਾਨ ਹੁੰਦਿਆਂ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਰੰਭੇ ਕਾਰਜਾਂ ਨੂੰ ਪੂਰਾ ਕਰਨ ਲਈ ਦਿਨ ਰਾਤ ਇਕ ਕਰਕੇ ਬਖਸ਼ਿਸ਼ਾਂ ਦੇ ਢੇਰ ਲਾ ਰਹੇ ਹਨ। ਗੁਰੂਸਰ ਵਾਲੇ ਇਸ ਸਥਾਨ ਤੇ ਘਾਹ, ਫੂਸ, ਸਰਕੜਾ ਅਤੇ ਨਦੀਨ ਉਗੇ ਹੋਏ ਸਨ। ਸ੍ਰੀ ਸਤਿਗੁਰੂ ਜੀ ਦੇ ਆਦੇਸ਼ਾਂ ਮੁਤਾਬਕ ਇਸ ਪਵਿੱਤਰ ਸਥਾਨ ਦੀ ਸਫਾਈ ਕਰਵਾਈ ਗਈ ਅਤੇ ਨਕਸ਼ਾ ਬਣਵਾ ਕੇ ਇਕ 40×70 ਫੁੱਟ ਦੇ ਹਾਲ, ਚੁਫੇਰੇ ਬਰਾਮਦੇ, ਰਿਹਾਇਸ਼ੀ ਕਮਰਿਆਂ, ਰਸੋਈ, ਇਸ਼ਨਾਨ ਘਰ ਆਦਿ ਦੀ ਉਸਾਰੀ ਕਰਵਾਈ ਗਈ। ਇਸ ਇਲਾਕੇ ਦੇ ਸੂਬਾ ਸਰਬਜੀਤ ਸਿੰਘ ਅਤੇ ਸੰਤ ਲੱਖਾ ਸਿੰਘ ਫਾਜ਼ਿਲਕਾ ਤਨ-ਮਨ ਨਾਲ ਦੇਖ ਰੇਖ ਅਤੇ ਸੇਵਾ ਕਰਦੇ ਰਹੇ।

ਉਸਾਰੀ ਹੋਈ ਯਾਦਗਾਰ ਉਪਰ ਪੁਰਾਣੀ ਨਿੱਕੀ ਇਟ ਚੜ੍ਹਾਈ ਜਾਣੀ ਸੀ। ਸਤਿਗੁਰੂ ਉਦੇ ਸਿੰਘ ਜੀ ਨੇ ਬਖਸ਼ਿਸ਼ਾਂ ਕਰਦਿਆਂ ਸੰਤ ਹਰਦੇਵ ਸਿੰਘ ਰਾਮਪੁਰਾ ਫੂਲ (ਸਪੁੱਤਰ ਸੂਬਾ ਸ਼ੋਘਾ ਸਿੰਘ) ਜੀ ਦੀ ਇਸ ਸੇਵਾ ਦੀ ਜਿੰਮੇਵਾਰੀ ਲਗਾਈ। ਸੰਤ ਹਰਦੇਵ ਸਿੰਘ ਜੀ ਨੇ ਦੁੱਲੇਵਾਲਾ ਅਤੇ ਰਾਮਪੁਰਾ ਫੂਲ ਤੋਂ ਮਾਹਰ ਮਿਸਤਰੀ ਲਗਾਕੇ ਅਤੇ ਹੱਥੀਂ ਸੇਵਾ ਕਰਕੇ ਕੰਮ ਸ਼ੁਰੂ ਕੀਤਾ। ਇਸ ਦੌਰਾਨ ਹੀ ਮਾਤਾ ਜੀ ਦੇ ਪਰਿਵਾਰ ਵਿੱਚੋਂ ਵੀ ਕੁੱਝ ਘਰ ਆਕੇ ਸੇਵਾ ਕਰਦੇ। ਦਿਨ ਦੇ ਕੰਮ ਕਾਰ ਤੋਂ ਬਾਅਦ ਸੰਤ ਹਰਦੇਵ ਸਿੰਘ ਨੇ ਇਸ ਸਥਾਨ ਤੇ ਰਾਤ ਨੂੰ ਪੁਰਾਤਨ ਗ੍ਰੰਥਾਂ ਦੀ ਕਥਾ ਅਰੰਭ ਕਰ

ਦਿੱਤੀ ਅਤੇ ਦੇਖੋ ਦੇਖੀ ਮਾਤਾ ਜੀ ਦੇ ਪਰਿਵਾਰ ਦੇ ਕਾਫੀ ਘਰ ਆਉਣ ਲੱਗੇ। ਇਕ ਦਿਨ ਸੰਤ ਹਰਦੇਵ ਸਿੰਘ ਜੀ ਨੇ ਸੂਬਾ ਸਰਬਜੀਤ ਸਿੰਘ ਅਤੇ ਪਿੰਡ ਵਾਸੀਆਂ ਨਾਲ ਗੱਲ ਕਰਕੇ ਯਾਦਗਾਰੀ ਹਾਲ ਵਿਚ ਦੁਪਹਿਰ ਦਾ ਇਕ ਘੰਟਾ ਨਾਮ ਸਿਮਰਨ ਰੱਖਿਆ। ਸਾਨੂੰ ਵੀ ਸੁਨੇਹਾਂ ਭੇਜਿਆ ਤਾਂ ਇਕ ਘੰਟੇ ਦੇ ਨਾਮ ਸਿਮਰਨ ਵਿੱਚ ਮਾਤਾ ਜੀ ਦੇ ਪਰਿਵਾਰ ਦੇ ਵੱਡੀ ਗਿਣਤੀ (ਅੰਦਾਜ਼ਨ-100) ਦੇ ਕ੍ਰੀਬ ਮੈਂਬਰ ਪਹੁੰਚੇ। ਪਰਿਵਾਰ ਨੇ ਉਥੇ ਲੰਗਰ ਵੀ ਤਿਆਰ ਕੀਤਾ ਅਤੇ ਸਾਧ ਸੰਗਤ ਨੂੰ ਛਕਾਇਆ। ਹੁਣ ਨਿੱਕੀ ਇੱਟ ਦਾ ਕੰਮ ਸੰਪੂਰਨ ਹੋ ਗਿਆ ਹੈ। ਹੁਣ ਹਾਲ ਵਿੱਚ ਪੱਥਰ ਲੱਗਣ ਤੋਂ ਬਾਅਦ ਕੰਧਾਂ ਉਪਰ ਪੱਥਰ ਅਤੇ ਪੀ.ਓ.ਪੀ ਦਾ ਕੰਮ ਚੱਲ ਰਿਹਾ ਹੈ। ਇਸ ਦੌਰਾਨ ਸੰਤ ਹਰਦੇਵ ਸਿੰਘ ਜੀ ਨੇ ਸਾਧ ਸੰਗਤ (ਮਾਤਾ ਜੀ ਦੇ ਪਰਿਵਾਰ) ਨਾਲ ਗੱਲਬਾਤ ਕਰਕੇ ਅੱਸੂ ਦੇ ਮਹੀਨੇ ਦਾ ਜਪੁ ਪ੍ਰਯੋਗ ਵੀ ਅਰੰਭ ਕਰ ਦਿੱਤਾ ਹੈ ਜਿਸ ਵਿੱਚ ਸਵੇਰੇ 4 ਤੋਂ 5 ਵਜੇ ਤੱਕ 30-40 ਸਿੰਘ ਅਤੇ ਬੀਬੀਆਂ ਸਮੂਹਿਕ ਤੌਰ ਤੇ ਬੈਠਕੇ ਨਾਮ ਸਿਮਰਨ ਕਰਦੇ ਹਨ।

ਇਕ ਦਿਨ ਜਦੋਂ ਮੈਂ ਅਤੇ ਧਰਮ ਸਿੰਘ ਉਥੇ ਗਏ ਅਤੇ ਮਾਤਾ ਜੀ ਦੇ ਪਰਿਵਾਰ ਦੇ ਬਜ਼ੁਰਗ ਮੈਂਬਰ ਹਰੀ ਸਿੰਘ ਅਤੇ ਹੋਰਾਂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਕਿ ਅਸੀਂ ਤਾਂ ਭੁੱਲ ਹੀ ਚੁੱਕੇ ਸਾਂ ਨਾਮ ਸਿਮਰਨ ਕੀ ਹੁੰਦਾ ਹੈ! ਸਾਨੂੰ ਤਾਂ ਮਾਲਾ ਫੜਨੀ ਵੀ ਭੁੱਲ ਗਈ ਸੀ ਇਹ ਸਭ ਸਤਿਗੁਰੂ ਉਦੇ ਸਿੰਘ ਜੀ ਦੀ ਕ੍ਰਿਪਾ ਹੈ ਜਿਨ੍ਹਾਂ ਰਾਮਪੁਰੇ ਵਾਲੇ ਬਾਬਾ ਜੀ (ਸੰਤ ਹਰਦੇਵ ਸਿੰਘ) ਨੂੰ ਭੇਜਕੇ ਸਾਨੂੰ ਆਪਣੇ ਚਰਨਾਂ ਨਾਲ ਜੋੜ ਲਿਆ ਹੈ।


ਇਕ ਅਕਤੂਬਰ ਦੇ ਜਪੁ ਪ੍ਰਯੋਗ ਦੀ ਅਰਦਾਸ ਤੋਂ ਬਾਅਦ ਮਾਤਾ ਜੀ ਦਾ ਪਰਿਵਾਰ, ਸੰਤ ਹਰਦੇਵ ਸਿੰਘ ਅਤੇ ਸੂਬਾ ਸਰਬਜੀਤ ਸਿੰਘ ਜੀ ਪੂਰੀ ਬੱਸ ਭਰਕੇ ਭੈਣੀ ਸਾਹਿਬ ਦਰਸ਼ਨ ਕਰਨ ਆਏ। ਸਾਰੇ ਪਰਿਵਾਰ ਨੂੰ ਸਤਿਗੁਰੂ ਜੀ ਨੇ ਕੋਠੀ ਵਿੱਚ ਬੁਲਾਇਆ ਪਰਿਵਾਰ ਨਾਲ ਬਚਨ ਬਿਲਾਸ ਕੀਤੇ। ਇਕੱਲੇ-ਇਕੱਲੇ ਨੂੰ ਸੁੱਖ ਸਾਂਦ ਪੁੱਛੀ। ਪਰਿਵਾਰ ਨੇ ਸੂਬਾ ਜੀ ਅਤੇ ਸੰਤ ਹਰਦੇਵ ਸਿੰਘ ਜੀ ਨੇ ਉਥੇ ਅਨੰਦ ਕਾਰਜ ਸਥਾਨ ਤੇ ਮੇਲੇ ਦੀ ਮੰਗ ਕੀਤੀ ਤਾਂ ਸਤਿਗੁਰੂ ਜੀ ਨੇ ਬਖਸ਼ਿਸ਼ਾਂ ਕਰਦਿਆਂ ਫੁਰਮਾਇਆ ਕਿ ਕੰਮ ਪੂਰਾ ਕਰ ਲਉ ਫਿਰ ਵੱਡਾ ਮੇਲਾ ਕਰਾਂਗੇ। ਸੰਤ ਹਰਦੇਵ ਸਿੰਘ ਜੀ ਤੋਂ ਕੰਮ ਬਾਰੇ ਪੁੱਛਿਆ ਕਿ ਕਿੰਨਾ ਕੁ ਰਹਿੰਦਾ ਹੈ? ਕਿੰਨੇ ਕੁ ਸਮੇਂ ਵਿੱਚ ਹੋ ਜਾਵੇਗਾ? । ਸਤਿਗੁਰੂ ਜੀ ਨੇ ਬਖਸ਼ਿਸ਼ਾਂ ਦੇ ਢੇਰ ਲਗਾ ਦਿੱਤੇ। ਭੈਣੀ ਸਾਹਿਬ ਦਾ ਦਰਸ਼ਨ ਮੇਲਾ ਕਰਕੇ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਪਰਿਵਾਰ ਫੁਲਿਆ ਨਹੀਂ ਸਮਾ ਰਿਹਾ ਸੀ।

- ਡਾ. ਲਖਵੀਰ ਸਿੰਘ
ਰਾਮਪੁਰਾ ਫੂਲ (ਬਠਿੰਡਾ)
ਮੋ- 98768-50680

ਕਵੀ ਸਭਾ ਦੀ ਮੀਟਿੰਗ ਹੋਈ

ਲੁਧਿਆਣਾ:- ਵਿਸ਼ਵ ਪੰਜਾਬੀ ਕਵੀ ਸਭਾ ਦੀ ਮਾਸਿਕ ਇਕੱਤ੍ਰਤਾ ਸ਼੍ਰੀ. ਸੰਜੇ ਵਸ਼ਿਸ਼ਟ ਐਡਵੋਕੇਟ ਦੇ ਗਹਿ ਸੰਤੋਖ ਨਗਰ (ਨਜਦੀਕ ਜਲੰਧਰ ਬਾਈਪਾਸ) ਵਿਖੇ ਸਭਾ ਦੇ ਪ੍ਰਧਾਨ ਸ. ਜੋਗਿੰਦਰ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਇੱਕ ਦਰਜਨ ਕਵੀਆਂ ਨੇ ਸ਼ਿਰਕਤ ਕੀਤੀ। ਕਵੀ ਸਭਾ ਵੱਲੋਂ ਹਰ ਮਹੀਨੇ ਮੀਟਿੰਗ ਕਰਨ ਅਤੇ 52 ਕਵੀਆਂ ਦੀ ਇੱਕ ਸਾਂਝੀ ਕਾਵਿ-ਪੁਸਤਕ ਦੇ ਪ੍ਰਕਾਸ਼ਨ ਬਾਰੇ ਵਿਚਾਰਾਂ ਹੋਇਆ। ਉਪਰੰਤ ਹਾਜਰ ਕਵੀਆਂ ਸਰਵ ਸ਼੍ਰੀ. ਸੰਪੂਰਨ ਸਿੰਘ ਸਨਮ, ਰਜਿੰਦਰ ਨਾਥ ਸ਼ਰਮਾ, ਸੁਰਿੰਦਰਪ੍ਰੀਤ ਸਿੰਘ ਕਾਂਉਂਕੇ, ਗੁਰਦੀਪ ਸਿੰਘ ਮੱਕੜ, ਰਮਜੀਤ ਸਿੰਘ ਖਾਲਸਾ, ਗੁਰਵਿੰਦਰ ਸਿੰਘ ਸ਼ੇਰਗਿੱਲ, ਗੁਰਨਾਮ ਸਿੰਘ ਕੋਮਲ, ਐਡਵੋਕੇਟ ਦਰਸ਼ਨ ਸਿੰਘ ਰਾਏ, ਐਡਵੋਕੇਟ ਕਿਰਪਾਲ ਸਿੰਘ ਕਾਲੜਾ, ਅਤੇ ਜੋਗਿੰਦਰ ਸਿੰਘ ਕੰਗ ਇਤਿਆਦਕ ਨਾਮਵਰ ਕਵੀਆਂ ਨੇ ਆਪਣੀਆਂ ਸਮਾਜਿਕ/ਧਾਰਿਮਕ ਕਵਿਤਾਵਾਂ ਅਤੇ ਗੀਤਾਂ ਦੁਆਰਾ ਖੂਬ ਰੰਗ ਬੰਨਿਆ। ਮੰਚ ਦਾ ਸੰਚਾਲਨ ਐਡਵੋਕੇਟ ਕਿਰਪਾਲ ਸਿੰਘ ਕਾਲੜਾ ਨੇ ਬਾਖੂਬੀ ਨਿਭਾਇਆ। ਇਸ ਮੌਕੇ ਐਡਵੋਕੇਟ ਸੰਜੇ ਵਸ਼ਿਸ਼ਟ ਨੇ ਆਏ ਕਵੀਆਂ ਨੂੰ ਜੀ ਆਇਆਂ ਕਿਹਾ। ਐਡਵੋਕੇਟ ਰਾਜ ਕੁਮਾਰ ਸੂਦਨ ਨੇ ਸਾਰੇ ਕਵੀਆਂ ਅਤੇ ਹਾਜ਼ਰ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਕਵੀ ਦਰਬਾਰ ਵਿੱਚ ਐਡਵੋਕੇਟ ਮੁਖ਼ਤਿਆਰ ਸਿੰਘ ਮਾਨ, ਐਡਵੋਕੇਟ ਮਨਜੀਤ ਸਿੰਘ ਅਰੋੜਾ, ਐਡਵੋਕੇਟ ਸਵਰਾਜ ਸੂਦਨ ਅਤੇ ਸ. ਪ੍ਰਿਤਪਾਲ ਸਿੰਘ ਪਾਲੀ ਵੀ ਹਾਜ਼ਰ ਸਨ।

ਕਿਰਪਾਲ ਸਿੰਘ ਕਾਲੜਾ (ਐਡਵੋਕੇਟ)
(ਜਨਰਲ ਸਕੱਤਰ)


PROMINENT ELECTRIC WORKS
KARNAIL SINGH
PROPRIETOR
ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।
ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ
੯੮ਵੇਂ ਪਾਵਨ ਪ੍ਰਕਾਸ਼ ਪੁਰਬ ਦੀ ਸਮੂਹ ਪ੍ਰਭੂ ਭਗਤਾਂ, ਮਨੁੱਖਤਾ ਅਤੇ
ਗੁਰੂ ਨਾਨਕ ਨਾਮ ਲੇਵਾ ਸੰਸਾਰ ਨੂੰ
ਲੱਖ ਲੱਖ ਵਧਾਈ
CLASS-I GOVERNMENT CONTRACTOR.
ELECTRICAL AND CIVIL ENGINEERS.
AND ORDER SUPPLIERS.
2205, CHUNA MANDI, PAHARGANJ, NEW DELHI- 110055.
MOBILE:- 9868142623, 9911286327, 9891220020, 9899934563


ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।
ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ
੯੮ਵੇਂ ਪਾਵਨ ਪ੍ਰਕਾਸ਼ ਪੁਰਬ ਦੀ ਸਮੂਹ ਪ੍ਰਭੂ ਭਗਤਾਂ, ਮਨੁੱਖਤਾ ਅਤੇ
ਗੁਰੂ ਨਾਨਕ ਨਾਮ ਲੇਵਾ ਸੰਸਾਰ ਨੂੰ
ਲੱਖ ਲੱਖ ਵਧਾਈ
KUKA ENTERPRISES
AVTAR SINGH
PROPRIETOR
ELECTRICAL AND CIVIL ENGINEERS,
ORDER SUPPLIERS
AND APPROVED CLASS-II-GOVT. CONTRACTORS
2205-XV, RAJGURU ROAD, CHUNA MANDI,
PAHARGANJ, NEW DELHI-110055.
MOBILE:- 9212644068, 9811804968, 9212644060



ਅਵਤਾਰ ਪੁਰਖ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ
੧੪ਵੇਂ ਪਾਵਨ ਪ੍ਰਕਾਸ਼ ਪੁਰਬ ਦੀ ਸਮੂਹ ਪ੍ਰਭੂ ਭਗਤਾਂ, ਮਨੁੱਖਤਾ ਅਤੇ
ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ

ਲੱਖ ਲੱਖ ਵਧਾਈ







(Rana) Tejwant Singh Saggu
Chairman



Gurbhej Singh Guraya
(General Secretary)

ਏ-110, ਸ਼ਿਵਾਜੀ ਵਿਹਾਰ (ਜਨਤਾ ਕਾਲੋਨੀ) ਰਾਜੌਰੀ ਗਾਰਡਨ, ਨਵੀਂ ਦਿੱਲੀ-110027
ਫੋਨ :9810216996, 9810139681, 011-25440038 ਈਮੇਲ : sardarnijaspalkaurtrust@gmail.com

ਸਰਦਾਰਨੀ ਜਸਪਾਲ ਕੌਰ ਟ੍ਰਸਟ (ਰਜਿ.) ਦਿੱਲੀ


ਏ-੧੧੦ ਸ਼ਿਵਾਜੀ ਵਿਹਾਰ (ਜਨਤਾ ਕਾਲੋਨੀ) ਰਾਜੌਰੀ ਗਾਰਡਨ, ਨਵੀਂ ਦਿੱਲੀ-੧੧੦੦੨੭
ਫੋਨ- 98102-16996, 98101-39681, 011-25440038
ਈ-ਮੇਲ : sardarnijaspalkaurtrust@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਸਰਬ ਕਲਾ ਸਮਰਥ ਸ੍ਰੀ ਸਤਿਗੁਰੂ
ਜਗਜੀਤ ਸਿੰਘ ਜੀ ਦੇ 98ਵੇਂ
ਪਾਵਨ ਪ੍ਰਕਾਸ਼ ਪੁਰਬ ਦੀਆਂ ਸਮੂਹ
ਸਿੱਖ, ਨਾਮਧਾਰੀ, ਪ੍ਰਭੂ ਭਗਤਾਂ ਅਤੇ
ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ

ਲੱਖ ਲੱਖ ਵਧਾਈਆਂ

ਕੋਟਿ ਕੋਟਿ ਪ੍ਰਣਾਮ





ਵਲੋਂ: ਪਰਵਾਰ ਜੱਥੇਦਾਰ ਸੰਤ ਨੱਥਾ ਸਿੰਘ ਜੀ
ਅਤੇ ਮਾਤਾ ਸਵਰਨ ਕੌਰ (ਜਲੰਧਰ)

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ
੧੮ਵੇਂ ਪਾਵਨ ਪ੍ਰਕਾਸ਼ ਪੁਰਬ ਦੀ ਸਮੂਹ ਪ੍ਰਭੂ ਭਗਤਾਂ, ਮਨੁੱਖਤਾ ਅਤੇ
ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ

ਲੱਖ ਲੱਖ ਵਧਾਈ





ਵਰਿਆਮ ਜੀ ਦੀ ਫੁਲਵਾੜੀ



ਸਤਿਗੁਰੂ ਦੀਨ ਦਿਆਲ ਜੀ,
ਬਖਸ਼ੋ ਨਾਮ ਅਧਾਰ।
ਚਰਨ ਕੰਵਲ ਦਾ ਆਸਰਾ
ਰਖਾਂ ਹਿਰਦੇ ਧਾਰ।
ਸੁਆਸ-ਸੁਆਸ ਨਿਭਦੀ ਰਹੇ,
ਚਰਨ-ਕੰਵਲ ਦੀ ਪ੍ਰੀਤ।
ਧੰਨ ਗੁਰੂ ਜਗਜੀਤ ਸਿੰਘ,
ਪਤਿਤੋਂ ਕਰੇ ਪੁਨੀਤ॥

-ਕਸੇਲ ਜੀ

P.O. Regd. No. PB/JL-016/2015-2017 **WARIAM** Ladowali Road, Jalandhar -144001
Regd. RNI No. 26453/75 **November :2017**

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਨਿਵਾਸ : 0181-2456289, ਮੋਬਾਇਲ- 98143-18720